ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਜੇਠ-ਹਾੜ, ਸੰਮਤ ਨਾਨਕਸ਼ਾਹੀ ੫੫੨ ਜੂਨ 2020

ਜਿਲਦ ੬੪ (Vol. 64) ਅੰਕ ੩ (Issue 3)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ : 0183-2553956-59 ਐਕਸ 304 ਫੈਕਸ : 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ : ਜੀਵਨ-ਝਾਤ | -ਸ. ਗੁਰਦੀਪ ਸਿੰਘ | ੧੦ |
| ਭਗਤ ਕਬੀਰ ਜੀ ਦੀ ਮਹਾਨਤਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੪ |
| ਗੁਰ ਸਿਖੀ ਦਾ ਕਰਮੁ ਏਹੁ... | -ਡਾ. ਰੂਪ ਸਿੰਘ | ੨੧ |
| ਗੁਰਬਾਣੀ ਵਿਆਖਿਆਕਾਰੀ . . . | -ਸ. ਅਜੈਪਾਲ ਸਿੰਘ | ੨੪ |
| ਲਾਸਾਨੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ | -ਪ੍ਰੋ. ਨਵ ਸੰਗੀਤ ਸਿੰਘ | ੩੦ |
| ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ . . . | -ਡਾ. ਗੁਰਵਿੰਦਰ ਕੌਰ | ੩੬ |
| ਗੁਰਸਿੱਖ ਦੇ ਜੀਵਨ ਵਿਚ ਅਰਦਾਸ ਦਾ ਮਹੱਤਵ | -ਡਾ. ਜਸਵੰਤ ਸਿੰਘ | ੫੦ |
| ਚੜ੍ਹਦੀ ਕਲਾ ਦਾ ਪ੍ਰਤੀਕ : ਕਰਤਾਰਪੁਰ ਸਾਹਿਬ | -ਡਾ. ਗੁਰਬਾਜ ਸਿੰਘ | ੫੪ |
| ਭਾਈ ਦਇਆ ਸਿੰਘ ਜੀ ਪਿਆਰਾ | -ਡਾ. ਹਰਪ੍ਰੀਤ ਕੌਰ | ੬੧ |
| 'ਪ੍ਰੇਮ ਸੁਮਾਰਗ' ਵਿਚ ਸ਼ਖ਼ਸੀ ਰਹਿਤ | -ਡਾ. ਤੇਜਿੰਦਰ ਪਾਲ ਸਿੰਘ | ੬੮ |
| ਫੌਜੀ ਹਮਲਾ ਜੂਨ ੧੯੮੪ : ਰਿਸਦਾ ਨਾਸੂਰ | -ਗਿਆਨੀ ਮੋਹਨ ਸਿੰਘ | ੭੬ |
| ਸਾਕਾ ਜਲਿਆਂਵਾਲਾ ਬਾਗ਼ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ | -ਸ. ਹਰਭਜਨ ਸਿੰਘ | ੮੨ |
| ਪਾਂਡੀ ਪਾਤਸ਼ਾਹ (ਕਵਿਤਾ) | -ਵਿਧਾਤਾ ਸਿੰਘ ਤੀਰ | ੯੧ |
| ਤੇਰੇ ਚਰਨਾਂ ਵਿਚ ਕਰਾਂ ਅਰਦਾਸ ਦਾਤਾ (ਕਵਿਤਾ) | -ਕਵੀਸ਼ਰ ਮਲਕੀਤ ਸਿੰਘ ਵਰਪਾਲ | ੯੪ |
| ਖ਼ਬਰਨਾਮਾ | | ੯੫ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

# ਗੁਰਬਾਣੀ ਵਿਚਾਰ

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੇ ਇਸ ਪਦੇ ਵਿਚ ਹਾੜ ਮਹੀਨੇ ਦੇ ਰੁੱਤ ਵਰਣਨ ਦੇ ਪ੍ਰਥਾਏ ਮਨੁੱਖੀ ਜੀਵ-ਇਸਤਰੀ ਨੂੰ ਸੰਸਾਰਕ ਖ਼ਾਹਿਸ਼ਾਂ ਦਾ ਦਿਲੋਂ ਤਿਆਗ ਕਰਦਿਆਂ ਪਰਮਾਤਮਾ ਦੀ ਸੱਚੀ-ਸੁੱਚੀ ਪ੍ਰੇਮਾ-ਭਗਤੀ ਦਾ ਗੁਰਮਤਿ ਮਾਰਗ ਦਰਸਾਉਂਦੇ ਹਨ। ਗੁਰੂ ਜੀ ਫੁਰਮਾਨ ਕਰਦੇ ਹਨ ਕਿ ਹਾੜ ਦਾ ਮਹੀਨਾ ਤਪਸ਼ ਵਾਲਾ ਉਸ ਜੀਵ ਨੂੰ ਲੱਗਦਾ ਹੈ, ਜਿਸ ਦੇ ਮਨ ਵਿਚ ਪਰਮਾਤਮਾ-ਪਤੀ ਦੀ ਸੁਹਾਵੀ ਯਾਦ ਵਾਸ ਨਹੀਂ ਕਰ ਰਹੀ। ਇਸ ਮਹੀਨੇ ਤਾਪ ਉਸ ਨੂੰ ਮਹਿਸੂਸ ਹੁੰਦਾ ਹੈ, ਜਿਸ ਨੇ ਜਗਤ 'ਤੇ ਜੀਵਨ ਦੇ ਮੂਲ ਆਧਾਰ ਸਰਬ-ਸ਼ਕਤੀਮਾਨ ਪਰਮਾਤਮਾ ਨੂੰ ਤਿਆਗ ਦਿੱਤਾ ਅਰਥਾਤ ਭੁਲਾ ਦਿੱਤਾ ਹੈ ਅਤੇ ਪਰਮਾਤਮਾ ਤੋਂ ਆਸ-ਉਮੀਦ ਨੂੰ ਫਲ ਲੱਗਣ ਦੀ ਤਵੱਕੋਂ ਛੱਡ ਕੇ ਬੰਦੇ ਵਾਲੀ ਆਸ ਰੱਖ ਲਈ ਹੈ। ਗੁਰੂ ਜੀ ਗੁਰਮਤਿ ਸਿਧਾਂਤ ਦੀ ਕਲਿਆਣਕਾਰੀ ਰਮਜ਼ ਬਖ਼ਸ਼ਿਸ਼ ਕਰਦੇ ਹਨ ਕਿ ਮਨੁੱਖ ਨੂੰ ਦੂਜੇ ਮਨੁੱਖਾਂ ਤੋਂ ਵਿਭਿੰਨ ਲੋੜਾਂ ਖ਼ਾਹਿਸ਼ਾਂ ਦੀ ਪੂਰਤੀ ਦੀ ਆਸ ਤਿਆਗ ਕੇ ਸਰਬ ਦਾਤਾਂ ਦੇ ਅਥਾਹ ਅਮੁੱਕ ਖ਼ਜ਼ਾਨੇ ਸਰਬ ਪ੍ਰਤਿਪਾਲਕ ਪਰਮਾਤਮਾ ਦੇ ਦਰ-ਘਰ ਤੋਂ ਹੀ ਆਸ ਕਰਨੀ ਚਾਹੀਦੀ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਪਰਮਾਤਮਾ ਨੂੰ ਛੱਡ ਕੇ ਕਿਸੇ ਦੂਸਰੇ, ਕਿਸੇ ਹੋਰ ਨਾਲ ਪਿਆਰ ਕਰਨ 'ਚ ਖੁਆਰੀ ਹੀ ਹੈ, ਜੋ ਮਨੁੱਖ ਦੇ ਗਲ਼ 'ਚ ਫਾਹੀ ਦੇ ਤੁਲ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਦਾ ਕੋਈ ਜੀਵ ਬੀਜ ਬੀਜਦਾ ਹੈ ਉਸ ਤਰ੍ਹਾਂ ਦੀ ਹੀ ਉਹ ਫ਼ਸਲ ਉਹ ਵੱਢਦਾ ਹੈ। ਚੰਗੇ ਜਾਂ ਮੰਦੇ ਕਰਮ ਨਾਲ ਇਨਸਾਨ ਦੇ ਮੱਥੇ 'ਤੇ ਲੇਖ ਉਕਰਿਆ ਜਾਂਦਾ ਹੈ। ਚੰਗੇ ਕਰਮ ਕਮਾਉਣ ਲਈ ਪ੍ਰਾਪਤ ਜੀਵਨ ਰੂਪੀ ਰਾਤ ਮੰਦੇ ਕਰਮ ਕਮਾਇਆਂ ਗੁਆ ਲੈਣ 'ਤੇ ਪਿੱਛੋਂ ਮਨੁੱਖ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ। ਮੰਦੇ ਕਰਮ ਕਮਾ ਕੇ ਜੀਵ-ਇਸਤਰੀ ਜੀਵਨ-ਮਨੋਰਥ ਦੀ ਪੂਰਤੀ ਤੋਂ ਬਿਨਾਂ ਨਿਰਾਸ਼ ਮਨੋਸਥਿਤੀ 'ਚ ਇਸ ਦੁਨੀਆ ਤੋਂ ਜਾਂਦੀ ਹੈ। ਉਕਤ ਪ੍ਰਚਲਿਤ ਅਣਇੱਛਤ ਵਰਤਾਰੇ ਤੋਂ ਸੁਚੇਤ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਸਾਧੂ-ਭਾਵ ਸਮਰੱਥ ਪੱਥ-ਪ੍ਰਦਰਸ਼ਕ (ਗੁਰੂ) ਮਿਲ ਪੈਂਦਾ ਹੈ ਉਹ ਪਰਮਾਤਮਾ ਦੇ ਦਰ 'ਤੇ ਮੁਕਤ ਭਾਵ ਪ੍ਰਵਾਨ ਹੋ ਜਾਂਦੀਆਂ ਹਨ। ਹੇ ਮਾਲਕ ਪਰਮਾਤਮਾ! ਆਪ ਜੀ ਖ਼ੁਦ ਹੀ ਮਿਹਰ ਕਰੋ ਤਾਂ ਕਿ ਭੁੱਲੀ-ਭਟਕੀ ਜੀਵ-ਇਸਤਰੀ ਨੂੰ ਆਪ ਜੀ ਦੇ ਦੀਦਾਰ ਦੀ ਤੇਹ ਲੱਗ ਜਾਵੇ। ਹੇ ਨਾਨਕ! ਇਹੀ ਅਰਦਾਸ ਧੁਰ ਅੰਦਰੋਂ ਨਿਕਲੇ ਕਿ ਮਾਲਕ ਪਰਮਾਤਮਾ ! ਆਪ ਬਿਨਾਂ ਮੇਰਾ ਹੋਰ ਕੋਈ ਦੂਸਰਾ ਹੈ ਹੀ ਨਹੀਂ ਹੈ ਭਾਵ ਪੂਰਨ ਸਮਰਪਣ ਹੋਵੇ! ਉਸ ਜੀਵ-ਇਸਤਰੀ ਨੂੰ ਹਾੜ ਜੈਸਾ ਸਖ਼ਤ ਗਰਮੀ ਵਾਲਾ ਮਹੀਨਾ ਵੀ ਸੁਹਾਵਣਾ ਹੈ, ਜਿਸ ਦਾ ਮਨ ਉਸ ਪਰਮਾਤਮਾ ਦੀ ਸੱਚੀ ਯਾਦ 'ਚ ਜੀਵਨ ਦਾ ਹਰ ਪਲ ਗੁਜ਼ਾਰਦਾ ਹੈ। ■

ਸੰਪਾਦਕੀ...

# ਕਾਸ਼! ਅੱਜ ਪਾਂਡੀ ਪਾਤਸ਼ਾਹ ਦਾ ਰਾਜ ਹੁੰਦਾ. . .

*ਸਿੱਖ ਪੰਥ ਦੀ ਸ਼ਾਨ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬੀ ਦੇ ਨਾਮਵਰ ਕਵੀ ਵਿਧਾਤਾ ਸਿੰਘ ਤੀਰ ਨੇ ਆਪਣੀ ਇਕ ਕਵਿਤਾ ਵਿਚ 'ਪਾਂਡੀ ਪਾਤਸ਼ਾਹ' ਕਿਹਾ ਹੈ। ਕਵੀ ਦੁਆਰਾ ਬਖ਼ਸ਼ਿਆ ਇਹ ਮੁਰਾਤਬਾ ਮਹਾਰਾਜਾ ਰਣਜੀਤ ਸਿੰਘ ਨੂੰ ਵੱਡੇ-ਵੱਡੇ ਛਤਰਪਤੀ ਰਾਜਿਆਂ ਤੋਂ ਕਿਤੇ ਉੱਚਾ ਕਰ ਦਿੰਦਾ ਹੈ। ਦੁਨੀਆ ਵਿਚ ਬੜੇ-ਬੜੇ ਵੱਡੇ ਛਤਰਪਤੀ ਰਾਜੇ ਹੋਏ ਹਨ, ਪਰ 'ਪਾਂਡੀ ਪਾਤਸ਼ਾਹ' ਬਣਨਾ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਸਿਰਫ ਮਹਾਰਾਜਾ ਰਣਜੀਤ ਸਿੰਘ ਦੇ ਹਿੱਸੇ ਹੀ ਆਇਆ ਹੈ। ਇੱਕ ਵਾਰ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕਾਲ ਪੈ ਗਿਆ ਤਾਂ ਮਹਾਰਾਜਾ ਨੇ ਆਪਣੇ ਸਾਰੇ ਮਾਲ-ਖ਼ਜ਼ਾਨੇ ਆਪਣੀ ਜਨਤਾ ਲਈ ਖੋਲ੍ਹ ਦਿੱਤੇ :* ***"ਢੰਡੋਰਾ ਦੇ ਦਿੱਤਾ, ਹੋਕਾ ਫਿਰਵਾ ਦਿੱਤਾ। . . . "ਰਾਜਾ ਤਾਂ 'ਰਾਖਾ ਹੈ', 'ਭੰਡਾਰਾ ਪਰਜਾ ਦਾ'।" ਤੜਕੇ ਤੋਂ ਸ਼ਾਮਾਂ ਤਕ, ਦਰਵਾਜ਼ੇ ਖੁੱਲ੍ਹੇ ਹਨ। ਅੰਨ ਹਰ ਕੋਈ ਲੈ ਜਾਵੇ, ਹੈ ਸਾਰਾ ਪਰਜਾ ਦਾ। . . . ਹਿੰਦੂ ਸਿੱਖ ਮੁਸਲਮ ਦਾ, ਕੋਈ ਮੂਲ ਮੁਲਾਹਜ਼ਾ ਨਹੀਂ। ਹੈ ਜਿਸ ਨੂੰ ਲੋੜ ਬਣੀ, ਉਹ ਆ ਕੇ ਲੈ ਜਾਵੇ।"*** *ਉਸ ਸਮੇਂ ਇਕ ਬਜ਼ੁਰਗ ਜੋ ਆਪਣੇ ਹਿੱਸੇ ਦਾ ਅੰਨ ਚੁੱਕ ਕੇ ਲਿਜਾਣ ਦੇ ਸਮਰੱਥ ਨਹੀਂ ਸੀ, ਮਹਾਰਾਜੇ ਨੇ ਉਸ ਦੀ ਪੰਡ ਆਪਣੇ ਪਿੰਡੇ 'ਤੇ ਚੁੱਕ ਲਈ ਤੇ ਉਸ ਬਜ਼ੁਰਗ ਦੇ ਪਾਂਡੀ ਬਣ ਅਨਾਜ ਉਸ ਦੇ ਘਰ ਛੱਡ ਕੇ ਆਏ। ਜਦੋਂ ਉਸ ਬਜ਼ੁਰਗ ਨੇ ਨਾਮ ਪੁੱਛਿਆ ਤਾਂ ਉਸ ਨੂੰ ਬਹੁਤ ਪਿਆਰਾ ਉੱਤਰ ਮਿਲਿਆ :* ***"ਬਾਬਾ ਮੈਂ ਰਾਜਾ ਹਾਂ, ਨਾਂ ਹੈ 'ਰਣਜੀਤ' ਮੇਰਾ। 'ਨੇਕੀ' ਹੈ ਕਾਰ ਮੇਰੀ, ਸਾਂਝਾ ਹੈ ਧਰਮ ਮੇਰਾ। ਪਰਜਾ ਲਈ ਜਾਨ ਦਿਆਂ, ਪੇਸ਼ਾ ਹੈ 'ਪ੍ਰੀਤ' ਮੇਰਾ। ਕਾਬਲ ਦੀਆਂ ਕੰਧਾਂ ਤਕ, ਮੈਂ ਪਾਉਂਦਾ ਘੂਕਰ ਹਾਂ। ਪਰ ਪਿਆਰੇ ਬਾਬਾ ਜੀ, ਪਰਜਾ ਦਾ ਕੂਕਰ ਹਾਂ।"*** *ਇਹ ਪਾਂਡੀ ਪਾਤਸ਼ਾਹ ਜਾਂ ਪਰਜਾ ਦਾ ਕੂਕਰ ਬਣਨਾ ਕੋਈ ਸੌਖਾ ਕੰਮ ਨਹੀਂ ਸੀ, ਇਹ ਤਾਂ ਉਹੀ ਬਣ ਸਕਦਾ ਹੈ ਜਿਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੀ ਬਖ਼ਸ਼ਿਸ਼ ਗ਼ਰੀਬੀ ਤੇ ਨਿਮਰਤਾ ਨੂੰ ਗੁਰਜ ਅਤੇ ਸਾਰਿਆਂ ਦੀ ਚਰਨ ਧੂੜ ਹੋਣ ਨੂੰ ਖੰਡਾ ਬਣਾ ਲਿਆ ਹੋਵੇ—*
***"ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥"***

*ਸਮੇਂ-ਸਮੇਂ 'ਤੇ ਮਨੁੱਖਤਾ ਨੂੰ ਕੁਦਰਤੀ ਆਫ਼ਤਾਂ— ਕਾਲ, ਭੂਚਾਲ, ਹੜ ਅਤੇ ਮਹਾਂਮਾਰੀਆਂ ਆਦਿ ਵਿਆਪਦੀਆਂ ਹੀ ਰਹਿੰਦੀਆਂ ਹਨ। ਸਭ ਅਕਾਲ ਪੁਰਖ ਦੇ ਭਾਣੇ ਵਿਚ ਹੀ ਵਾਪਰਦਾ ਹੈ। ਵਰਤਮਾਨ ਵਿਚ ਕੋਰੋਨਾ ਮਹਾਂਮਾਰੀ ਕਾਰਨ ਸਾਰੀ ਦੁਨੀਆ ਦਾ ਤਵਾਜ਼ਨ ਹਿੱਲ ਚੁੱਕਾ ਹੈ। ਇਸ ਤੋਂ ਪਹਿਲਾਂ ਵੀ ਸਮੇਂ-ਸਮੇਂ 'ਤੇ*

ਭਿਆਨਕ ਮਹਾਂਮਾਰੀਆਂ ਨੇ ਮਨੁੱਖਤਾ ਅੰਦਰ ਬਹੁਤ ਭਾਰੀ ਨੁਕਸਾਨ ਕੀਤਾ ਹੈ। ਬੇਸ਼ੱਕ ਇਹ ਦੁਸ਼ਵਾਰੀਆਂ ਮਹਾਂਮਾਰੀਆਂ ਮਨੁੱਖਤਾ ਨੂੰ ਬਹੁਤ ਪੀੜਾ ਪਹੁੰਚਾਉਂਦੀਆਂ ਹਨ, ਪਰ ਪਰਮਾਤਮਾ ਦੀ ਕੀ ਰਜ਼ਾ ਹੈ ਇਹ ਤਾਂ ਉਹ ਆਪ ਹੀ ਜਾਣਦਾ ਹੈ। ਹੁਣ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਜੇਕਰ ਜਨਤਾ ਦੇ ਆਗੂ ਪਰਉਪਕਾਰੀ, ਨਿਆਂਕਾਰੀ, ਹਮਦਰਦ ਤੇ ਮਨੁੱਖਤਾਵਾਦੀ ਸੋਚ ਦੇ ਧਾਰਨੀ ਹੋਣ ਤਾਂ ਇਹ ਦੁਸ਼ਵਾਰੀਆਂ ਘੱਟ ਔਖ ਨਾਲ ਕੱਟੀਆਂ ਜਾਂਦੀਆਂ ਹਨ, ਪਰ ਜੇਕਰ ਆਗੂ ਖ਼ੁਦਗਰਜ਼ ਅਤੇ ਫਿਰਕਾਪ੍ਰਸਤ ਹੋਣ ਤਾਂ ਜਨਤਾ ਤ੍ਰਾਹ-ਤ੍ਰਾਹ ਕਰ ਉੱਠਦੀ ਹੈ। ਫਿਰ ਇੰਨਾ ਦੁਖ ਕਿਸੇ ਮਹਾਂਮਾਰੀ ਜਾਂ ਸੰਕਟ ਦਾ ਨਹੀਂ ਹੁੰਦਾ ਜਿੰਨਾ ਇਸ ਮੰਦ-ਭਾਵਨਾ ਦਾ ਹੁੰਦਾ ਹੈ ਕਿ ਜਿਸ ਵਿਚ ਕੁਝ ਖ਼ਾਸ ਧਿਰਾਂ ਨੂੰ ਬੇਲੋੜਾ ਨਿਸ਼ਾਨਾ ਬਣਾਇਆ ਜਾਂਦਾ ਹੈ।

ਅੱਜ ਵਿਸ਼ਵ ਭਰ ਵਿਚ ਲੱਗਭਗ ੨੧੩ ਦੇਸ਼ਾਂ ਅੰਦਰ ੫੦ ਲੱਖ ਦੇ ਕਰੀਬ ਲੋਕ ਕੋਰੋਨਾ ਮਹਾਂਮਾਰੀ ਤੋਂ ਪੀੜਤ ਹੋ ਚੁੱਕੇ ਹਨ, ੩ ਲੱਖ ਤੋਂ ਉੱਪਰ ਮੌਤਾਂ ਹੋ ਚੁੱਕੀਆਂ ਹਨ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਦੇਸ਼ ਭਰ ਵਿਚ ੧ ਲੱਖ ਦੇ ਕਰੀਬ ਲੋਕ ਇਸ ਬਿਮਾਰੀ ਤੋਂ ਪੀੜਤ ਹੋ ਚੁੱਕੇ ਹਨ ਅਤੇ ੩ ਹਜ਼ਾਰ ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ। ਵਿਸ਼ਵ ਭਰ ਵਿਚ ਤਾਲਾਬੰਦੀ ਕਾਰਨ ਕਰੋੜਾਂ ਲੋਕ ਬੇਰੁਜ਼ਗਾਰ ਹੋ ਚੁੱਕੇ ਹਨ। ਅਜਿਹੇ ਔਖੇ ਸਮੇਂ ਵਿਚ ਸਮਰੱਥ ਮੁਲਕਾਂ ਦੀਆਂ ਸਰਕਾਰਾਂ ਆਪੋ-ਆਪਣੇ ਮੁਲਕਾਂ ਦੇ ਬਾਸ਼ਿੰਦਿਆਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕਰਵਾ ਰਹੀਆਂ ਹਨ, ਬੇਰੁਜ਼ਗਾਰਾਂ ਦੀ ਪੂਰੀ ਮਦਦ ਕਰ ਰਹੀਆਂ ਹਨ, ਉੱਥੇ ਸਾਡੇ ਇਸ ਦੇਸ਼ ਅੰਦਰ ਫਿਰਕੂ ਸੋਚ ਦੀ ਧਾਰਨੀ ਸਰਕਾਰ ਅਜਿਹੀ ਬਿਪਤਾ ਦੇ ਸਮੇਂ ਵਿਚ ਵੀ ਧਰਮਾਂ ਦੀ ਰਾਜਨੀਤੀ ਖੇਡ ਰਹੀ ਹੈ। ਦੇਸ਼ ਅੰਦਰ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ ਹਨ, ਲੱਖਾਂ ਭੁੱਖਮਰੀ ਦਾ ਸ਼ਿਕਾਰ ਹਨ, ਲੱਖਾਂ ਬੱਚੇ ਭੁੱਖ ਨਾਲ ਸੋਕੜੇ ਦਾ ਸ਼ਿਕਾਰ ਹੋ ਗਏ ਹਨ, ਘਰ ਵਾਪਸੀ ਲਈ ਧੁੱਪੇ ਨੰਗੇ ਪੈਰੀਂ ਬੱਚਿਆਂ ਅਤੇ ਬਜ਼ੁਰਗਾਂ ਨੂੰ ਮੋਢਿਆਂ ਉੱਪਰ ਚੁੱਕ ਕੇ ਹਜ਼ਾਰਾਂ ਕਿਲੋਮੀਟਰ ਤੁਰਦੇ-ਤੁਰਦੇ ਮਜ਼ਦੂਰਾਂ ਦੇ ਪੈਰਾਂ ਦੀਆਂ ਤਲੀਆਂ ਪਾੜ ਗਈਆਂ ਹਨ। ਭਾਰਤ ਵਿਚ ਦੇਵੀਆਂ ਦੀ ਪੂਜਾ ਕੀਤੀ ਜਾਂਦੀ ਹੈ, ਪਰ ਅੱਜ ਗਰਭਵਤੀ ਮਾਵਾਂ ਆਪਣੀ ਕੁੱਖ ਵਿਚ ਬੱਚਿਆਂ ਸਮੇਤ ਸੈਂਕੜੇ ਮੀਲ ਪੈਦਲ ਤੁਰਨ ਅਤੇ ਸੜਕਾਂ ਉੱਪਰ ਬੱਚਿਆਂ ਨੂੰ ਜਨਮ ਦੇਣ ਅਤੇ ਜਨਮ ਦੇ ਕੇ ਫਿਰ ਸੈਂਕੜੇ ਮੀਲ ਤੁਰਨ ਲਈ ਮਜ਼ਬੂਰ ਤੇ ਲਾਚਾਰ ਹਨ। ਅੱਜ ਦੇਸ਼ ਅੰਦਰ ਸਰਕਾਰ ਦੁਆਰਾ ਕੀਤੇ ਜਾਂਦੇ ਅਮੀਰ-ਗ਼ਰੀਬ ਵਿਚਲੇ ਵਿਤਕਰੇ ਨੂੰ ਸਾਰੀ ਦੁਨੀਆ ਨੇ ਵੇਖਿਆ ਹੈ, ਜਿਸ ਨਾਲ ਦੁਨੀਆ ਭਰ ਵਿਚ ਦੇਸ਼ ਦੀ ਸਾਖ ਡਿੱਗੀ ਹੈ। ਹੋਰ ਵੀ ਬਹੁਤ ਕੁਝ ਸੋਚਣ ਸਮਝਣ ਤੋਂ ਵੱਧ ਬੁਰਾ ਹੋ ਰਿਹਾ ਹੈ ਜਿਸ ਨੂੰ ਦੇਸ਼ ਦਾ ਮੀਡੀਆ ਵਿਖਾ ਹੀ ਨਹੀਂ ਰਿਹਾ।

ਅਜਿਹੇ ਹਾਲਾਤਾਂ ਵਿਚ ਫਿਰ 'ਪਾਂਡੀ ਪਾਤਸ਼ਾਹ' ਯਾਦ ਆਉਂਦਾ ਹੈ, ਜਿਸ ਦੇ ਰਾਜ ਵਿਚ ਅਮੀਰ-ਗ਼ਰੀਬ, ਧਰਮ-ਜਾਤ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ

*ਨਹੀਂ ਸੀ ਕੀਤਾ ਜਾਂਦਾ। ਜਿਸ ਦੇ ਰਾਜ ਵਿਚ ਮੰਦਰ, ਮਸਜਿਦ, ਗੁਰਦੁਆਰੇ ਸਭ ਸਤਿਕਾਰ ਦੇ ਪਾਤਰ ਸਨ। ਕੁਦਰਤੀ ਆਫ਼ਤਾਂ ਸਮੇਂ ਜਿਸ ਦੇ ਖ਼ਜ਼ਾਨੇ ਸਾਰੇ ਜ਼ਰੂਰਤਮੰਦਾਂ ਲਈ ਖੁੱਲ ਜਾਂਦੇ ਸਨ। ਜੋ ਲਾਚਾਰ ਲੋਕਾਂ ਦੇ ਘਰ ਤਕ ਅਨਾਜ ਪਹੁੰਚਾਉਣ ਲਈ ਆਪ ਪਾਂਡੀ ਬਣ ਜਾਂਦਾ ਸੀ। ਜਿਸ ਦਾ ਰਾਜ ਵਾਸੀਆਂ ਲਈ ਬੇਗਮਪੁਰਾ ਸੀ। ਜਿਸ ਦੇ ਰਾਜ ਵਿਚ ਸਭ ਸਮਾਨ ਸਨ, ਕੋਈ ਦੂਜੇ, ਤੀਜੇ ਦਰਜੇ ਦਾ ਵਾਸੀ ਨਹੀਂ ਸੀ। ਦੁਨੀਆ ਦੇ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ* ***'ਸਭ ਸੁਖਾਲੀ ਵੁਠੀਆ'*** *ਵਾਲੇ ਹਲੀਮੀ ਰਾਜ ਵਰਗੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਇਹ ਦੋਵੇਂ ਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ—* ***"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"*** *ਦੇ ਹਾਮੀ ਸਨ।*

*ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਅਤੇ 'ਪਾਂਡੀ ਪਾਤਸ਼ਾਹ' ਨੇ ਰਾਜ ਕੀਤਾ ਸੀ, ਉੱਥੇ ਅੱਜ ਵੀ ਕੋਈ ਭੁੱਖਾ ਨਹੀਂ ਸੁੱਤਾ। ਇਨ੍ਹਾਂ ਦੇ ਵਾਰਸਾਂ ਨੇ ਪੰਜਾਬ, ਭਾਰਤ ਅਤੇ ਵਿਦੇਸ਼ਾਂ ਵਿਚ ਗੁਰੂ ਕੇ ਲੰਗਰ ਲੋੜਵੰਦਾਂ ਲਈ ਖੋਲ੍ਹ ਦਿੱਤੇ, ਘਰ-ਘਰ ਜਾ ਕੇ ਜ਼ਰੂਰਤਮੰਦਾਂ ਦੀ ਸਾਰ ਲਈ।*

*ਦੂਸਰੇ ਪਾਸੇ ਜਿੱਥੇ ਜਨਤਾ ਤ੍ਰਾਹ-ਤ੍ਰਾਹ ਕਰ ਰਹੀ ਹੈ, ਉੱਥੇ ਬਹੁਤ ਸਾਰੇ ਸੱਤਾਧਾਰੀ ਉਹ ਲੋਕ ਹਨ ਜੋ ਸਦੀਆਂ ਤੋਂ ਸਮਾਜ ਵਿਚ ਉਚ-ਨੀਚ, ਜਾਤ-ਪਾਤ, ਨਫ਼ਰਤ ਦੇ ਪਾੜੇ ਪਾ ਕੇ ਰਾਜ-ਸੱਤਾ ਭੋਗਣ ਦੇ ਚਾਹਵਾਨ ਰਹੇ ਹਨ। ਉਨ੍ਹਾਂ ਕੋਲੋਂ ਦੇਸ਼ ਦੇ ਭਲੇ ਦੀ ਕੀ ਉਮੀਦ ਹੋ ਸਕਦੀ ਹੈ? ਵਿਸ਼ਵ-ਵਿਆਪੀ ਮਹਾਂਮਾਰੀ ਕਾਰਨ ਦੇਸ਼ ਅੰਦਰ ਤਾਲਾਬੰਦੀ ਦੌਰਾਨ ਪੰਥ-ਵਿਰੋਧੀ ਅਤੇ ਪੱਖਪਾਤੀ ਧਿਰਾਂ ਦੀ ਦੋਹਰੀ ਨੀਤੀ ਪਲ-ਪਲ ਜ਼ਾਹਰ ਹੁੰਦੀ ਰਹੀ ਹੈ। ਗੁਰੂਆਂ ਦੇ ਨਾਮ 'ਤੇ ਜੀਊਂਦੇ ਪੰਜਾਬ ਵਿਚ ਕਥਿਤ ਪੰਥ-ਵਿਰੋਧੀ ਤਾਕਤਾਂ ਨੇ ਇਸ ਮਹਾਂਮਾਰੀ ਨੂੰ ਢਾਲ ਬਣਾ ਕੇ ਪੂਰੀ ਸ਼ਿੱਦਤ ਨਾਲ ਪੰਜਾਬ ਅੰਦਰ ਡੇਰਾਵਾਦ ਨੂੰ ਉਤਸ਼ਾਹਿਤ ਕੀਤਾ ਹੈ। ਪਿਛਲੇ ਦਿਨੀਂ ਜਦੋਂ ਪੂਰੇ ਪੰਜਾਬ ਅੰਦਰ ਕਰਫਿਊ ਲਾਗੂ ਸੀ, ਕਿਸੇ ਨੂੰ ਬਾਹਰ ਨਿਕਲਣ ਦੀ ਇਜਾਜ਼ਤ ਨਹੀਂ ਸੀ ਤਾਂ ਪੰਜਾਬ ਦੇ ਇਕ ਨਾਮੀ ਕਥਿਤ ਡੇਰੇਦਾਰ ਦਾ ਸਵਾਗਤ ਕਰਨ ਲਈ ਲੱਖਾਂ ਦੀ ਗਿਣਤੀ ਵਿਚ ਲੋਕ ਸੜਕਾਂ ਦੇ ਦੋਵੇਂ ਪਾਸੇ ਖਲੋਤੇ ਸਨ। ਫਿਰ ਅਚਾਨਕ ਹਜ਼ਾਰਾਂ ਦੀ ਗਿਣਤੀ ਵਿਚ ਡੇਰੇ ਦੇ ਸ਼ਰਧਾਲੂ ਭੰਗੜੇ ਪਾਉਂਦੇ, ਨੱਚਦੇ-ਟੱਪਦੇ ਉਸ ਡੇਰੇਦਾਰ ਦੇ ਪਿੱਛੇ ਇਕ ਡੇਰੇ ਵਿਚ ਚਲੇ ਗਏ, ਜਿੱਥੇ ਡੇਰੇਦਾਰ ਨੇ ਉਨ੍ਹਾਂ ਨੂੰ ਸੰਬੋਧਨ ਕੀਤਾ। ਇੱਥੇ ਇਹ ਗੱਲ ਧਿਆਨ ਯੋਗ ਹੈ ਕਿ ਜਦੋਂ ੧੯੧੮ ਵਿਚ ਸਪੈਨਿਸ਼ ਵਾਇਰਸ ਫ਼ੈਲਿਆ ਸੀ ਤਾਂ ਉਦੋਂ ਵੀ ਲੋਕਾਂ ਦੀਆਂ ਅਜਿਹੀਆਂ ਗ਼ਲਤੀਆਂ ਵਾਇਰਸ ਦੀ ਦੂਜੀ ਲਹਿਰ ਦੌਰਾਨ ਕਰੋੜਾਂ ਲੋਕਾਂ ਦੀ ਮੌਤ ਦਾ ਕਾਰਨ ਬਣੀਆਂ ਸਨ। ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਡੇਰੇ*

*ਵਾਲਾ ਇਹ ਮੰਜ਼ਰ ਪ੍ਰਸ਼ਾਸਨ ਦੀ ਫਰਾਖ਼ਦਿਲੀ ਕਾਰਨ ਵਾਪਰਿਆ। ਇਸ ਮੌਕੇ ਘਰੋਂ ਬਾਹਰ ਨਿਕਲਣ 'ਤੇ ਲੋਕਾਂ ਦੇ ਸਿਰ ਪਾੜਨ ਵਾਲਾ ਪੁਲਿਸ ਪ੍ਰਸ਼ਾਸਨ ਆਪ ਅਗਵਾਈ ਕਰ ਰਿਹਾ ਸੀ। ਘੱਟ-ਗਿਣਤੀਆਂ ਬਾਰੇ ਅੱਡੀਆਂ ਚੁੱਕ-ਚੁੱਕ ਕੇ ਚੀਕਾਂ ਮਾਰਨ ਵਾਲਾ ਪੂਰੇ ਦੇਸ਼ ਦਾ ਕੁਝ ਕਥਿਤ ਮੀਡੀਆ ਵੀ ਉੱਥੇ ਮੌਜੂਦ ਸੀ, ਪਰ ਸਾਰਿਆਂ ਨੇ ਐਸੀ ਦੰਦਲ ਵੱਟੀ ਕਿ ਧੂੰਆਂ ਤਕ ਬਾਹਰ ਨਹੀਂ ਨਿਕਲਣ ਦਿੱਤਾ। ਇਹ ਸਭ ਮੰਜ਼ਰ ਉਨ੍ਹੀਂ ਦਿਨੀਂ ਵਾਪਰਿਆਂ ਜਦੋਂ ਧਾਰਮਿਕ ਅਸਥਾਨਾਂ ਉੱਪਰ ਕਰਫਿਊ ਦੇ ਨਿਯਮ ਸਖਤੀ ਨਾਲ ਲਾਗੂ ਸਨ। ਇਹ ਸਾਰਾ ਮੰਜ਼ਰ ਬਹੁਤ ਸਾਰੇ ਸਵਾਲਾਂ ਦੇ ਜਵਾਬ ਵੀ ਦੇ ਗਿਆ ਕਿ ਸਰਕਾਰੀ ਮਸ਼ੀਨਰੀ ਅਤੇ ਦੇਸ਼ ਦਾ ਕਥਿਤ ਮੀਡੀਆ ਕਿਹੜੀਆਂ ਧਿਰਾਂ ਲਈ ਕੰਮ ਕਰ ਰਹੇ ਹਨ। ਅਜਿਹੇ ਪੱਖਪਾਤੀ ਹਾਲਾਤਾਂ ਨੂੰ ਵੇਖ ਕੇ 'ਬਾਬਾ ਬੰਦਾ ਸਿੰਘ ਬਹਾਦਰ' ਅਤੇ 'ਪਾਂਡੀ ਪਾਤਸ਼ਾਹ' ਦਾ ਨਿਆਂਕਾਰੀ ਰਾਜ-ਪ੍ਰਬੰਧ ਚੇਤੇ ਆ ਜਾਂਦਾ ਹੈ।*

*ਅਸਲ ਵਿਚ ਜੇਕਰ ਗੁਜ਼ਰ ਚੁੱਕੇ ਆਦਰਸ਼ਕ ਰਾਜਿਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਰਾਜ ਪ੍ਰਬੰਧ ਕੀਤਾ ਜਾਵੇ ਤਾਂ ਹੀ ਆਦਰਸ਼ਕ ਰਾਜ ਦੀ ਸਥਾਪਨਾ ਹੋ ਸਕਦੀ ਹੈ, ਪਰ ਫਿਰਕੂ ਨਫ਼ਰਤ ਅਜਿਹਾ ਹੋਣ ਨਹੀਂ ਦਿੰਦੀ। ਵਰਤਮਾਨ ਸਮੇਂ ਚਾਹੀਦਾ ਤਾਂ ਸੀ ਕਿ ਦੇਸ਼ ਅੰਦਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਆਦਰਸ਼ਕ ਰਾਜ ਬਾਰੇ ਦੱਸਿਆ ਜਾਂਦਾ, ਪਰ ਇੱਥੇ ਤਾਂ ਜੂਆ ਖੇਡਣ ਵਾਲਿਆਂ ਅਤੇ ਨਿੱਜੀ ਪਰਵਾਰਿਕ ਲੜਾਈ ਵਾਲਿਆਂ, ਜਿਨ੍ਹਾਂ ਦਾ ਦੇਸ਼, ਧਰਮ ਤੇ ਸਮਾਜ ਵਿਚ ਕੋਈ ਉਸਾਰੂ ਯੋਗਦਾਨ ਨਹੀਂ, ਬਸ ਉਨ੍ਹਾਂ ਦੀਆਂ ਹੀ ਕਥਾ-ਕਹਾਣੀਆਂ ਸੁਣਾਈਆਂ ਜਾ ਰਹੀਆਂ ਹਨ। ਅੱਜ ਦੇਸ਼ ਅੰਦਰ ਗ਼ਰੀਬ ਜਨਤਾ ਦੀ ਤਰਸਯੋਗ ਹਾਲਤ ਵੇਖ ਕੇ 'ਪਾਂਡੀ ਪਾਤਸ਼ਾਹ' ਦਾ ਰਾਜ ਚੇਤੇ ਆਉਂਦਾ ਹੈ। ਕਾਸ਼! ਅੱਜ ਦੇਸ਼ ਅੰਦਰ ਗੁਰੂ ਸਾਹਿਬ ਦੇ ਦਰਸਾਏ ਮਾਰਗ ਅਨੁਸਾਰ 'ਪਾਂਡੀ ਪਾਤਸ਼ਾਹ' ਦਾ ਸਿਰਜਿਆ ਮਨੁੱਖਤਾਵਾਦੀ ਖਾਲਸਾ ਰਾਜ ਹੁੰਦਾ ਤਾਂ ਦੇਸ਼ ਅੰਦਰ ਕਿਸੇ ਗ਼ਰੀਬ ਨੂੰ ਜ਼ਲਾਲਤ ਭਰੀ ਜ਼ਿੰਦਗੀ ਨਾ ਜਿਊਣੀ ਪੈਂਦੀ।*

***-ਸਤਵਿੰਦਰ ਸਿੰਘ ਫੂਲਪੁਰ***

***ਮੋ. +੯੧੯੯੧੪੪-੧੯੪੯੪***

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ : ਜੀਵਨ-ਝਾਤ

*-ਸ. ਗੁਰਦੀਪ ਸਿੰਘ**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰੂਪਮਾਨ ਕਰਨਾ ਅਸੰਭਵ ਹੈ। ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਨੂੰ ਰੂਪਮਾਨ ਨਹੀਂ ਕੀਤਾ ਜਾ ਸਕਦਾ। ਇਸ ਦਾ ਥੋੜ੍ਹਾ ਜਿਹਾ ਅਨੁਭਵ ਹੀ ਹੋ ਸਕਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਿਆ ਹੈ:

*ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।*
*ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।*
*ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।*

"ਪੰਜਿ ਪਿਆਲੇ" ਤੋਂ ਭਾਵ ਹੈ ਪੰਜ ਸ਼ੁਭ ਗੁਣ: ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ।

"ਪੰਜਿ ਪੀਰ" ਦੇ ਅਰਥ ਹਨ : ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਤਕ ਹੋਏ ਪੰਜ ਸਿੱਖ ਗੁਰੂ ਸਾਹਿਬਾਨ।

"ਦਲਿ ਭੰਜਨ, ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ" ਭਾਵ ਗੁਰੂ ਹਰਿਗੋਬਿੰਦ ਸਾਹਿਬ ਸਿਫ਼ਤਾਂ ਤੇ ਵਿਸ਼ੇਸ਼ਤਾਵਾਂ ਦੇ ਪ੍ਰਤੀਕ ਹਨ।

"ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ" ਤੋਂ ਭਾਵ ਹੈ ਕਿ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਪਾਵਨ ਜੋਤਿ ਦੇ ਸਰੂਪ ਸਨ। ਸਰੀਰਾਂ ਵਿਚ ਹੀ ਭੇਦ ਸੀ, ਜੋਤਿ ਇਕੋ ਸੀ।

ਸੰਸਾਰ ਵਿਚ ਸਦਾ ਦੋ ਗੁਣਾਂ ਦੀ ਪੂਜਾ ਹੁੰਦੀ ਆਈ ਹੈ: ਸਿਮਰਨ ਤੇ ਰਾਜਸੀ ਤਾਕਤ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਣ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਸੀ। ਤੱਤੀ ਲੋਹ 'ਤੇ ਬਹਿ ਕੇ ਵੀ ਸ਼ਾਂਤ ਰਹਿਣਾ ਤੇ ਸਿਮਰਨ ਕਰਨਾ, ਇਹ ਸਿਮਰਨ ਦੀ ਸਿਖਰਲੀ ਹੱਦ ਸੀ। ਇਸ ਕੁਰਬਾਨੀ ਦਾ ਸਭ 'ਤੇ ਬਹੁਤ ਅਸਰ ਪਿਆ। ਦੂਸਰਾ ਗੁਣ ਰਾਜ-ਬਲ ਸੀ। ਪਹਿਲੇ ਗੁਣ ਦੇ ਕਾਰਨ ਗੁਰੂ ਸਾਹਿਬਾਨ ਦਾ ਬਹੁਤ ਸਤਿਕਾਰ ਸੀ ਤੇ ਦੂਸਰੀ ਸ਼ਕਤੀ ਦੇ ਕਾਰਨ ਜਨਤਾ ਮੁਗ਼ਲਾਂ ਦੀ ਸਰਕਾਰ ਅੱਗੇ ਝੁਕਦੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਚਾਹੁੰਦੇ ਸਨ ਕਿ ਸਿੱਖ ਦੂਸਰੇ ਮਨੁੱਖ ਸਾਹਮਣੇ ਅਕਾਰਨ ਹੀ ਝੁਕਣ ਵਾਲਾ ਸੁਭਾਉ ਬਦਲ ਲੈਣ। ਇਸ ਵਾਸਤੇ ਉਨ੍ਹਾਂ ਨੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਜੀ ਨੂੰ ਧਾਰਮਿਕ ਵਿੱਦਿਆ ਦੇ ਨਾਲ-ਨਾਲ ਸ਼ਸਤਰ ਵਿੱਦਿਆ ਦਾ ਅਭਿਆਸ ਵੀ ਕਰਨ ਲਈ ਕਿਹਾ।

*#੩੦੨ ਕਿਦਵਾਈ ਨਗਰ, ਲੁਧਿਆਣਾ- ੧੪੧੦੦੮; ਮੋ. +੯੧੯੮੮੮੧-੨੬੬੯੦*

ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ੨੧ ਹਾੜ ਸੰਮਤ ਨਾਨਕਸ਼ਾਹੀ ੧੨੭ (੧੯ ਜੂਨ ੧੫੯੫) ਮੁਤਾਬਕ ਹਾੜ ਵਦੀ ੭, ੨੧ ਹਾੜ ਸੰਮਤ ੧੬੫੨ ਬਿ. ਨੂੰ ਨਗਰ ਵਡਾਲੀ ਵਿਖੇ ਪ੍ਰਗਟ ਹੋਏ। ਇਸ ਕਰਕੇ ਉਸ ਨਗਰ ਨੂੰ ਗੁਰੂ ਕੀ ਵਡਾਲੀ ਕਿਹਾ ਜਾਂਦਾ ਹੈ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਲੱਗੇ, ਉਨ੍ਹਾਂ ਨੇ ਸੰਗਤ ਵਿਚ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਪਿੱਛੋਂ ਗੁਰਿਆਈ ਦਾ ਵਾਰਸ ਸਾਹਿਬਜ਼ਾਦਾ ਹਰਿਗੋਬਿੰਦ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ) ਹੈ। ਸੋ ੨੮ ਜੇਠ ਸੰਮਤ ਨਾਨਕਸ਼ਾਹੀ ੧੩੮ (੨੫ ਮਈ, ੧੬੦੬ ਈ. ਐਤਵਾਰ ਜੇਠ ਵਦੀ ੧੪ ਮਿਤੀ ੨੮ ਜੇਠ ਸੰਮਤ ੧੬੬੩ ਬਿ.) ਨੂੰ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਗੱਦੀ 'ਤੇ ਬਿਠਾ ਕੇ ਗੁਰਿਆਈ ਦੀ ਰਸਮ ਅਦਾ ਕੀਤੀ। ਉਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਉਮਰ ੧੦ ਸਾਲ, ੧੦ ਮਹੀਨੇ ਦੇ ਕਰੀਬ ਸੀ। ਗੁਰਿਆਈ ਦੀ ਗੱਦੀ 'ਤੇ ਬੈਠਣ ਲੱਗਿਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਇਕ ਸੱਜੇ ਪਾਸੇ ਪਹਿਨੀ ਤੇ ਦੂਜੀ ਖੱਬੇ ਪਾਸੇ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ ਜਿਨ੍ਹਾਂ ਵਿਚ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁਲਾ ਨੇ ਇਸ ਤਰ੍ਹਾਂ ਕੀਤਾ ਹੈ:

*ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।*
*ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।*

ਗੁਰੂ-ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ-ਬਲ ਤੇ ਰਾਜ-ਬਲ ਇਕੱਠੇ ਕੰਮ ਕਰਨਗੇ। ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇੱਕ ਹੋਣਗੇ ਪਰ ਇੱਕ ਸ਼ਕਤੀ ਦੂਸਰੇ ਦੇ ਅਧੀਨ ਨਹੀਂ ਹੋਵੇਗੀ ਸਗੋਂ ਦੋਵੇਂ ਆਪਣੀ-ਆਪਣੀ ਥਾਂ ਸੰਭਾਲਦੀਆਂ ਮਿਲ ਕੇ ਚੱਲਣਗੀਆਂ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਸਾਰ ਨੂੰ ਨਵਾਂ ਸਿਧਾਂਤ ਦਿੱਤਾ ਕਿ ਧਰਮ ਤੇ ਰਾਜਨੀਤੀ ਮਿਲ ਕੇ ਚੱਲਣ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਨੂੰ ਪਾਤਸ਼ਾਹੀ ਤਖ਼ਤ ਦਾ ਰੂਪ ਦੇ ਦਿੱਤਾ। ਆਪ ਪੰਜ ਸ਼ਸਤਰ ਪਹਿਨ ਕੇ ਸੀਸ ਉੱਪਰ ਕਲਗੀ ਸਜਾ ਕੇ ਗੁਰ-ਗੱਦੀ ਉੱਪਰ ਬੈਠਦੇ। ਜੋ ਸਿੱਖ ਸ਼ਸਤਰ ਜਾਂ ਘੋੜਾ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਇਸ ਤੋਂ ਬਾਅਦ

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੋਹਾਂ ਦਾ ਆਪਣਾ-ਆਪਣਾ ਮਹੱਤਵ ਹੈ। ਇਸ ਤਰ੍ਹਾਂ ਸਿੱਖ ਧਰਮ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਹੀ ਰਾਜ-ਸ਼ਕਤੀ ਦਾ ਪ੍ਰਤੀਕ, ਜੁਗੋ-ਜੁਗ ਅਟੱਲ, ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਨੂੰ ਬਖ਼ਸ਼ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੇਸਰੀ ਨਿਸ਼ਾਨ ਸਾਹਿਬ, ਜਿਵੇਂ ਸੁਚੇਤ ਪਹਿਰੇਦਾਰ ਖੜ੍ਹੋਤੇ ਹੋਣ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਬਿਧੀ ਚੰਦ ਵਰਗੇ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ।

**ਸੱਚਾ ਪਾਤਸ਼ਾਹ :**

ਦਿੱਲੀ ਵਿਖੇ ਇਕ ਘਾਹੀ ਸਾਰੀ ਦਿਹਾੜੀ ਦੀ ਕਮਾਈ ਇਕ ਟਕਾ ਅਤੇ ਗੁਰੂ ਦੇ ਘੋੜਿਆਂ ਲਈ ਘਾਹ ਦੀ ਪੰਡ ਲਿਆਇਆ। ਦੋ ਕੈਂਪ ਲੱਗੇ ਦੇਖ ਕੇ ਭੁਲੇਖੇ ਨਾਲ ਜਹਾਂਗੀਰ ਦੇ ਕੈਂਪ ਚਲਾ ਗਿਆ। ਚੋਬਦਾਰ ਨੇ ਰੋਕਿਆ ਪਰ ਮੁਸਾਹਿਬਾਂ ਨੇ ਕੋਈ ਫ਼ਰਿਆਦੀ ਸਮਝ ਅੰਦਰ ਜਾਣ ਦਿੱਤਾ। ਘਾਹੀ ਨੇ ਜਾਂਦਿਆਂ ਟਕਾ ਅੱਗੇ ਰੱਖਿਆ ਤੇ ਘਾਹ ਦੀ ਪੰਡ ਸਵੀਕਾਰ ਕਰਨ ਲਈ ਕਿਹਾ ਤੇ ਫਿਰ ਅਰਜੋਈ ਕੀਤੀ ਕਿ ਇੱਥੇ ਉੱਥੇ ਸਹਾਇਤਾ ਕਰਨੀ। ਜਹਾਂਗੀਰ ਨੇ ਜਾਗੀਰ ਲਿਖਾਉਣ ਦੀ ਗੱਲ ਕਹੀ ਤਾਂ ਘਾਹੀ ਨੂੰ ਮਹਿਸੂਸ ਹੋਇਆ ਕਿ ਉਹ ਤਾਂ ਗ਼ਲਤ ਜਗ੍ਹਾ 'ਤੇ ਆ ਗਿਆ ਹੈ। ਟਕਾ ਉਠਾ ਕੇ ਘਾਹ ਦੀ ਪੰਡ ਚੁੱਕ ਕੇ ਨਾਲ ਦੇ ਕੈਂਪ ਵਿਚ ਆਇਆ ਤੇ ਸ਼ਰਧਾ ਨਾਲ ਗੁਰੂ-ਚਰਨਾਂ ਨੂੰ ਪਕੜ ਕੇ ਰੋ-ਰੋ ਕੇ ਖ਼ਿਮਾ ਮੰਗਣ ਲੱਗਾ ਕਿ ਸੱਚੇ ਪਾਤਸ਼ਾਹ! ਗ਼ਲਤ ਦਰ 'ਤੇ ਚਲਾ ਗਿਆ ਸੀ। ਜਹਾਂਗੀਰ ਉੱਤੇ ਇਸ ਘਟਨਾ ਦਾ ਡੂੰਘਾ ਅਸਰ ਪਿਆ।

ਪੰਜਾਬ ਦੇ ਲੋਕਾਂ ਵਿਚ ਗੁਰੂ ਸਾਹਿਬ ਦਾ ਅਸਰ ਵਧਦਾ ਮਹਿਸੂਸ ਕਰਦਿਆਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਨਜ਼ਰਬੰਦੀ ਦੌਰਾਨ ਮਹਾਰਾਜ ਨੂੰ ਜੋ ਰਕਮ ਮਿਲਦੀ ਉਹ ਹੋਰ ਕੈਦੀਆਂ (ਜਿਨ੍ਹਾਂ ਵਿਚ ਕਈ ਰਾਜੇ ਵੀ ਸਨ, ਜੋ ਨਰਕ ਵਾਲਾ ਜੀਵਨ ਬਤੀਤ ਕਰ ਰਹੇ ਸਨ) 'ਤੇ ਖਰਚ ਕਰ ਦਿੰਦੇ ਸਨ। ਗੁਰਦੇਵ ਦੇ ਜਾਣ ਨਾਲ ਸਾਰਾ ਵਾਤਾਵਰਨ ਹੀ ਬਦਲ ਗਿਆ। ਸਾਈਂ ਮੀਆਂ ਮੀਰ ਜੀ ਜੋ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਖਲੀਫ਼ਾ 'ਉਮਰ' ਦੀ ਅੰਸ਼ ਵਿੱਚੋਂ ਸਨ, ਮੁਸਲਮਾਨਾਂ ਵਿਚ ਉਨ੍ਹਾਂ ਦਾ ਬਹੁਤ ਅਸਰ-ਰਸੂਖ ਸੀ। ਉਨ੍ਹਾਂ ਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦੀ ਤੋਂ ਰਿਹਾਅ ਕਰਵਾਉਣ ਵਿਚ ਵੱਡਾ ਹੱਥ ਸੀ। ਜਦ ਵਜ਼ੀਰ ਖਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਦਾ ਹੁਕਮ ਲੈ ਕੇ ਗਵਾਲੀਅਰ ਪੁੱਜਾ ਤਾਂ ਗੁਰੂ ਸਾਹਿਬ ਨੇ ਰਾਜਿਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਗੁਰੂ ਸਾਹਿਬ ਦੀ ਜ਼ਮਾਨਤ ਉੱਪਰ ਸਭ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਸੋ ਗੁਰੂ ਜੀ ਨੇ ਬਵਿੰਜਾ ਕਲੀਆਂ ਵਾਲਾ ਖੁੱਲ੍ਹਾ ਚੋਗਾ ਬਣਵਾਇਆ ਤੇ ਉਸ ਦੀ ਇਕ-ਇਕ ਕਲੀ ਉਨ੍ਹਾਂ ਬਵਿੰਜਾ

ਰਾਜਿਆਂ ਦੇ ਹੱਥ ਫੜਾ ਕੇ ਸਭ ਨੂੰ ਲੈ ਕੇ ਹੀ ਕਿਲ੍ਹੇ ਤੋਂ ਬਾਹਰ ਆਏ। ਇਸ ਉਪਕਾਰ ਦਾ ਸਦਕਾ ਲੋਕ ਗੁਰੂ ਮਹਾਰਾਜ ਨੂੰ 'ਬੰਦੀਛੋੜ' ਕਹਿਣ ਲੱਗ ਪਏ।

ਬਾਦਸ਼ਾਹ ਨੇ ਚੰਦੂ ਨੂੰ ਮੁਜ਼ਰਮ ਦੀ ਹੈਸੀਅਤ ਵਿਚ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਲਾਹੌਰ ਪਹੁੰਚੇ। ਸਿੱਖਾਂ ਦੇ ਦਿਲਾਂ ਵਿਚ ਚੰਦੂ ਵਿਰੁੱਧ ਬਹੁਤ ਗੁੱਸਾ ਸੀ। ਸੋ ਸਿੱਖਾਂ ਨੇ ਚੰਦੂ ਨੂੰ ਬੁਰੀ ਹਾਲਤ 'ਚ ਸਾਰੇ ਸ਼ਹਿਰ ਵਿਚ ਫੇਰਿਆ। ਜਦੋਂ ਚੰਦੂ ਉਸ ਭਠਿਆਰੇ ਸਾਹਮਣੇ ਗਿਆ, ਜਿਸ ਨੂੰ ਕਦੇ ਚੰਦੂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸੀਸ ਵਿਚ ਸੜਦੀ ਰੇਤ ਪਾਉਣ ਵਾਸਤੇ ਮਜਬੂਰ ਕੀਤਾ ਸੀ ਤਾਂ ਭਠਿਆਰਾ ਆਪਣੇ ਕ੍ਰੋਧ 'ਤੇ ਕਾਬੂ ਨਾ ਪਾ ਸਕਿਆ। ਉਸ ਨੇ ਉਹੀ ਕੜਛਾ (ਜਿਸ ਨਾਲ ਗੁਰੂ ਸਾਹਿਬ 'ਤੇ ਰੇਤ ਪਾਈ ਸੀ) ਚੰਦੂ ਦੇ ਸਿਰ ਉੱਤੇ ਇੰਨੇ ਜ਼ੋਰ ਨਾਲ ਮਾਰਿਆ ਕਿ ਚੰਦੂ ਦੀ ਮੌਤ ਹੋ ਗਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ੧੬੬੩ ਤੋਂ ੧੬੬੫ ਬਿ., ਕਿਲ੍ਹਾ ਲੋਹਗੜ੍ਹ, ਲਾਹੌਰ ਵਿਚ ਪੰਜਵੇਂ ਗੁਰੂ ਜੀ ਦਾ ਸ਼ਹੀਦੀ ਅਸਥਾਨ ਡੇਹਰਾ ਸਾਹਿਬ ੧੬੭੦ ਵਿਚ, ਹਰਿਗੋਬਿੰਦਪੁਰਾ ੧੯ ਅੱਸੂ ੧੬੭੭ ਵਿਚ ਅਤੇ ਕੀਰਤਪੁਰ ੧੬੮੩ ਵਿਚ ਪਹਾੜੀਆਂ ਦੇ ਨੇੜੇ ਵਸਾਇਆ।

ਗੁਜਰਾਤ ਵਿਚ ਪੀਰ ਸ਼ਾਹ ਦੌਲਾ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਲਾਕਾਤ ਹੋਈ। ਗੁਰੂ ਸਾਹਿਬ ਦਾ ਠਾਠ ਦੇਖ ਕੇ ਉਸ ਨੇ ਚਾਰ ਸਵਾਲ ਕੀਤੇ:

*ਔਰਤ ਕੀ ਤੇ ਫ਼ਕੀਰੀ ਕੀ? ਹਿੰਦੂ ਕੀ ਤੇ ਪੀਰੀ ਕੀ?*
*ਪੁੱਤਰ ਕੀ ਤੇ ਵੈਰਾਗ ਕੀ? ਦੌਲਤ ਕੀ ਤੇ ਤਿਆਗ ਕੀ?*

ਗੁਰੂ ਸਾਹਿਬ ਨੇ ਉੱਤਰ ਦਿੱਤਾ:

*ਔਰਤ ਈਮਾਨ ਹੈ। ਪੁੱਤਰ ਨਿਸ਼ਾਨ ਹੈ।*
*ਦੌਲਤ ਗੁਜ਼ਰਾਨ ਹੈ। ਫ਼ਕੀਰ ਨਾ ਹਿੰਦੂ ਨਾ ਮੁਸਲਮਾਨ ਹੈ।*

ਕਾਬਲ ਤੇ ਪਿਸ਼ਾਵਰ ਦੀ ਸੰਗਤ ਦੇ ਨਾਲ ਇਲਾਕੇ ਦੇ ਮਸੰਦ ਭਾਈ ਤਾਰਾ ਚੰਦ ਤੇ ਬਖਤ ਮੱਲ ਗੁਰੂ ਮਹਾਰਾਜ ਵਾਸਤੇ ਦੋ ਸੁੰਦਰ ਘੋੜੇ ਲਿਆ ਰਹੇ ਸਨ ਤਾਂ ਉੱਥੋਂ ਦੇ ਹਾਕਮ ਨੇ ਜਬਰਦਸਤੀ ਘੋੜੇ ਖੋਹ ਕੇ ਅਸਤਬਲ ਵਿਚ ਦਾਖ਼ਲ ਕਰ ਲਏ। ਗੁਰੂ ਸਾਹਿਬ ਕੋਲ ਫ਼ਰਿਆਦ ਪਹੁੰਚੀ ਤਾਂ ਉਨ੍ਹਾਂ ਬਿਧੀ ਚੰਦ ਨੂੰ ਭੇਜਿਆ। ਉਹ ਘੋੜੇ ਲੈ ਆਇਆ ਤਾਂ ਉਨ੍ਹਾਂ ਮਗਰ ਵੀਹ ਹਜ਼ਾਰ ਫੌਜ ਚੜ੍ਹਾ ਭੇਜੀ। ਸੰਨ ੧੬੮੮ ਵਿਚ ਹੋਈ ਜੰਗ ਵਿਚ ਸਾਰੇ ਹੀ ਨਾਮਵਰ ਜਰਨੈਲ ਜੰਗ ਦੀ ਭੇਟਾ ਹੋ ਗਏ। ਬਾਕੀ ਸੈਨਿਕ ਪ੍ਰਾਣ ਬਚਾ ਕੇ ਲਾਹੌਰ ਮੁੜ ਗਏ। ਯੁੱਧ ਦੀ ਯਾਦ ਵਿਚ ਮਹਾਰਾਜ ਨੇ ਸਰੋਵਰ ਬਣਵਾਇਆ ਜਿਸ ਦਾ ਨਾਮ 'ਗੁਰੂ ਸਰ' ਰੱਖਿਆ। ਕਰਤਾਰਪੁਰ ਵਿਚ ਪੈਂਦੇ ਖਾਂ ਗੁਰੂ ਜੀ ਦੀ ਤਲਵਾਰ ਦੀ ਭੇਟਾ ਹੋ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲ ਫ਼ੌਜਾਂ ਨਾਲ ਚਾਰ ਜੰਗ ਲੜੇ ਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।

*ਬਾਕੀ ਸਫ਼ਾ ੨੦ 'ਤੇ*

# ਭਗਤ ਕਬੀਰ ਜੀ ਦੀ ਮਹਾਨਤਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਭਗਤ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਭਾਰਤੀ ਫ਼ਲਸਫ਼ੇ ਨੂੰ ਇਕ ਨਵਾਂ ਰੰਗ ਦੇਣ ਦਾ ਯਤਨ ਕੀਤਾ ਹੈ। ਇਹ ਨਵਾਂ ਰੰਗ ਸੀ ਰੱਬੀ ਸਾਂਝ ਤੇ ਮਨੁੱਖੀ ਏਕਤਾ ਦਾ। ਬਹੁਤੇ ਭਗਤ ਸਾਹਿਬਾਨ ਅਖੌਤੀ ਨੀਵੀਆਂ ਸ਼੍ਰੇਣੀਆਂ ਵਿੱਚੋਂ ਆਏ ਸਨ। ਉਨ੍ਹਾਂ ਨੇ ਆਪਣੀ ਭਗਤੀ-ਸਾਧਨਾ ਤੇ ਅਨੁਭਵ ਦੀ ਵਿਸ਼ਾਲਤਾ ਨਾਲ ਬ੍ਰਾਹਮਣ ਵਰਗ ਦਾ ਇਹ ਭਰਮ ਦੂਰ ਕਰ ਦਿੱਤਾ ਸੀ ਕਿ ਰੱਬ ਦਾ ਗਿਆਨ ਸਿਰਫ਼ ਬ੍ਰਾਹਮਣ ਦੇ ਮਨ ਵਿਚ ਹੀ ਉਪਜ ਸਕਦਾ ਹੈ ਤੇ ਅਖੌਤੀ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਰੱਬੀ ਗਿਆਨ ਦੀ ਪ੍ਰਾਪਤੀ ਹੋਣੀ ਅਸੰਭਵ ਹੈ। ਭਗਤ ਕਬੀਰ ਜੀ ਤੋਂ ਪਹਿਲਾਂ ਭਗਤ ਰਵਿਦਾਸ ਜੀ ਨੇ ਇਸ ਵਿਚਾਰਧਾਰਾ ਦਾ ਅਰੰਭ ਕਰ ਦਿੱਤਾ ਸੀ। ਭਗਤ ਕਬੀਰ ਜੀ ਨੇ ਇਸ ਵਿਚ ਹੋਰ ਤੀਖਣਤਾ, ਸਪੱਸ਼ਟਤਾ ਤੇ ਵਿਸ਼ਾਲਤਾ ਦਾ ਸੰਚਾਰ ਕੀਤਾ।

ਭਗਤ ਕਬੀਰ ਜੀ ਦਾ ਜਨਮ ੧੩੯੮ ਈ. ਵਿਚ ਬਨਾਰਸ ਵਿਖੇ ਹੋਇਆ। ਬਨਾਰਸ ਸਦੀਆਂ ਤੋਂ ਹੀ ਬ੍ਰਾਹਮਣਵਾਦ ਦਾ ਗੜ੍ਹ ਰਿਹਾ ਹੈ। ਇੱਥੇ ਜਾਤ-ਪਾਤ ਦੀ ਭਾਵਨਾ ਅਤੇ ਹੋਰ ਬ੍ਰਾਹਮਣੀ ਰਸਮਾਂ ਦਾ ਬੜਾ ਜ਼ੋਰ ਸੀ। ਇੱਥੇ ਪਰਮਾਤਮਾ ਨੂੰ ਮੂਰਤੀਆਂ ਦੇ ਰੂਪ ਵਿਚ ਪੂਜਿਆ ਜਾਂਦਾ ਸੀ। ਇਹ ਰੱਬ ਦਾ ਰੂਪ ਸਿਰਫ਼ ਹਿੰਦੂ ਉੱਚ-ਜਾਤੀਆਂ ਤਕ ਹੀ ਸੀਮਤ ਸੀ। ਮੁਸਲਮਾਨਾਂ ਅਤੇ ਅਛੂਤਾਂ ਨੂੰ ਰੱਬ ਤੋਂ ਦੂਰ ਤੇ ਬੁਰੇ ਸਮਝਿਆ ਜਾਂਦਾ ਸੀ। ਇਸਲਾਮ ਵਾਲੇ ਹਿੰਦੂਆਂ ਨੂੰ ਕਾਫ਼ਰ ਸਮਝਦੇ ਸਨ। ਭਗਤ ਕਬੀਰ ਜੀ ਦਾ ਅਨੁਭਵ ਬ੍ਰਾਹਮਣ ਸੋਚ ਤੋਂ ਕਿਤੇ ਵਿਸ਼ਾਲ ਤੇ ਡੂੰਘਾ ਸੀ। ਉਹ ਅੱਲ੍ਹਾ ਤੇ ਰਾਮ ਵਿਚ ਕੋਈ ਅੰਤਰ ਨਹੀਂ ਕਰਦੇ ਸਨ। ਉਨ੍ਹਾਂ ਦਾ ਪਰਮਾਤਮਾ ਮੰਦਰਾਂ ਵਿਚ ਨਹੀਂ ਸਗੋਂ ਸਾਰੀ ਲੋਕਾਈ ਵਿਚ ਵੱਸਦਾ ਵਿਖਾਈ ਦਿੰਦਾ ਸੀ।ਉਸ ਪਰਮਾਤਮਾ ਨੇ ਜੋਤ ਰੂਪ ਹੋ ਕੇ ਸਭ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਇਸ ਲਈ ਉਸ ਨੂੰ ਸਾਰੇ ਮਨੁੱਖ ਬਰਾਬਰ ਹਨ, ਇਨ੍ਹਾਂ ਵਿਚ ਕੋਈ ਅੰਤਰ ਨਹੀਂ ਹੈ। ਪਰਮਾਤਮਾ ਦਾ ਇਹ ਰੂਪ ਬ੍ਰਾਹਮਣ ਵਰਗ ਤੇ ਇਸਲਾਮ ਦੇ ਪੂਜਾ-ਵਿਧਾਨ ਅਤੇ ਕਰਮ-ਕਾਂਡ ਦੇ ਤੰਗ ਦਾਇਰੇ ਦੇ ਟਾਕਰੇ 'ਤੇ ਵਿਸ਼ਾਲ ਅਤੇ ਵਿਆਪਕ ਸੀ। ਭਗਤ ਕਬੀਰ ਜੀ ਦੇ ਇਸ ਸ਼ਬਦ ਵਿੱਚੋਂ ਅੰਤਮ ਸੱਚ ਸਪੱਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥*
*ਲੋਗਾ ਭਰਮਿ ਨ ਭੂਲਹੁ ਭਾਈ॥*

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦.*

*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯-੫੦)*

ਬ੍ਰਾਹਮਣਵਾਦ ਪਰਮਾਤਮਾ ਨੂੰ ਅਮਲੀ ਤੌਰ 'ਤੇ ਮਨੁੱਖ ਦੀ ਮੂਰਤੀ ਦੇ ਰੂਪ ਵਿਚ ਹੀ ਵੇਖਦਾ ਆਇਆ ਹੈ। ਇਸ ਧਾਰਨਾ ਨੇ ਭਾਰਤੀ ਸੋਚ ਨੂੰ ਸੀਮਤ ਹੀ ਰੱਖਿਆ ਹੈ। ਇਸੇ ਸੰਕੁਚਿਤ ਆਧਾਰ ਕਾਰਨ ਹੀ ਭਾਰਤੀ ਕਿਰਦਾਰ ਵਿਚ ਹਿਰਦੇ ਦੀ ਵਿਸ਼ਾਲਤਾ ਤੇ ਭਾਈਚਾਰੇ ਦੀ ਭਾਵਨਾ ਦੀ ਸਦਾ ਅਣਹੋਂਦ ਹੀ ਰਹੀ ਹੈ। ਇਸਲਾਮ ਨੇ ਇੱਥੇ ਰਾਜ ਸਥਾਪਿਤ ਕਰ ਕੇ ਦੋ ਸਦੀਆਂ ਵਿਚ ਹੀ ਲੋਕਾਂ ਨੂੰ ਵੱਡੀ ਗਿਣਤੀ ਵਿਚ ਮੁਸਲਮਾਨ ਬਣਾਇਆ ਸੀ, ਪਰ ਸਨਾਤਨ ਧਰਮ ਦੀ ਮਰਯਾਦਾ ਕਰਮ-ਕਾਂਡ ਦੀ ਭਰਮ-ਰੇਖਾ ਵਿਚ ਹੀ ਸੁੰਗੜੀ ਬੈਠੀ ਸੀ। ਭਗਤ ਕਬੀਰ ਜੀ ਬ੍ਰਾਹਮਣਾਂ ਦੇ ਕਾਇਮ ਕੀਤੇ ਭਰਮ ਨੂੰ ਤੋੜ ਦੇਣਾ ਚਾਹੁੰਦੇ ਸਨ। ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿਚ ਮੂਰਤੀ ਪੂਜਾ ਦਾ ਖੰਡਨ ਕੀਤਾ। ਬਨਾਰਸ ਵਿਚ ਬੈਠ ਕੇ ਮੂਰਤੀ ਪੂਜਾ ਦਾ ਵਿਰੋਧ ਕਰਨਾ ਅਤੇ ਭਗਵਾਨ ਦੀ ਮੂਰਤੀ ਨੂੰ ਪੱਥਰ ਕਹਿ ਦੇਣਾ ਇਕ ਵੱਡੀ ਦਲੇਰੀ ਦਾ ਕਦਮ ਸੀ। ਉਨ੍ਹਾਂ ਨੇ ਇਸ ਵਿਚਾਰ ਨੂੰ ਬਹੁਤ ਸੁੰਦਰ ਤੇ ਰਸੀਲੇ ਢੰਗ ਨਾਲ ਬਿਆਨਿਆ ਹੈ। ਮੂਰਤੀ ਪੂਜਾ ਲਈ ਫੁੱਲ-ਪੱਤੀਆਂ ਤੋੜਦੀ ਮਾਲਣੀ ਨੂੰ ਸੰਬੋਧਨ ਕਰ ਕੇ ਭਗਤ ਕਬੀਰ ਜੀ ਫ਼ੁਰਮਾਉਂਦੇ ਹਨ:

*ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥*
*ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥੧॥*
*ਭੂਲੀ ਮਾਲਨੀ ਹੈ ਏਉ॥*
*ਸਤਿਗੁਰੁ ਜਾਗਤਾ ਹੈ ਦੇਉ ॥੧॥ਰਹਾਉ॥*
*ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥*
*ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥੨॥*
*ਪਾਖਾਨ ਗਢਿ ਕੈ ਮੂਰਤਿ ਕੀਨ੍ੀ ਦੇ ਕੈ ਛਾਤੀ ਪਾਉ॥*
*ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਣਹਾਰੇ ਖਾਉ॥੩॥*
*ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥*
*ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥੪॥*
*ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ॥*
*ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ॥੫॥੧॥੧੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੯)*

ਕਬੀਰ ਸਾਹਿਬ ਨੇ ਨਿਰਗੁਣ ਬ੍ਰਹਮ ਦਾ ਪ੍ਰਚਾਰ ਕੀਤਾ ਹੈ। ਜਦੋਂ ਤੁਲਸੀ ਦਾਸ ਵਰਗੇ ਕਵੀ ਰਾਮ-ਭਗਤੀ ਦਾ ਪ੍ਰਚਾਰ ਕਰ ਰਹੇ ਸਨ ਉਸ ਵੇਲੇ ਭਗਤ ਕਬੀਰ ਜੀ ਨੇ ਨਿਰਗੁਣ ਬ੍ਰਹਮ ਦੀ ਭਗਤੀ ਕੀਤੀ ਸੀ। ਬ੍ਰਾਹਮਣੀ ਵਿਚਾਰਧਾਰਾ ਅਨੁਸਾਰ ਅਵਤਾਰ ਪਰਮਾਤਮਾ ਦਾ ਹੀ ਰੂਪ ਹਨ। ਪਾਰਬ੍ਰਹਮ ਮਨੁੱਖ ਰੂਪ ਧਾਰਨ ਕਰਦਾ ਹੈ; ਕਿਸੇ ਦੇ

ਘਰ ਜਨਮ ਲੈਂਦਾ ਹੈ। ਕਬੀਰ ਸਾਹਿਬ ਨੇ ਅਵਤਾਰਵਾਦ ਦੇ ਇਸ ਸਿਧਾਂਤ ਨੂੰ ਗ਼ਲਤ ਕਿਹਾ ਹੈ। ਉਨ੍ਹਾਂ ਨੇ ਪਰਮਾਤਮਾ ਉਸੇ ਸ਼ਕਤੀ ਨੂੰ ਮੰਨਿਆ ਹੈ ਜੋ ਜੂਨੀ ਵਿਚ ਨਹੀਂ ਆਉਂਦਾ ਅਤੇ ਜਿਸ ਦਾ ਕੋਈ ਮਾਂ-ਬਾਪ ਨਹੀਂ ਹੈ:

*ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥*
*ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥੨॥੧੯॥੭੦॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੯)*

ਕਬੀਰ ਸਾਹਿਬ ਦਾ ਗਿਆਨ ਏਨਾ ਪ੍ਰਚੰਡ ਸੀ ਕਿ ਉਨ੍ਹਾਂ ਦੇ ਸਾਹਮਣੇ ਸਾਰੇ ਝੂਠੇ ਵਿਸ਼ਵਾਸ ਤੇ ਭਰਮ ਠਹਿਰ ਨਹੀਂ ਸਕੇ। ਉਨ੍ਹਾਂ ਦਾ ਗਿਆਨ ਇਕ ਵੱਡਾ ਇਨਕਲਾਬੀ ਗਿਆਨ ਸੀ। ਇਹ ਇਕ ਹਨੇਰੀ ਵਾਂਗ ਸੀ ਜਿਸ ਨੇ ਸਾਰੀਆਂ ਪੁਰਾਤਨ ਰਹੁ-ਰੀਤਾਂ, ਪੂਜਾ-ਅਰਚਨਾ ਦੀਆਂ ਵਿਧੀਆਂ ਨੂੰ ਰੱਦ ਕਰ ਦਿੱਤਾ ਸੀ। ਆਪ ਫ਼ੁਰਮਾਉਂਦੇ ਹਨ:

*ਦੇਖੌ ਭਾਈ ਗ੍ਹਾਨ ਕੀ ਆਈ ਆਂਧੀ॥*
*ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੧)*

ਉਨ੍ਹਾਂ ਨੂੰ ਸੱਚ ਦਾ ਪ੍ਰਤੱਖ ਗਿਆਨ ਸੀ। ਉਨ੍ਹਾਂ ਦੇ ਸਭ ਸ਼ੰਕੇ ਦੂਰ ਹੋ ਚੁਕੇ ਸਨ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਬ੍ਰਾਹਮਣ, ਕਾਜ਼ੀ ਤੇ ਜੋਗੀ ਕੂੜ ਦਾ ਪ੍ਰਚਾਰ ਕਰ ਰਹੇ ਹਨ ਤੇ ਲੋਕਾਂ ਨੂੰ ਭੁਲੇਖਿਆਂ ਵਿਚ ਪਾ ਕੇ ਲੁੱਟ-ਖਸੁੱਟ ਕਰ ਰਹੇ ਹਨ, ਲੋਕਾਂ 'ਤੇ ਜ਼ੁਲਮ ਕਰ ਰਹੇ ਹਨ। ਕਬੀਰ ਸਾਹਿਬ ਨੇ ਸੱਚ ਦਾ ਢੰਡੋਰਾ ਦਿੱਤਾ ਅਤੇ ਇਨ੍ਹਾਂ ਤਿੰਨਾਂ ਵਰਗਾਂ ਦੇ ਝੂਠ ਦਾ ਪਾਜ ਉਘਾੜਿਆ ਹੈ। ਉਨ੍ਹਾਂ ਨੇ ਬ੍ਰਾਹਮਣ ਨੂੰ ਕਿਹਾ ਕਿ ਜਿਸ ਜਨੇਊ ਦਾ ਤੂੰ ਮਾਣ ਕਰਦਾ ਹੈਂ ਇਹੋ ਜਿਹੇ ਧਾਗੇ ਸਾਡੇ ਘਰ ਬਹੁਤ ਹਨ, ਕਿਉਂਕਿ ਉਨ੍ਹਾਂ ਦੇ ਮਾਂ-ਬਾਪ ਜੁਲਾਹੇ ਸਨ ਤੇ ਕੱਪੜਾ ਬੁਣਨ ਦਾ ਕੰਮ ਕਰਦੇ ਸਨ:

*ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥*
*ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੨)*

ਉਨ੍ਹਾਂ ਨੇ ਮੁਸਲਮਾਨ ਕਾਜ਼ੀ ਨੂੰ ਵੀ ਕਿਹਾ ਕਿ ਉਸ ਪਰਮਾਤਮਾ ਦਾ ਧਿਆਨ ਧਰ, ਜਿਸ ਨੇ ਹਿੰਦੂ ਮੁਸਲਮਾਨ ਦੋਵੇਂ ਬਣਾਏ ਹਨ, ਜੋ ਦੋਵਾਂ ਦਾ ਸਾਂਝਾ ਹੈ। ਜਿਹੜੇ ਪਰਮਾਤਮਾ ਦਾ ਗਿਆਨ ਨਹੀਂ ਰੱਖਦੇ, ਸਿਰਫ਼ ਕੁਰਾਨ ਆਦਿ ਪੁਸਤਕਾਂ ਦਾ ਹੀ ਵਿਖਿਆਨ ਕਰਦੇ ਹਨ ਉਨ੍ਹਾਂ ਨੂੰ ਸਹੀ ਮਾਰਗ ਉੱਪਰ ਨਹੀਂ ਕਿਹਾ ਜਾ ਸਕਦਾ। ਭਗਤ ਕਬੀਰ ਜੀ ਫ਼ੁਰਮਾਉਂਦੇ ਹਨ:

*ਕਾਜੀ ਤੈ ਕਵਨ ਕਤੇਬ ਬਖਾਨੀ॥*
*ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੭)*

ਉਨ੍ਹਾਂ ਨੇ ਜੋਗੀ ਨੂੰ ਆਖਿਆ ਕਿ ਨੰਗੇ ਫਿਰਨ ਨਾਲ, ਸਿਰ ਮੁਨਾਉਣ ਨਾਲ ਤੇ ਬਿੰਦ ਰੱਖਣ ਨਾਲ ਜੋਗੀ ਨਹੀਂ ਹੋਇਆ ਜਾਂਦਾ। ਜੇ ਅਜਿਹਾ ਹੁੰਦਾ ਤਾਂ ਜੰਗਲ ਦਾ ਜਾਨਵਰ, ਭੇਡ ਅਤੇ ਖੁਸਰਾ ਪਰਮਗਤੀ ਨੂੰ ਪ੍ਰਾਪਤ ਹੋ ਜਾਂਦੇ:

*ਨਗਨ ਫਿਰਤ ਜੌ ਪਾਈਐ ਜੋਗੁ॥*
*ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥੧॥*
*ਕਿਆ ਨਾਗੇ ਕਿਆ ਬਾਧੇ ਚਾਮ॥*
*ਜਬ ਨਹੀ ਚੀਨਸਿ ਆਤਮ ਰਾਮ॥੧॥ਰਹਾਉ॥*
*ਮੂਡ ਮੁੰਡਾਏ ਜੌ ਸਿਧਿ ਪਾਈ॥*
*ਮੁਕਤੀ ਭੇਡ ਨ ਗਈਆ ਕਾਈ॥੨॥*
*ਬਿੰਦੁ ਰਾਖਿ ਜੌ ਤਰੀਐ ਭਾਈ॥*
*ਖੁਸਰੈ ਕਿਉ ਨ ਪਰਮ ਗਤਿ ਪਾਈ॥੩॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੪)*

ਉਨ੍ਹਾਂ ਨੇ ਬ੍ਰਾਹਮਣਾਂ ਦੇ ਜਾਤੀ ਅਭਿਮਾਨ ਦਾ ਖੰਡਨ ਕੀਤਾ ਹੈ। ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ ਉਹ ਹੀ ਸੱਚਾ ਬ੍ਰਾਹਮਣ ਹੈ। ਕਿਸੇ ਜਾਤੀ ਵਿਚ ਜਨਮ ਲੈਣ ਕਰਕੇ ਕੋਈ ਬ੍ਰਾਹਮਣ ਜਾਂ ਸ਼ੂਦਰ ਨਹੀਂ ਬਣ ਜਾਂਦਾ। ਉਨ੍ਹਾਂ ਦੇ ਬਚਨ ਹਨ:

*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥*
*ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੪)*

ਉਨ੍ਹਾਂ ਨੂੰ ਬ੍ਰਾਹਮਣ ਵਰਗ ਵਿਚ ਕਿਸੇ ਵੀ ਤਰ੍ਹਾਂ ਦਾ ਕੋਈ ਧਾਰਮਿਕ ਸੱਚ ਨਜ਼ਰ ਨਹੀਂ ਆਇਆ। ਇਸ ਨੇ ਲੋਕਾਂ ਨੂੰ ਧੋਖਾ ਦੇਣ ਲਈ ਹੀ ਇਹ ਰੂਪ ਧਾਰਨ ਕੀਤਾ ਹੈ। ਪ੍ਰਭੂ ਦੇ ਗਿਆਨ ਨਾਲ ਇਸ ਵਰਗ ਉਨ੍ਹਾਂ ਦਾ ਕੋਈ ਵਾਸਤਾ ਹੀ ਨਹੀਂ ਹੈ। ਇਨ੍ਹਾਂ ਦੀ ਤਸਵੀਰ ਉਹ ਬਾਣੀ ਵਿਚ ਇੰਜ ਪੇਸ਼ ਕਰਦੇ ਹਨ:

*ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥*
*ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥*
*ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੬)*

ਕਾਜ਼ੀ, ਬ੍ਰਾਹਮਣ ਆਦਿ ਪੁਜਾਰੀ ਵਰਗ ਨਾਲੋਂ ਉਹ ਹਰੀ ਦੀ ਭਗਤੀ ਕਰਨ ਵਾਲੇ ਸੰਤਾਂ ਮਹਾਤਮਾਂ ਨੂੰ ਬਹੁਤ ਉੱਤਮ ਮੰਨਦੇ ਸਨ। ਸੰਤਾਂ, ਭਗਤਾਂ ਦੀ ਮਹਿਮਾ ਦਾ ਉਨ੍ਹਾਂ ਨੇ ਭਰਪੂਰ ਵਰਣਨ ਕੀਤਾ ਹੈ। ਸੰਤਾਂ ਦੀ ਸੰਗਤ ਕਰਨ ਤੇ ਸੰਤਾਂ ਦੀ ਸੇਵਾ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ। ਸੰਤਾਂ ਨੂੰ ਸਿਰਫ਼ ਸੰਤਾਂ ਨਾਲ ਹੀ ਗੋਸ਼ਟੀ ਕਰਨੀ ਚਾਹੀਦੀ ਹੈ। ਅਸੰਤ ਵਿਅਕਤੀਆਂ, ਪਾਖੰਡੀਆਂ ਤੇ ਨਾਸਤਕਾਂ ਨਾਲ ਝੱਖ ਨਹੀਂ ਮਾਰਨੀ ਚਾਹੀਦੀ:

*ਸੰਤੁ ਮਿਲੈ ਕਿਛੁ ਸੁਨੀਐ ਕਹੀਐ॥*

*ਮਿਲੈ ਅਸੰਤੁ ਮਸਟਿ ਕਰਿ ਰਹੀਐ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੦)*

ਕਬੀਰ ਸਾਹਿਬ ਪਰਮਾਤਮਾ ਨੂੰ ਸੰਤਾਂ ਦਾ ਰਾਖਾ ਮੰਨਦੇ ਹਨ। ਪਰਮਾਤਮਾ ਸੱਚੇ ਸੰਤਾਂ ਨੂੰ ਸਦਾ ਮਾਨ ਬਖ਼ਸ਼ਦਾ ਹੈ। ਸੋ ਜੋ ਲੋਕ ਸੰਤਾਂ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨਾਲ ਦੁਤੀਆ-ਭਾਵ ਰੱਖਦੇ ਹਨ ਉਨ੍ਹਾਂ ਨੂੰ ਉਹ ਡੰਨ ਦਿੰਦਾ ਹੈ। ਇਸ ਲਈ ਕਬੀਰ ਸਾਹਿਬ ਸਭ ਕੁਝ ਛੱਡ ਕੇ ਪਰਮਾਤਮਾ ਦੀ ਹੀ ਸੇਵਾ ਵਿਚ ਲੀਨ ਰਹਿੰਦੇ ਹਨ। ਉਨ੍ਹਾਂ ਦਾ ਫ਼ੁਰਮਾਨ ਹੈ:

*ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥*
*ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੯)*

ਉਨ੍ਹਾਂ ਦੀ ਬਾਣੀ ਵਿੱਚੋਂ ਇਹ ਪ੍ਰਮਾਣ ਵੀ ਮਿਲਦਾ ਹੈ ਕਿ ਉਹ ਸਾਬਤ-ਸੂਰਤ ਸਨ। ਉਹ ਆਪ ਪੂਰਨ ਕੇਸਾਧਾਰੀ ਸਨ। ਇਸ ਲਈ ਉਨ੍ਹਾਂ ਨੇ ਉਪਰੋਕਤ ਸ਼ਬਦ ਵਿਚ ਕੇਸਾਂ ਦਾ ਚੌਰ (ਚਵਰ) ਬਣਾ ਕੇ ਹਰੀ ਰੂਪ ਰਾਜੇ 'ਤੇ ਫੇਰਨ ਦਾ ਭਾਵ ਪ੍ਰਗਟ ਕੀਤਾ ਹੈ। ਕਬੀਰ ਸਾਹਿਬ ਅਨੁਸਾਰ ਹਰੀ ਹੀ ਸਭ ਤੋਂ ਵੱਡਾ ਰਾਜਾ ਹੈ। ਉਹ ਪਰਜਾ 'ਤੇ ਜ਼ੁਲਮ ਕਰਨ ਵਾਲੇ ਰਾਜਿਆਂ ਨੂੰ ਕੋਈ ਮਹੱਤਵ ਨਹੀਂ ਦਿੰਦੇ। ਉਨ੍ਹਾਂ ਅਨੁਸਾਰ ਦੁਨਿਆਵੀ ਭੂਪਤਿ ਚਾਰ ਦਿਨਾਂ ਦੇ ਪ੍ਰਾਹੁਣੇ ਹਨ ਜੋ ਝੂਠੀ ਸ਼ਾਨ ਵਿਖਾਉਂਦੇ ਹਨ:

*ਕੋਊ ਹਰਿ ਸਮਾਨਿ ਨਹੀ ਰਾਜਾ॥*
*ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ਰਹਾਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੬)*

ਭਗਤ ਕਬੀਰ ਜੀ ਦੇ ਸਮੇਂ ਮੁਹੰਮਦ ਤੁਗ਼ਲਕ ਦਾ ਰਾਜ ਸੀ। ਉਸ ਵੇਲੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਂਦਾ ਸੀ। ਭਗਤ ਕਬੀਰ ਜੀ ਦੀ ਪ੍ਰਸਿੱਧੀ ਬਹੁਤ ਹੋ ਚੁਕੀ ਸੀ। ਕਾਜ਼ੀਆਂ ਦੇ ਚੁਗਲੀ ਕਰਨ 'ਤੇ ਭਗਤ ਕਬੀਰ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਮੁਸਲਮਾਨ ਬਣਨ ਲਈ ਕਿਹਾ ਗਿਆ। ਉਨ੍ਹਾਂ ਦੇ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਹਾਥੀ ਅੱਗੇ ਬੰਨ੍ਹ ਕੇ ਸੁਟਵਾਇਆ ਗਿਆ ਤੇ ਗੰਗਾ ਵਿਚ ਡੁਬਾਉਣ ਦਾ ਯਤਨ ਕੀਤਾ ਗਿਆ। ਭਗਤ ਨਾਮਦੇਵ ਜੀ ਵਾਂਗ ਉਨ੍ਹਾਂ ਦੀ ਰੱਖਿਆ ਪਰਮਾਤਮਾ ਨੇ ਕੀਤੀ। ਇਸ ਦਾ ਵਰਣਨ ਉਨ੍ਹਾਂ ਦੀ ਬਾਣੀ ਵਿੱਚੋਂ ਇਸ ਤਰ੍ਹਾਂ ਮਿਲਦਾ ਹੈ:

*-ਭੁਜਾ ਬਾਂਧਿ ਭਿਲਾ ਕਰਿ ਡਾਰਿਓ॥*
*ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥*
*ਹਸਤਿ ਭਾਗਿ ਕੈ ਚੀਸਾ ਮਾਰੈ॥*
*ਇਆ ਮੂਰਤਿ ਕੈ ਹਉ ਬਲਿਹਾਰੈ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੦)*
*-ਗੰਗ ਗੁਸਾਇਨਿ ਗਹਿਰ ਗੰਭੀਰ॥*
*ਜੰਜੀਰ ਬਾਂਧਿ ਕਰਿ ਖਰੇ ਕਬੀਰ॥੧॥*

*ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥*
*ਚਰਨ ਕਮਲ ਚਿਤੁ ਰਹਿਓ ਸਮਾਇ॥ਰਹਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੨)*

ਹਰੀ ਦੇ ਨਾਮ ਵਿਚ ਲੀਨ ਹੋਣ ਕਰਕੇ ਭਗਤ ਕਬੀਰ ਜੀ ਅਜਿਹੀ ਅਵਸਥਾ ਨੂੰ ਪਹੁੰਚ ਚੁੱਕੇ ਸਨ ਜਿੱਥੇ ਕਿ ਮੌਤ ਦਾ ਕੋਈ ਭੈ ਨਹੀਂ ਸੀ। ਉਨ੍ਹਾਂ ਨੇ ਆਪਣੇ ਆਪੇ ਨੂੰ ਛੱਡ ਕੇ ਪਰਮਾਤਮਾ ਦਾ ਪਰਮਾਨੰਦ ਪ੍ਰਾਪਤ ਕਰ ਲਿਆ ਸੀ, ਹੁਣ ਉਹ ਕਿਸੇ ਤਰ੍ਹਾਂ ਵੀ ਮਰ ਨਹੀਂ ਸਨ ਸਕਦੇ। ਉਨ੍ਹਾਂ ਨੇ ਆਪਣੀ ਹੋਂਦ ਪਰਮਾਤਮਾ ਦੀ ਹੋਂਦ ਵਿਚ ਮਿਲਾ ਦਿੱਤੀ ਸੀ। ਇਸ ਤਰ੍ਹਾਂ ਦੀ ਮਰਨੀ ਮਰਨ ਵਾਲਾ ਕਦੇ ਮਰ ਨਹੀਂ ਸੀ ਸਕਦਾ। ਭਾਰਤੀ ਲੋਕ ਮਰਨ ਤੋਂ ਸਦਾ ਡਰਦੇ ਰਹੇ ਹਨ। ਮਰਨ ਤੋਂ ਡਰਦੇ ਉਹ ਕਈ ਤਰ੍ਹਾਂ ਦੇ ਸਾਧਨ ਕਰਦੇ ਸਨ, ਜਪ-ਤਪ ਕਰਦੇ ਸਨ, ਹਵਨ ਯੱਗ ਕਰ ਕੇ ਲੰਮੀ ਉਮਰ ਦੇ ਵਰਦਾਨ ਲੈਂਦੇ ਸਨ। ਕਬੀਰ ਸਾਹਿਬ ਨੇ ਲੋਕਾਂ ਦੇ ਮਨਾਂ ਵਿੱਚੋਂ ਮਰਨ ਦਾ ਡਰ ਖ਼ਤਮ ਕੀਤਾ। ਉਨ੍ਹਾਂ ਨੇ ਫ਼ੁਰਮਾਇਆ ਹੈ ਕਿ ਪ੍ਰਭੂ ਦੇ ਪ੍ਰੇਮ ਵਿਚ ਜੋ ਆਪਣੇ ਆਪ ਨੂੰ ਰੰਗ ਦਿੰਦਾ ਹੈ ਉਸ ਨੂੰ ਮਰਨ ਦਾ ਕੋਈ ਭੈ ਨਹੀਂ ਰਹਿੰਦਾ, ਉਹਦੇ ਲਈ ਮਰਨਾ ਇਕ ਅਨੰਦਮਈ ਅਨੁਭਵ ਹੋ ਜਾਂਦਾ ਹੈ:

*-ਜਿਹ ਮਰਨੈ ਸਭੁ ਜਗਤੁ ਤਰਾਸਿਆ॥*
*ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥੧॥*
*ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥*
*ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥੧॥ਰਹਾਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੭)*

*-ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)*

ਕਬੀਰ ਸਾਹਿਬ ਇਸ ਜੀਵਨ ਨੂੰ ਇਕ ਵੱਡਾ ਸੰਗਰਾਮ ਮੰਨਦੇ ਹਨ। ਇਸ ਨੂੰ ਵਿਸ਼ੇ-ਵਿਕਾਰਾਂ ਵਿਚ ਨਹੀਂ ਗਵਾ ਦੇਣਾ ਚਾਹੀਦਾ। ਇਹ ਜੂਝ ਮਰਨ ਦਾ ਵੇਲਾ ਹੈ। ਆਪਣੀਆਂ ਵਾਸ਼ਨਾਵਾਂ 'ਤੇ ਕਾਬੂ ਪਾਉਣ ਲਈ ਮਨੁੱਖ ਨੂੰ ਸਦਾ ਯਤਨਸ਼ੀਲ ਤੇ ਸਾਵਧਾਨ ਰਹਿਣਾ ਚਾਹੀਦਾ ਹੈ। ਅਧਿਆਤਮਕਤਾ ਦਾ ਖੇਤਰ ਇਕ ਬਿਖਮ ਕਾਰਜ ਹੈ। ਇਸ ਨੂੰ ਕੋਈ ਸੂਰਮਾ ਹੀ ਫਤਿਹ ਕਰ ਸਕਦਾ ਹੈ ਜੋ ਆਪਣੀਆਂ ਮਾਨਸਿਕ ਅਤੇ ਦੁਨਿਆਵੀ ਦੋਵੇਂ ਤਾਕਤਾਂ ਨਾਲ ਲੜ ਸਕੇ। ਉਨ੍ਹਾਂ ਦਾ ਫ਼ੁਰਮਾਨ ਹੈ:

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫)*

ਉਨ੍ਹਾਂ ਦਾ ਸਾਰਾ ਜੀਵਨ ਸੰਘਰਸ਼ ਕਰਦਿਆਂ ਬਤੀਤ ਹੋਇਆ। ਮਨ ਦੇ ਵਿਕਾਰਾਂ

ਆਦਿ ਆਤਮਿਕ ਰੁਕਾਵਟਾਂ ਨਾਲ ਲੜਨ ਤੋਂ ਇਲਾਵਾ ਸਮੇਂ ਦੇ ਕਾਜ਼ੀਆਂ,ਬ੍ਰਾਹਮਣਾਂ ਤੇ ਹਾਕਮ ਵਰਗ ਦੇ ਵਿਰੋਧ ਦਾ ਸਾਹਮਣਾ ਵੀ ਉਨ੍ਹਾਂ ਨੂੰ ਕਰਨਾ ਪਿਆ। ਉਨ੍ਹਾਂ ਨੇ ਪ੍ਰੇਮਾ-ਭਗਤੀ ਤੇ ਸਤਿ-ਸੰਤੋਖ ਆਦਿ ਗੁਣਾਂ ਦੇ ਆਸਰੇ ਅੰਤਰਿਕ ਅਤੇ ਬਾਹਰੀ ਵਿਰੋਧੀਆਂ 'ਤੇ ਵਿਜੈ ਪਾਈ ਅਤੇ ਸਿਖਰ ਦੀ ਆਤਮਿਕ ਅਵਸਥਾ ਪ੍ਰਾਪਤ ਕੀਤੀ। ਉਨ੍ਹਾਂ ਦੀ ਬਾਣੀ ਵਿਚ ਇਸ ਜਿੱਤ ਬਾਰੇ ਇੰਜ ਵਰਣਨ ਕੀਤਾ ਗਿਆ ਹੈ :

*ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥*
*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥੫॥*
*ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥*
*ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ॥੬॥੯॥੧੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੧-੬੨)*

ਭਗਤ ਕਬੀਰ ਜੀ ਨੇ ਭਾਰਤ ਦੇ ਸਮਾਜਿਕ, ਧਾਰਮਿਕ ਤੇ ਰਾਜਨੀਤਕ ਜੀਵਨ ਵਿਚ ਵੱਡੀ ਤਬਦੀਲੀ ਲਿਆਂਦੀ। ਉਨ੍ਹਾਂ ਨੇ ਧਰਮ ਨੂੰ ਵਖਰੇਵਿਆਂ ਵਿੱਚੋਂ ਕੱਢ ਕੇ ਸਾਂਝਾ ਰੂਪ ਦਿੱਤਾ। ਮੂਰਤੀ ਪੂਜਾ ਤੇ ਅਵਤਾਰਵਾਦ ਦੀ ਥਾਂ ਨਿਰਗੁਣ ਪੂਜਾ ਨਾਲ ਜੋੜਿਆ। ਕਰਮ-ਕਾਂਡੀ ਤੇ ਡਰਪੋਕ ਬਣਨ ਦੀ ਥਾਂ ਮਨੁੱਖ ਨੂੰ ਕਿਰਿਆਸ਼ੀਲ ਤੇ ਨਿਰਭੈ ਯੋਧਾ ਬਣਾਇਆ। ਮਨੁੱਖ ਦੇ ਜੀਵਨ ਵਿੱਚੋਂ ਮਰਨ ਦਾ ਡਰ ਦੂਰ ਕਰ ਕੇ ਦੁਨਿਆਵੀ ਸੁਖਾਂ ਦਾ ਜਾਚਕ ਹੋਣ ਦੀ ਥਾਂ ਪਰਮਾਨੰਦ ਦਾ ਅਭਿਲਾਸ਼ੀ ਬਣਨ ਦਾ ਮਾਰਗ ਦਿਖਾਇਆ। ■

---

## *ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ . . .*

*ਸਫ਼ਾ ੧੩ ਦਾ ਬਾਕੀ . . .*

ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ੬ ਚੇਤ ਸੰਮਤ ਨਾਨਕਸ਼ਾਹੀ ੧੭੬ ਐਤਵਾਰ ਚੇਤ ਸੁਦੀ ੫, ਮਿਤੀ ੬ ਚੇਤ ੧੭੦੧ ਬਿ. (੩ ਮਾਰਚ ੧੬੪੪) ਨੂੰ ਗੁਰਿਆਈ ਆਪਣੇ ਪੋਤਰੇ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਸੌਂਪ ਕੇ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

ਆਮ ਤੌਰ 'ਤੇ ਯੋਧੇ ਤੇ ਬੀਰ ਬਹਾਦਰ ਪਰਉਪਕਾਰੀ ਨਹੀਂ ਹੁੰਦੇ ਪਰ ਛਟਮ ਪੀਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਵੇਲੇ ਯੋਧੇ ਤੇ ਪਰਉਪਕਾਰੀ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਐਸੀ ਸ਼ਖ਼ਸੀਅਤ ਸਨ ਜਿਨ੍ਹਾਂ ਉਸ ਬਿਖੜੇ ਸਮੇਂ ਕੌਮ ਨੂੰ ਸਾਹਸ ਦੇ ਕੇ ਆਪਣੇ ਪੈਰਾਂ ਉੱਤੇ ਖੜ੍ਹਾ ਕੀਤਾ ਜਦਕਿ ਵਿਰੋਧੀਆਂ ਦਾ ਦਾਈਆ ਸੀ ਕਿ ਇਸ ਕੌਮ ਦੀ ਹਸਤੀ ਮਿਟ ਜਾਏਗੀ। ਪਰ ਕੌਮ ਸਗੋਂ ਹੋਰ ਸ਼ਕਤੀਸ਼ਾਲੀ ਹੋ ਗਈ। ਗੱਲ ਕੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਯੋਧੇ, ਨਿਮਰਤਾ ਤੇ ਧੀਰਜ ਦੇ ਸਿਖ਼ਰ, ਪਰਉਪਕਾਰ ਦੀ ਸਾਕਾਰ ਮੂਰਤ ਸਨ। ■

# ਗੁਰ ਸਿਖੀ ਦਾ ਕਰਮੁ ਏਹੁ...

*-ਡਾ. ਰੂਪ ਸਿੰਘ**

ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਰਚਿਤ ਵਾਰਾਂ ਵਿੱਚੋਂ ੨੯ਵੀਂ ਵਾਰ ਦੀ ੧੦ਵੀਂ ਪਉੜੀ 'ਚੋਂ ਪਾਵਨ ਪੰਕਤੀ 'ਗੁਰ ਸਿਖੀ ਦਾ ਕਰਮੁ ਏਹੁ' ਹੈ । ਇਸ ਪੰਕਤੀ ਵਾਲੀ ਪਉੜੀ ਵਿਚ ਗੁਰਸਿੱਖ ਦੀ ਨਿੱਤ ਦੀ ਕਾਰ ਨੂੰ ਸਪੱਸ਼ਟ ਕੀਤਾ ਹੈ ਕਿ ਗੁਰਸਿੱਖ ਦਾ ਪਵਿੱਤਰ ਧਰਮ-ਕਰਤੱਵ ਇਹੀ ਹੈ ਕਿ ਜਿਵੇਂ ਗੁਰੂ-ਪਿਤਾ ਉਪਦੇਸ਼ ਕਰਦੇ ਹਨ ਉਸ ਉੱਪਰ ਚੱਲਣਾ, ਪਰ ਗੁਰੂ-ਉਪਦੇਸ਼ ਉੱਪਰ ਚੱਲਣ ਦੀ ਸਮਰੱਥਾ ਉਸ ਗੁਰਸਿੱਖ ਪਾਸ ਹੀ ਹੋਵੇਗੀ ਜੋ ਗੁਰੂ ਦੀ ਬਖ਼ਸ਼ਿਸ਼ ਸਦਕਾ - ਗੁਰੂ ਸ਼ਰਨ ਵਿਚ ਆ ਕੇ ਆਪਾਭਾਵ ਮਿਟਾ ਚੁੱਕਾ ਹੋਵੇਗਾ।

ਭਾਈ ਸਾਹਿਬ ਦੀਆਂ ਰਚਨਾਵਾਂ ਗੁਰਸਿੱਖੀ ਪ੍ਰੇਮ-ਪਿਆਰ ਨਾਲ ਭਰਪੂਰ ਹਨ। ਕੋਈ ਵੀ ਰਚਨਾ ਕਿਤਿਓਂ ਵੀ ਪੜ੍ਹ ਕੇ ਦੇਖੋ, ਗੁਰਸਿੱਖੀ ਦੀ ਸੁਗੰਧੀ ਤੇ ਗੁਰਮਤਿ ਗਿਆਨ ਦਾ ਪ੍ਰਕਾਸ਼ ਪ੍ਰਤੱਖ ਪ੍ਰਗਟ ਹੋਵੇਗਾ। ਗੁਰਸਿੱਖ ਸਦਵਾਉਣ ਵਾਲਿਆਂ ਨੂੰ ਆਪਣਾ ਮੂਲ ਪਛਾਣਨ ਲਈ ਇਹ ਰਚਨਾਵਾਂ ਆਰਸੀ ਰੂਪ ਹਨ। ਗੁਰਸਿੱਖ ਕੈਸਾ ਹੋਣਾ ਚਾਹੀਦਾ ਹੈ ? ਗੁਰਸਿੱਖ ਸਦਵਾਉਣ ਵਾਲੇ ਦੀ ਅਮਲੀ ਜੀਵਨ-ਜਾਚ, ਉਸ ਦਾ ਵਿਵਹਾਰ, ਕਿਰਦਾਰ, ਉਸ ਦੀ ਬੋਲ-ਬਾਣੀ, ਉਸ ਦਾ ਰਹਿਣ-ਸਹਿਣ, ਖਾਣ-ਪੀਣ, ਉੱਠਣ-ਬੈਠਣ, ਜਾਗਣ-ਸੌਣ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ? ਇਹ ਸਭ ਭਾਈ ਸਾਹਿਬ ਦੀਆਂ ਕਿਰਤਾਂ ਤੋਂ ਵਧੀਆ ਹੋਰ ਕਿਧਰੋਂ ਪ੍ਰਾਪਤ ਨਹੀਂ ਹੋ ਸਕਦਾ। ਅਸਲ ਵਿਚ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਬਚਪਨ ਗੁਰਸਿੱਖੀ ਦੇ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਗੁਰਸਿੱਖੀ ਦੇ ਉੱਚ ਅਧਿਆਤਮਿਕ ਵਾਯੂਮੰਡਲ ਵਿਚ ਪ੍ਰਵਾਨ ਚੜ੍ਹਨ ਨਾਲ ਗੁਰਸਿੱਖੀ ਦੀ ਸੁਗੰਧੀ ਨਾਲ ਸਰਸ਼ਾਰ ਹੋਣਾ ਕੁਦਰਤੀ ਸੀ। ਬਾਲਵਰੇਸ ਤੋਂ ਹੀ ਭਾਈ ਸਾਹਿਬ ਨੂੰ ਗੁਰਬਾਣੀ, ਗੁਰਮਤਿ ਵਿਚਾਰਧਾਰਾ ਤੇ ਗੁਰ-ਇਤਿਹਾਸ ਵਿਚ ਪ੍ਰਬੀਨ ਬਣਾਉਣ ਲਈ ਉਚੇਚੇ ਯਤਨ ਕੀਤੇ ਗਏ। ਵਿਸ਼ੇਸ਼ ਭਾਸ਼ਾਵਾਂ ਦਾ ਗਿਆਨ ਦਿਵਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਇਸ ਤਰ੍ਹਾਂ ਗੁਰਮਤਿ ਗਿਆਨ ਦੀ ਗੁੜ੍ਹਤੀ ਲੈ, ਭਾਈ ਸਾਹਿਬ ਗੁਰਮਤਿ ਗਿਆਨ ਦੀ ਟਕਸਾਲ ਵਿਚ ਜਵਾਨ ਹੋਏ।

ਭਾਈ ਸਾਹਿਬ ਦੀਆਂ ਰਚਨਾਵਾਂ ਗੁਰਸਿੱਖਾਂ ਲਈ ਪਾਵਨ ਪਵਿੱਤਰ ਹਨ। ਉਨ੍ਹਾਂ ਵਿਚ ਜੋ ਗੁਰਸਿੱਖੀ ਦੇ ਗੁਣ ਗਾਇਨ ਕੀਤੇ ਗਏ ਹਨ, ਅਸਲ ਵਿਚ ਉਹੀ ਗੁਣ ਹਨ ਜੋ ਭਾਈ ਸਾਹਿਬ ਜੀ ਨੇ ਨਿਮਾਣੇ ਸਿੱਖ ਵਜੋਂ ਜੀਵਨ ਭਰ ਗੁਰਸਿੱਖ ਬਣ, ਅਮਲ ਵਿਚ ਨਿਭਾਏ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਮਨ ਵਿਚ ਗੁਰਸਿੱਖੀ ਪ੍ਰਚਾਰ ਪ੍ਰਤੀ ਹੁੱਬ

**ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। E-mail: sikhscholar@gmail.com*

ਨਿਰੰਤਰ ਬਣੀ ਰਹੀ ਤੇ ਉਮਰ ਭਰ ਗੁਰਸਿੱਖੀ ਦੇ ਗੁਣ ਗਾਇਨ ਕਰਦੇ ਰਹੇ। ਗੁਰਮਤਿ ਗਿਆਨ ਦੇ ਅਮੁੱਕ-ਅਮੋਲਕ ਭੰਡਾਰੇ ਵਿੱਚੋਂ ਗੁਰਸਿੱਖੀ ਦੇ ਗੁਣ ਕਦੇ ਵਾਰਾਂ ਤੇ ਕਦੇ ਕਬਿੱਤ ਸਵੱਈਆਂ ਰਾਹੀਂ ਗਾਇਨ ਕਰਦੇ ਭਾਈ ਸਾਹਿਬ ਆਪਣੇ ਮਨ-ਅੰਤਰ ਦੇ ਚਾਉ ਨੂੰ ਪ੍ਰਗਟ ਕਰਦੇ ਹਨ।

ਗੁਰਸਿੱਖ ਦੇ ਇਹ ਗੁਣ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਗੁਰਸੰਗਤਿ ਵਿਚ ਬੈਠ ਗੁਰਬਾਣੀ ਪੜ੍ਹਨੀ, ਸ੍ਰਵਣ ਕਰਨੀ, ਨਾਮ-ਅਭਿਆਸ ਕਰਨਾ, ਮਿੱਠ-ਬੋਲੜੇ ਹੋਣਾ, ਥੋੜ੍ਹਾ ਖਾਵਣਾ, ਥੋੜਾ ਬੋਲਣਾ ਤੇ ਥੋੜਾ ਸੌਣਾ, ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ, ਲੰਗਰ ਦੇ ਬਰਤਨਾਂ ਨੂੰ ਮਾਂਜ-ਸਵਾਰ ਆਪਣੇ ਹੱਥਾਂ ਨੂੰ ਪਵਿੱਤਰ ਕਰਨਾ, ਪਾਣੀ-ਪੱਖੇ ਦੀ ਸੇਵਾ ਬਾਰੇ ਬਾਰ-ਬਾਰ ਆਇਆ ਜ਼ਿਕਰ ਭਾਈ ਸਾਹਿਬ ਦੇ ਨਿੱਤ-ਕਰਮ ਨੂੰ ਹੀ ਰੂਪਮਾਨ ਕਰਦਾ ਹੈ । ਜੀਵਨ-ਜਾਚ ਗੁਰਸਿੱਖੀ ਅਨੁਸਾਰ ਹੋਣਾ, ਗੁਰਮਤਿ ਵਿਚਾਰਧਾਰਾ ਦੇ ਅਣਥੱਕ ਪ੍ਰਚਾਰਕ ਤੇ ਗੁਰੂ-ਕਿਰਪਾ ਸਦਕਾ ਗੁਰਮਤਿ ਗਿਆਨ ਦਾ ਅਤੁੱਟ ਖ਼ਜ਼ਾਨਾ ਪਾਸ ਹੋਣ ਕਰਕੇ ਹੀ ਭਾਈ ਸਾਹਿਬ ਨੂੰ ਚੰਬੇ, ਜੰਮੂ, ਆਗਰੇ, ਉਜੈਨ, ਲਖਨਊ, ਕਾਂਸ਼ੀ, ਬਨਾਰਸ, ਬੁਰਹਾਨਪੁਰ, ਕਾਬਲ ਆਦਿ ਪ੍ਰਮੁੱਖ ਸਥਾਨਾਂ 'ਤੇ ਗੁਰਸਿੱਖੀ ਦਾ ਪ੍ਰਚਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਫਿਰ ਸਭ ਤੋਂ ਵੱਡਾ ਮਾਣ-ਸਤਿਕਾਰ ਭਾਈ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਲਿਖਾਰੀ ਹੋਣ ਦਾ, ਧੰਨ ਗੁਰੂ ਅਰਜਨ ਪਾਤਸ਼ਾਹ ਜੀ ਨੇ ਬਖ਼ਸ਼ਿਸ਼ ਕੀਤਾ। ਐਸੀ ਮਹਾਨ ਸੇਵਾ ਦੀ ਬਖ਼ਸ਼ਿਸ਼ ਉਸ ਗੁਰਸਿੱਖ ਨੂੰ ਹੀ ਪ੍ਰਾਪਤ ਹੋ ਸਕਦੀ ਸੀ, ਜੋ ਅੰਤਰ-ਆਤਮਾ ਤੋਂ ਗੁਰੂ-ਹੁਕਮ ਨੂੰ ਅਮਲ ਵਿਚ ਲਿਆਉਣ ਲਈ ਯਤਨਸ਼ੀਲ ਹੋਵੇਗਾ।

ਭਾਈ ਗੁਰਦਾਸ ਜੀ ਦੇ ਜੀਵਨ-ਦਰਸ਼ਨ ਤੇ ਰਚਨਾ ਦਾ ਮੁੱਖ ਉਦੇਸ਼ ਗੁਰਸਿੱਖੀ ਦੇ ਵੱਖ-ਵੱਖ ਪੱਖਾਂ ਦੀ ਵਿਆਖਿਆ ਕਰਨਾ ਪ੍ਰਗਟ ਹੁੰਦਾ ਹੈ । ਗੁਰਸਿੱਖੀ ਦੇ ਜਿਤਨੇ ਗੋਹਝ ਪੱਖਾਂ ਨੂੰ ਭਾਈ ਸਾਹਿਬ ਨੇ ਪ੍ਰਗਟ ਕੀਤਾ ਹੈ, ਉਹ ਅੱਜ ਤਕ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ। ਉਕਤ ਵਾਰ ਵਿਚ ਆਏ ਪ੍ਰਮੁੱਖ ਵਿਚਾਰਾਂ ਨੂੰ ਅਸੀਂ ਅਤੀ ਸੰਖੇਪ ਰੂਪ ਵਿਚ ਇਸ ਤਰ੍ਹਾਂ ਦੇ ਸਕਦੇ ਹਾਂ - ਗੁਰਸਿੱਖ ਗੁਰੂ-ਉਪਦੇਸ਼ ਨੂੰ ਹਿਰਦੇ ਵਿਚ ਵਸਾ, ਗੁਰ-ਸੰਗਤ ਕਰ, ਆਪਣੇ ਮੂਲ ਸਰੂਪ ਨੂੰ ਪਛਾਣਦਾ ਹੈ। ਸੰਸਾਰਕ ਕਾਰ-ਵਿਹਾਰ ਕਰਦਾ ਹੋਇਆ ਗੁਰਸਿੱਖੀ ਦੇ ਘੇਰੇ ਤੋਂ ਬਾਹਰ ਨਹੀਂ ਜਾਂਦਾ। ਗੁਰਸਿੱਖ ਦੇ ਹਰ ਕਾਰਜਕਰਮ ਵਿੱਚੋਂ ਗੁਰਸਿੱਖੀ ਦੀ ਖ਼ੁਸ਼ਬੋਈ ਆਪ-ਮੁਹਾਰੇ ਪ੍ਰਗਟ ਹੋ ਜਾਂਦੀ ਹੈ । ਗੁਰਸਿੱਖ ਮਨ, ਬਚਨ, ਕਰਮ ਕਰਕੇ ਇਕ ਹੈ, ਉਸ ਦੀ ਕਹਿਣੀ ਤੇ ਕਰਨੀ ਵਿਚ ਇਕਸੁਰਤਾ ਤੇ ਇਕਸਾਰਤਾ ਹੈ । ਊਚ-ਨੀਚ-ਜਾਤੀ ਭੇਦ-ਭਾਵ ਤੋਂ ਉੱਪਰ ਉੱਠ ਗੁਰਸਿੱਖ— *ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ* ਦੇ ਅਲੌਕਿਕ ਸਿਧਾਂਤ ਨੂੰ ਅਮਲ ਵਿਚ ਪ੍ਰਗਟ ਕਰਦਾ ਹੈ। ਗੁਰਸਿੱਖ ਹਰੇਕ ਵਿੱਚੋਂ ਹੀ ਨਿਰੰਕਾਰੀ

ਜੋਤ ਦੇ ਦਰਸ਼ਨ ਕਰਦਾ ਹੈ। ਗੁਰਸਿੱਖੀ ਦੇ ਸਿੱਖਣ, ਬੋਲਣ, ਚੱਲਣ, ਦੇਖਣ, ਪੂਜਣ, ਮੰਨਣ, ਜੀਵਣ, ਖਾਣ-ਪੀਣ ਆਦਿ ਅਨੇਕਾਂ ਪੱਖਾਂ ਤੋਂ ਸਾਨੂੰ ਭਾਈ ਸਾਹਿਬ ਜੀ ਨੇ ਇਸ ਵਾਰ ਰਾਹੀਂ ਜਾਣੂ ਕਰਵਾਇਆ ਹੈ। ਗੁਰਸਿੱਖੀ ਦੇ ਸਰੂਪ ਨਿਖੇੜਨ-ਨਿਖਾਰਨ ਲਈ ਪ੍ਰਚਲਿਤ ਮਤਾਂ-ਮਤਾਂਤਰਾਂ ਦੇ ਹਵਾਲੇ ਵੀ ਵਿਸਥਾਰ ਵਿਚ ਦਿੱਤੇ ਹਨ।

ਇਸ ਦੇ ਨਾਲ ਭਾਈ ਸਾਹਿਬ ਜੀ ਨੇ ਸਿੱਖੀ ਮਾਰਗ ਦੀ ਬਿਖਮਤਾ ਤੇ ਅਮੋਲਕਤਾ ਦਾ ਵਰਣਨ ਬੜੇ ਸੁੰਦਰ ਰੂਪ ਵਿਚ ਕੀਤਾ ਹੈ। ਗੁਰਸਿੱਖੀ ਦਾ ਮਾਰਗ ਖੰਡੇ ਦੀ ਧਾਰ 'ਤੇ ਚੱਲਣ ਵਾਂਗ ਹੈ। ਇਸ ਤੇ ਉਹੀ ਚੱਲ ਸਕਦਾ ਹੈ ਜਿਸ ਤੇ ਸਤਿਗੁਰੂ ਮਿਹਰਵਾਨ ਹੋ, ਗੁਰਸਿੱਖੀ ਜੀਵਨ ਬਖ਼ਸ਼ਿਸ਼ ਕਰ ਦਿੰਦੇ ਹਨ। ਗੁਰਸਿੱਖੀ ਦਾ ਮਾਰਗ ਅਪਣਾ ਕੇ ਗੁਰਸਿੱਖ ਆਪਣੇ ਗੁਰੂ ਤੋਂ ਬਿਨਾਂ ਕਿਸੇ ਦਾ ਓਟ-ਆਸਰਾ ਲੈਣਾ ਤਾਂ ਦੂਰ ਦੀ ਗੱਲ, ਕਿਸੇ ਹੋਰ ਵੱਲ ਝਾਕਦਾ ਵੀ ਨਹੀਂ।

ਹਰ ਗੁਰਸਿੱਖ ਦਾ ਪ੍ਰਮੁੱਖ ਕਰਮ ਗੁਰੂ ਦੱਸੇ ਮਾਰਗ 'ਤੇ ਚੱਲਣਾ ਹੈ। ਗੁਰਸਿੱਖ ਹੁਕਮੀ ਬੰਦਾ ਹੈ। ਗੁਰੂ-ਹੁਕਮ ਵਿਚ ਕਾਰ ਕਰਨੀ ਉਹ ਆਪਣਾ ਪਵਿੱਤਰ ਕਰਤੱਵ ਸਮਝਦਾ ਹੈ।

ਪਰ ਅਸੀਂ ਗੁਰਸਿੱਖ ਸਦਵਾਉਣ ਵਾਲੇ ਕੀ ਕਰ ਰਹੇ ਹਾਂ? ਇਸ ਬਾਰੇ ਕੁਝ ਕਹਿਣ ਦੀ ਜ਼ਰੂਰਤ ਨਹੀਂ, ਕਿਉਂਕਿ ਹਰੇਕ ਆਪਣੇ ਬਾਰੇ ਵਧੇਰੇ ਭਲੀ ਪ੍ਰਕਾਰ ਜਾਣੂੰ ਹੈ। ਜੇ ਅਸੀਂ ਆਪਣੇ ਜੀਵਨ ਨੂੰ ਭਾਈ ਸਾਹਿਬ ਜੀ ਵੱਲੋਂ ਦੱਸੇ ਮਾਰਗ 'ਤੇ ਚੱਲ ਕੇ ਉਚੇਰਾ ਲੈ ਜਾਵਾਂਗੇ, ਤਦ ਹੀ ਅਸਾਂ ਗੁਰਸਿੱਖ ਅਖਵਾਉਣ ਵਾਲਿਆਂ ਪਾਸੋਂ ਗੁਰਸਿੱਖੀ ਦੀ ਸੁਗੰਧੀ ਆਵੇਗੀ। ਗੁਰਸਿੱਖੀ ਦੀ ਸੁਗੰਧੀ-ਖੁਸ਼ਬੋਈ ਪ੍ਰਾਪਤ ਕਰ ਕੇ ਹੀ ਗ਼ੈਰ-ਸਿੱਖ, ਸਿੱਖੀ ਦੇ ਵਾਯੂ-ਮੰਡਲ ਵਿਚ ਆ ਸਕਦੇ ਹਨ। ਇਸ ਤਰ੍ਹਾਂ ਸਹਿਜ-ਸੁਭਾਅ ਹੀ ਗੁਰਸਿੱਖ-ਗੁਰਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿਚ ਵੱਡਾ ਹਿੱਸਾ ਪਾ ਸਕਦੇ ਹਨ। ਭਾਈ ਸਾਹਿਬ ਜੀ ਕਥਨ ਕਰਦੇ ਹਨ :

*-ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।...*
*ਸਤਿਗੁਰ ਤੁਠੈ ਪਾਈਐ ਸਾਧਸੰਗਤਿ ਗੁਰਮਤਿ ਗੁਰਸਿਖੀ। (ਵਾਰ ੨੮ : ੧)*
*-ਗੁਰਮੁਖਿ ਸੁਖ ਫਲੁ ਖਾਵਣਾ ਦੁਖੁ ਸੁਖੁ ਕਰਿ ਅਉਚਰ ਚਰਣਾ।*
*ਗੁਰਸਿਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ।*
*ਗੁਰਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ।*
*ਗੁਰਸਿਖੀ ਦਾ ਸੰਜਮੋ ਡਰਿ ਨਿਡਰੁ ਨਿਡਰ ਮੁਚ ਡਰਣਾ।*
*ਗੁਰ ਸਿਖੀ ਮਿਲਿ ਸਾਧਸੰਗਿ ਸਬਦ ਸੁਰਤਿ ਜਗੁ ਦੁਤਰੁ ਤਰਣਾ।*
*ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ।*
*ਗੁਰ ਕਿਰਪਾ ਗੁਰੁ ਸਿਖੁ ਗੁਰੁ ਸਰਣਾ॥ (ਵਾਰ ੨੮ : ੧੦)* ■

# ਗੁਰਬਾਣੀ ਵਿਆਖਿਆਕਾਰੀ : ਕੁਝ ਪ੍ਰਮੁੱਖ ਟੀਕਿਆਂ ਦਾ ਸਰਵੇਖਣ

*-ਸ. ਅਜੈਪਾਲ ਸਿੰਘ**

ਹਰੇਕ ਧਰਮ ਵਿਚ ਪਵਿੱਤਰ ਸ਼ਬਦਾਂ ਨੂੰ ਆਮ ਜਨ-ਸਧਾਰਨ ਵਿਚ ਸਧਾਰਨ ਤਰੀਕੇ ਰਾਹੀਂ ਪ੍ਰਸਾਰਿਤ ਕਰਨ ਦੇ ਤਰੀਕੇ ਨੂੰ ਵਿਆਖਿਆਕਾਰੀ ਕਿਹਾ ਜਾਂਦਾ ਹੈ। ਗੁਰਮਤਿ ਸੱਭਿਆਚਾਰ ਵਿਚ ਇਸ ਪੱਖ ਦਾ ਮਹਾਨ ਦਰਜਾ ਹੈ ਤੇ ਬਾਣੀ ਦੇ ਅਵਤਰਣ ਤੋਂ ਹੀ ਵਿਆਖਿਆਕਾਰੀ ਦੇ ਅਜਿਹੇ ਯਤਨ ਹੋ ਰਹੇ ਹਨ। ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੇ ਕੁਝ ਪ੍ਰਮੁੱਖ ਸਟੀਕਾਂ ਦਾ ਇਸ ਲੇਖ ਵਿਚ ਸਰਵੇਖਣ ਕਰਨ ਦਾ ਯਤਨ ਕੀਤਾ ਗਿਆ ਹੈ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**ਪੰਜਾਬੀ ਟੀਕੇ :**

੧. ਗਿਆਨੀ ਬਦਨ ਸਿੰਘ ਸੇਖਵਾਂ (***ਫਰੀਦਕੋਟੀ ਟੀਕਾ,*** ਚਾਰ ਜਿਲਦਾਂ, ੧੮੭੭-੮੩)

੨. ਪੰਡਿਤ ਤਾਰਾ ਸਿੰਘ ਨਰੋਤਮ (ਅਪ੍ਰਕਾਸ਼ਿਤ) (੧੮੮੧-੮੫)

੩. ਗਿਆਨੀ ਬਿਸ਼ਨ ਸਿੰਘ (***ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,*** ਅੱਠ ਜਿਲਦਾਂ, ੧੯੨੯-੩੮)

੪. ਗਿਆਨੀ ਨਾਰਾਇਣ ਸਿੰਘ, (***ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ,*** ਦਸ ਭਾਗ, ੧੯੩੨-੩੭)

੫. ਪ੍ਰੋ. ਤੇਜਾ ਸਿੰਘ, (***ਸ਼ਬਦਾਰਥ,*** ਚਾਰ ਭਾਗ, ੧੯੩੬-੪੧) (ਪਹਿਲੀ ਐਡੀਸ਼ਨ ੧੯੩੬, ਛੇਵੀਂ ਐਡੀਸ਼ਨ ੧੯੮੬)

੬. ਗਿਆਨੀ ਨਿਹਾਲ ਸਿੰਘ ਸੂਰੀ (***ਸ੍ਰੀ ਗੁਰਮਤਿ ਭਾਉ ਪ੍ਰਕਾਸ਼ਨੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ,*** ਛੇ ਭਾਗ, ੧੯੩੬)

੭. ਪ੍ਰੋ. ਸਾਹਿਬ ਸਿੰਘ (***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,*** ਦਸ ਭਾਗ, ੧੯੫੭-੬੪)

੮. ਭਾਈ ਸਾਹਿਬ ਭਾਈ ਵੀਰ ਸਿੰਘ (***ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ,*** ਸੱਤ ਪੋਥੀਆਂ, ਅਪੂਰਣ, ੧੯੫੮-੬੨)

੯. ਸੰਤ ਕ੍ਰਿਪਾਲ ਸਿੰਘ (***ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ,*** ਦਸ ਭਾਗ, ਪਹਿਲੀ ਐਡੀਸ਼ਨ ੧੯੬੧, ਪੰਜਵੀਂ ਐਡੀਸ਼ਨ ੧੯੮੧)

੧੦. ਸ. ਮਨਮੋਹਨ ਸਿੰਘ ਐਡਵੋਕੇਟ ***(ਸ੍ਰੀ ਗੁਰੂ ਗ੍ਰੰਥ ਸਾਹਿਬ : ਅੰਗਰੇਜ਼ੀ ਤੇ ਪੰਜਾਬੀ ਅਨੁਵਾਦ)***, ਅੱਠ ਭਾਗ, ਪਹਿਲੀ ਵਾਰ ੧੯੬੨-੬੯, ਦੂਜੀ ਵਾਰ ੧੯੮੧, ਤੀਜੀ ਵਾਰ ੧੯੮੭)

੧੧. ਭਾਈ ਮਨੀ ਸਿੰਘ (***ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ,*** ਅੱਠ

** ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ- ੧੫੧੩੦੨; ਮੋ:+੯੧੯੪੧੭੬੪੦੦੫.*

ਭਾਗ, ੧੯੮੦)
੧੨. ਗਿਆਨੀ ਹਰਿਬੰਸ ਸਿੰਘ (***ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ,*** ੧੪ ਭਾਗ, ੧੯੯੦-੯੨)
੧੩. ਦਾਦਾ ਲਕਸ਼ਮਣ ਚੇਲਾ ਰਾਮ (***ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਜਾਬੀ ਵਿਚ ਅਨੁਵਾਦ, ਪੰਜ ਭਾਗ, ੨੦੦੩-੦੫)
੧੪. ਡਾ. ਰਤਨ ਸਿੰਘ ਜੱਗੀ, (***ਸ੍ਰੀ ਗੁਰੂ ਗ੍ਰੰਥ ਸਾਹਿਬ ਅਰਥ-ਬੋਧ,*** ਪੰਜ ਭਾਗ, ੨੦੦੭)
੧੫. ਸਾਹਿਬ ਸਿੰਘ, ਚਰਨ ਸਿੰਘ ਅਤੇ ਡਾ. ਅਜੀਤ ਸਿੰਘ (ਔਲਖ) (***ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ,*** ੪ ਭਾਗ)
੧੬. ਡਾ. ਰਤਨ ਸਿੰਘ ਜੱਗੀ (***ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ*** ਅੱਠ ਭਾਗ)

ਇਨ੍ਹਾਂ ਤੋਂ ਇਲਾਵਾ ਹਿੰਦੀ, ਅੰਗਰੇਜ਼ੀ ਸਮੇਤ ਹੋਰ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਹੋਏ ਅਨੁਵਾਦ ਜਾਂ ਟੀਕੇ ਵੀ ਪ੍ਰਾਪਤ ਹੁੰਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਟੀਕਾਕਾਰਾਂ ਨੇ ਹੋ ਚੁੱਕੇ ਟੀਕਿਆਂ ਨੂੰ ਹੀ ਆਧਾਰ ਬਣਾਇਆ ਹੈ, ਪਰੰਤੂ ਅਨੁਵਾਦ ਵੀ ਵਿਆਖਿਆਕਾਰੀ ਦਾ ਹੀ ਭਾਗ ਹੈ ਅਤੇ ਇਹ ਵੀ ਕੋਈ ਆਸਾਨ ਕਾਰਜ ਨਹੀਂ ਹੈ। ਸਭ ਅਨੁਵਾਦਕ ਭਾਵਨਾ, ਜਾਤੀ-ਲਗਨ ਅਤੇ ਆਪਣੀ ਵਿਚਾਰਧਾਰਾ ਅਨੁਸਾਰ ਹੀ ਅਨੁਵਾਦ ਕਰਦੇ ਹਨ। ਧੁਰ ਕੀ ਬਾਣੀ ਨੂੰ ਅੰਗਰੇਜ਼ੀ ਭਾਸ਼ਾ ਵਿਚ ਵਿਆਖਣ ਦੇ ਯਤਨ ਪਿਛਲੀ ਸਦੀ ਦੇ ਮੱਧ ਤੋਂ ਬਾਅਦ ਸ਼ੁਰੂ ਹੋਏ ਹਨ। ਕੁਝ ਇਤਿਹਾਸਕਾਰਾਂ ਵੱਲੋਂ ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਲਿਖਣ ਸਮੇਂ ਕੁਝ ਸ਼ਬਦਾਂ ਦੇ ਅਰਥ ਕੀਤੇ ਗਏ ਹਨ। ਇਸ ਸੰਬੰਧ ਵਿਚ ਪਹਿਲਾ ਨਾਮ ਮਿਸਟਰ ਟ੍ਰੰਪ ਦਾ ਆਉਂਦਾ ਹੈ, ਜਿਸ ਨੇ ਪੂਰਨ ਯੋਜਨਾ ਅਧੀਨ ਇਸ ਕੰਮ ਦੀ ਸ਼ੁਰੂਆਤ ਕੀਤੀ। ਸਰਵੇਖਣ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਅੰਗਰੇਜ਼ੀ ਟੀਕੇ/ਅਨੁਵਾਦ ਹੇਠ ਲਿਖੇ ਅਨੁਸਾਰ ਸਾਹਮਣੇ ਆਏ :-

**ਅੰਗਰੇਜ਼ੀ ਅਨੁਵਾਦ/ਟੀਕੇ :**

੧. ਅਰਨੈਸਟ ਟ੍ਰੰਪ, ***ਦੀ ਆਦਿ ਗ੍ਰੰਥ*** (The Adi Granth), ੧੮੭੭
੨. ਡਾ. ਗੋਪਾਲ ਸਿੰਘ (ਚਾਰ ਭਾਗ) (੧੯੬੦-੬੨) ਇਸ ਦੀ ਸੱਤਵੀਂ ਜਿਲਦ ਵਰਲਡ ਸਿੱਖ ਸੈਂਟਰ, ਨਵੀਂ ਦਿੱਲੀ-ਲੰਡਨ-ਨਿਊਯਾਰਕ ਵੱਲੋਂ ਸੰਨ ੧੯੮੭ ਵਿਚ ਛਾਪੀ ਗਈ।
੩. ਸ. ਮਨਮੋਹਨ ਸਿੰਘ ਐਡਵੋਕੇਟ (***ਸ੍ਰੀ ਗੁਰੂ ਗ੍ਰੰਥ ਸਾਹਿਬ*** : ਅੰਗਰੇਜ਼ੀ ਤੇ ਪੰਜਾਬੀ ਅਨੁਵਾਦ) (ਅੱਠ ਭਾਗ) (ਪਹਿਲੀ ਵਾਰ ੧੯੬੨-੬੯)
੪. ਪ੍ਰੋ. ਗੁਰਬਚਨ ਸਿੰਘ ਤਾਲਿਬ (ਚਾਰ ਭਾਗ) (***In consultation with Bhai Jodh Singh***) (ਪਹਿਲੀ ਵਾਰ ੧੯੮੪, ਚੌਥੀ ਜਿਲਦ ੧੯੯੦)
੫. ਸ. ਗੁਰਚਰਨ ਸਿੰਘ ਮਾਕਿਨ ***(The Assence of Sri Guru Granth***

***Sahib)*** (੧੯੯੮-੨੦੦੦)

੬. ਸ. ਪ੍ਰੀਤਮ ਸਿੰਘ (ਚਾਹਲ) (ਚਾਰ ਭਾਗ)

੭. ਸ. ਕਰਤਾਰ ਸਿੰਘ (ਦੁੱਗਲ) (ਚਾਰ ਭਾਗ)

੮. ਡਾ. ਦਰਸ਼ਨ ਸਿੰਘ ਚੰਡੀਗੜ੍ਹ (ਪੰਜ ਭਾਗ)

੯. ਦਾਦਾ ਲਕਸ਼ਮਣ ਚੇਲਾ ਰਾਮ (ਪੰਜ ਭਾਗ)

**ਹਿੰਦੀ ਟੀਕੇ :**

੧. ਡਾ. ਮਨਮੋਹਨ ਸਹਿਗਲ, ***ਸ੍ਰੀ ਗੁਰੂ ਗ੍ਰੰਥ ਸਾਹਿਬ*** (੧੯੭੮-੮੨)

੨. ਦਾਦਾ ਲਕਸ਼ਮਣ ਚੇਲਾ ਰਾਮ (੧੯੮੭) (ਇਨ੍ਹਾਂ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਅਰਬੀ, ਸਿੰਧੀ, ਗੁਜਰਾਤੀ, ਬੰਗਾਲੀ ਅਤੇ ਮਰਾਠੀ ਭਾਸ਼ਾ ਵਿਚ ਵੀ ਅਨੁਵਾਦ ਕੀਤਾ ਹੈ।)

੩. ਡਾ. ਗੁਰਦੇਵ ਕੌਰ, ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*** (੧੯੮੯)

੪. ਡਾ. ਜੋਧ ਸਿੰਘ, ੨੦੦੪

**ਹੋਰ ਅਨੁਵਾਦ :**

ਉਪਰੋਕਤ ਸਟੀਕਾਂ ਤੋਂ ਇਲਾਵਾ ਫ੍ਰੈਂਚ, ਸਪੈਨਿਸ਼, ਜਰਮਨ ਆਦਿ ਹੋਰ ਵੀ ਕਈ ਭਾਸ਼ਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਹੋ ਰਿਹਾ ਹੈ ਜਾਂ ਹੋ ਚੁੱਕਾ ਹੈ। ਡਾ. ਜਰਨੈਲ ਸਿੰਘ ਨੇ ਬੜੀ ਮਿਹਨਤ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ੍ਰੈਂਚ ਭਾਸ਼ਾ ਵਿਚ ਅਨੁਵਾਦ ਸੰਨ ੧੯੯੫-੧੯੯੬ ਦੌਰਾਨ ਪ੍ਰਕਾਸ਼ਿਤ ਕੀਤਾ। ਇਸ ਨੂੰ ੪ ਭਾਗਾਂ ਵਿਚ ਵੰਡਿਆ ਗਿਆ ਹੈ। ਜ਼ਿਕਰਯੋਗ ਹੈ ਕਿ ਜਰਮਨ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਵੀ ਇਸੇ ਵਿਦਵਾਨ ਨਾਲ ਸੰਬੰਧਿਤ ਹੈ। ਇਸੇ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਾਰਸੀ ਅਤੇ ਉਰਦੂ ਭਾਸ਼ਾ ਵਿਚ ਲਿਪੀਅੰਤਰਣ/ਅਨੁਵਾਦ/ਪ੍ਰਯਾਇ/ਕੋਸ਼ਕਾਰੀ ਦੀਆਂ ਕੋਸ਼ਿਸ਼ਾਂ ਜਾਰੀ ਹਨ। ਵਿਆਖਿਆਕਾਰੀ ਨਾਲ ਸੰਬੰਧਿਤ ਯਤਨਾਂ ਬਾਰੇ ਡਾ. ਰਤਨ ਸਿੰਘ ਜੱਗੀ ਲਿਖਦੇ ਹਨ— "ਦਾਦਾ ਚੇਲਾ ਰਾਮ ਦੇ ਸਪੁੱਤਰ ਸ੍ਰੀ ਲਕਸ਼ਮਣ ਨੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਅਵਸਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਥਾਪਨਾ ਅਤੇ ਗੁਰਤਾਗੱਦੀ ਦਿਵਸ) ਉੱਤੇ ਅੰਗਰੇਜ਼ੀ, ਸਿੰਧੀ, ਹਿੰਦੀ, ਪੰਜਾਬੀ, ਗੁਜਰਾਤੀ, ਮਰਾਠੀ, ਬੰਗਾਲੀ ਅਤੇ ਉਰਦੂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕੀਤੇ ਜਾਣਗੇ। ਇਨ੍ਹਾਂ ਅਨੁਵਾਦਾਂ ਦੀ ਪ੍ਰਗਤੀ ਸੰਤੋਸ਼ਜਨਕ ਦੱਸੀ ਜਾ ਰਹੀ ਹੈ। ਪੰਜਾਬੀ ਅਤੇ ਗੁਜਰਾਤੀ ਵਿਚ ਕੁਝ ਸੈਂਚੀਆਂ ਪ੍ਰਕਾਸ਼ਿਤ ਹੋ ਵੀ ਚੁੱਕੀਆਂ ਹਨ।"[੧] ਇਸ ਪਰਚੇ ਵਿਚ ਅਸੀਂ ਸਿਰਫ਼ ਪੰਜਾਬੀ ਵਿਚ ਹੋਏ ਟੀਕਿਆਂ ਦਾ ਸੰਖੇਪ ਵੇਰਵਾ ਦੇਣ ਦਾ ਯਤਨ ਕਰਾਂਗੇ।

**੧. ਗਿਆਨੀ ਬਦਨ ਸਿੰਘ ਸੇਖਵਾਂ (*ਫਰੀਦਕੋਟੀ ਟੀਕਾ,* ਚਾਰ ਜਿਲਦਾਂ, ੧੮੭੭-੮੩) :**

ਅੰਗਰੇਜ਼ ਸਰਕਾਰ ਵੱਲੋਂ ਸਿੱਖਾਂ ਦੇ ਧਰਮ, ਰਹੱਸ ਜਾਂ ਸੱਭਿਆਚਾਰ ਆਦਿ ਬਾਰੇ

ਜਾਣਕਾਰੀ ਹਾਸਲ ਕਰਨ ਹਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਦਾ ਉਪਰਾਲਾ ਕੀਤਾ ਗਿਆ ਅਤੇ ਇਸ ਦੀ ਜ਼ਿੰਮੇਵਾਰੀ ਡਾ. ਅਰਨੈਸਟ ਟ੍ਰੰਪ ਨੂੰ ਸੌਂਪੀ ਗਈ। ਇਹ ਅਨੁਵਾਦ ੧੮੬੯ ਈ. ਵਿਚ ਅਰੰਭ ਹੋਇਆ ਤੇ ਇਸ ਦੇ ਕੁਝ ਹਿੱਸੇ ਨੂੰ ੧੮੭੭ ਈ. ਵਿਚ 'The Adi Granth' ਸਿਰਲੇਖ ਅਧੀਨ ਪ੍ਰਕਾਸ਼ਿਤ ਕੀਤਾ ਗਿਆ, ਪਰੰਤੂ ਇਹ ਅਨੁਵਾਦ ਸਿੱਖ ਸ਼ਰਧਾ ਭਾਵਨਾਵਾਂ ਜਾਂ ਰਹੱਸਵਾਦੀ ਅਨੁਵਾਦ ਤੋਂ ਸੱਖਣਾ ਹੋਣ ਕਾਰਨ ਦਰੁਸਤ ਨਹੀਂ ਸੀ। ੧੮੭੩ ਈ. ਵਿਚ 'ਸਿੰਘ ਸਭਾ ਲਹਿਰ' ਦੇ ਅਰੰਭ ਹੋਣ ਕਾਰਨ ਸਿੱਖ ਵਿਦਵਾਨਾਂ ਦੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹੀ ਰੂਪ ਵਿਚ ਅਨੁਵਾਦ ਕੀਤਾ ਜਾਏ, ਤਾਂ ਜੋ ਸਹੀ ਅਤੇ ਪ੍ਰਮਾਣਿਕ ਅਰਥਾਂ ਨੂੰ ਭਵਿੱਖ ਵਿਚ ਵੀ ਸੁਰੱਖਿਅਤ ਰੱਖਿਆ ਜਾ ਸਕੇ। ਇਸ ਭਾਵਨਾ ਅਨੁਸਾਰ ਫਰੀਦਕੋਟ ਰਿਆਸਤ ਵੱਲੋਂ ਇਹ ਕਾਰਜ ਗਿਆਨੀ ਬਦਨ ਸਿੰਘ ਸੇਖਵਾਂ ਨੂੰ ਸੌਂਪਿਆ ਗਿਆ। ਗਿਆਨੀ ਬਦਨ ਸਿੰਘ ਨੇ ਇਹ ਸਟੀਕ ੧੮੭੭ ਈ. ਵਿਚ ਅਰੰਭ ਕੀਤਾ ਅਤੇ ੧੮੮੩ ਈ. ਵਿਚ ਸੰਪੂਰਨ ਕੀਤਾ। ਛਪਣ ਉਪਰੰਤ ਇਸ ਟੀਕੇ ਨੂੰ 'ਫਰੀਦਕੋਟੀ ਟੀਕਾ' ਕਿਹਾ ਜਾਣ ਲੱਗਾ। ਸਭ ਤੋਂ ਪਹਿਲਾਂ ੧੯੦੬ ਈ. ਵਿਚ ਵਜ਼ੀਰ ਹਿੰਦ ਪ੍ਰੈਸ ਵੱਲੋਂ ਛਾਪਿਆ ਗਿਆ। ਤੀਸਰੀ ਵਾਰ ੧੯੭੦ ਈ. ਵਿਚ ਭਾਸ਼ਾ ਵਿਭਾਗ, ਪਟਿਆਲਾ ਵੱਲੋਂ ਛਾਪਿਆ ਗਿਆ। ਇਸ ਟੀਕੇ ਵਿਚ ਗੁਰਬਾਣੀ ਦੇ ਮੂਲ ਪਾਠ ਅਤੇ ਉਸ ਦੀ ਤੁਕਵਾਰ ਵਿਆਖਿਆ ਹੈ। ਤੁਕਾਂ ਦੇ ਅਰਥ ਲਿਖਣ ਤੋਂ ਪਹਿਲਾਂ ਮੂਲ ਸ਼ਬਦ ਬਰੈਕਟ ਵਿਚ ਲਿਖੇ ਹਨ, ਉਪਰੰਤ ਔਖੇ ਸ਼ਬਦਾਂ ਦੇ ਅਰਥ ਲਿਖੇ ਹਨ। ਇਸ ਸਟੀਕ ਦੀ ਬੋਲੀ ਸਰਲ ਪੰਜਾਬੀ ਅਤੇ ਸਾਧ ਭਾਸ਼ਾ ਦੇ ਮਿਸ਼ਰਣ ਵਾਲੀ ਹੈ ਅਤੇ ਜ਼ਿਆਦਾਤਰ ਇੱਕ ਤੁਕ ਦਾ ਇੱਕ ਹੀ ਅਰਥ ਕੀਤਾ ਗਿਆ ਹੈ। ਡਾ. ਬਲਬੀਰ ਕੌਰ, ਡਾਇਰੈਕਟਰ ਭਾਸ਼ਾ ਵਿਭਾਗ, ਪਟਿਆਲਾ ਅਨੁਸਾਰ ਇਸ (ਸਟੀਕ) ਵਿਚ ਬਾਣੀ ਦੇ ਕੇਵਲ ਇੱਕ ਅਰਥ ਕੀਤੇ ਹਨ, ਜਦੋਂ ਕਿ ਉਸ ਸਮੇਂ ਇੱਕ-ਇੱਕ ਤੁਕ ਦੇ ਕਈ-ਕਈ ਅਰਥ ਕਰਨ ਦੀ ਰੁਚੀ ਪ੍ਰਧਾਨ ਸੀ। ਇਸ ਟੀਕੇ ਵਿਚ ਉਹੀ ਅਰਥ ਕੀਤੇ ਗਏ ਹਨ, ਜਿਨ੍ਹਾਂ ਦਾ ਤੁਕ ਵਿੱਚੋਂ ਅਹਿਸਾਸ ਹੋ ਰਿਹਾ ਹੋਵੇ। ਤੀਜਾ ਬਾਣੀ ਦੇ ਅਧਿਆਤਮਿਕ ਪੱਖ ਨੂੰ ਸਪੱਸ਼ਟ ਕਰਨ ਦੀ ਪਹਿਲ ਕੀਤੀ ਗਈ ਹੈ। ਚੌਥਾ ਉਸ ਵੇਲੇ ਪ੍ਰਚੱਲਿਤ ਸਾਧ ਭਾਸ਼ਾ ਵਿਚ ਤਿਆਰ ਕੀਤਾ ਗਿਆ ਹੈ ਜੋ ਕਿ ਉਸ ਵੇਲੇ ਲੋਕਾਂ ਦੀ ਸਮਝ ਆ ਜਾਂਦੀ ਸੀ।[੨]

**੨. ਗਿਆਨੀ ਬਿਸ਼ਨ ਸਿੰਘ (*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ,* ਅੱਠ ਜਿਲਦਾਂ) :**

ਗਿਆਨੀ ਬਿਸ਼ਨ ਸਿੰਘ ਲਖੂਵਾਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੇ ਵਸਨੀਕ ਸਨ ਅਤੇ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਅਧਿਆਪਕ ਹੋਣ ਦੇ ਨਾਲ-ਨਾਲ ਕਾਲਜ ਦੇ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਦੀ ਸੇਵਾ ਨਿਭਾਉਂਦੇ ਸਨ। ਇਸ ਸੇਵਾ ਤੋਂ ਇਲਾਵਾ ਆਪ ਕਥਾ ਵੀ ਕਰਦੇ ਸਨ। ਕਾਲਜ ਵਿਚ ਧਾਰਮਿਕ ਕਲਾਸਾਂ ਪੜ੍ਹਾਉਣ ਅਤੇ ਕਥਾ ਦੁਆਰਾ ਆਪ ਜੀ ਦੇ ਅੰਦਰ ਅਧਿਐਨ ਦੀ ਰੁਚੀ ਪੈਦਾ

ਹੋਈ, ਜਿਸ ਕਰਕੇ ਗੁਰਬਾਣੀ ਅਰਥਾਂ ਦੀ ਸੁਧਾਈ ਪ੍ਰਤੀ ਚਿਣਗ ਆਪ ਜੀ ਦੇ ਮਨ ਵਿਚ ਪੈਦਾ ਹੋਈ। ਗਿਆਨੀ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ 'ਦਸਮ ਗ੍ਰੰਥ', ਭਾਈ ਗੁਰਦਾਸ ਜੀ ਦੀਆਂ 'ਵਾਰਾਂ' ਤੇ 'ਕਬਿੱਤ ਸਵੱਈਆਂ' ਦੇ ਸੰਪੂਰਨ ਸਟੀਕ ਕੀਤੇ। ਆਪ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਸਟੀਕ ਬੜੇ ਸਰਲ ਅਤੇ ਸੰਖੇਪ ਸ਼ਬਦਾਂ ਵਿਚ ਹੈ। ਮੂਲ ਪਾਠ ਅਤੇ ਉਸ ਦੇ ਅਰਥ ਤੁਕਵਾਰ ਹਨ ਅਤੇ ਪਦ-ਅਰਥ ਵੀ ਨਾਲ ਹੀ ਦਿੱਤੇ ਹਨ। ਪਹਿਲੀਆਂ ੬ ਪੋਥੀਆਂ ਵਿਚ ਇਹ ਵਿਧੀ ਅਪਣਾਈ ਗਈ ਹੈ, ਪਰੰਤੂ ਸੱਤਵੀਂ ਅਤੇ ਅੱਠਵੀਂ ਪੋਥੀ ਵਿਚ ਇਸ ਵਿਧੀ ਵਿਚ ਕੁਝ ਬਦਲਾਅ ਨਜ਼ਰ ਆਉਂਦਾ ਹੈ। ਇਨ੍ਹਾਂ ਵਿਚ ਕਠਿਨ ਸ਼ਬਦਾਂ ਦੇ ਅਰਥ ਦੇ ਕੇ ਤੁਕਵਾਰ ਅਰਥ ਅਤੇ ਵਿਆਖਿਆ ਹੈ ਅਤੇ ਕਈ ਜਗ੍ਹਾ 'ਤੇ ਭਾਵ-ਅਰਥ ਵੀ ਹਨ। ਇਸ ਦੇ ਅਰੰਭ ਵਿਚ ੨ ਤਤਕਰੇ ਹਨ, ਜਿਨ੍ਹਾਂ ਵਿੱਚੋਂ ਪਹਿਲਾ ਅੱਖਰ-ਕ੍ਰਮ ਅਨੁਸਾਰ ਸੰਪੂਰਨ ਸ਼ਬਦਾਂ ਦਾ ਅਤੇ ਦੂਸਰੇ ਵਿਚ ਸ਼ਬਦਾਂ ਨੂੰ ਵਿਸ਼ੇ ਦੇ ਸਿਧਾਂਤਾਂ ਅਨੁਸਾਰ ਵੰਡਿਆ ਗਿਆ ਹੈ।

**੩. ਗਿਆਨੀ ਨਰੈਣ ਸਿੰਘ (*ਸੰਪ੍ਰਦਾਈ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ,* ਦਸ ਭਾਗ) :**

ਗਿਆਨੀ ਨਰੈਣ ਸਿੰਘ ਵੱਲੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੇ ਸੰਪੂਰਨ ਟੀਕੇ ਕੀਤੇ ਗਏ। ਇਸ ਟੀਕੇ ਦੀ ਖਾਸ ਵਿਸ਼ੇਸ਼ਤਾ ਹੈ ਕਿ ਇਸ ਵਿਚ ਪਦਾਂ ਦੇ ਅਰਥ ਅਲੱਗ ਨਾ ਦਿੰਦੇ ਹੋਏ ਤੁਕਵਾਰ ਟੀਕਾ ਕਰਦੇ ਹੋਏ ਬਰੈਕਟਾਂ ਵਿਚ ਦਿੱਤੇ ਹਨ। ਮੂਲ ਪਾਠ ਤੁਕਵਾਰ ਦੇ ਕੇ ਉਸ ਦੇ ਅਰਥ ਵੀ ਸੰਖੇਪ ਅਤੇ ਸਰਲ ਵਾਕਾਂ ਵਿਚ ਲਿਖੇ ਗਏ ਹਨ। ਜ਼ਿਆਦਾਤਰ ਇੱਕ ਤੁਕ ਦਾ ਇੱਕ ਹੀ ਅਰਥ ਦਿੱਤਾ ਗਿਆ ਹੈ, ਪਰੰਤੂ ਕਈ ਜਗ੍ਹਾ 'ਤੇ ਵੱਖ-ਵੱਖ ਅਰਥ ਪੈਰ-ਟੂਕ ਵਿਚ ਦਿੱਤਾ ਹੈ। ਵਿਆਕਰਨ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ। ਸੰਖੇਪ ਵਿਚ ਉਥਾਨਕਾਵਾਂ ਵੀ ਦਰਜ ਕੀਤੀਆਂ ਗਈਆਂ ਹਨ। ਜਿੱਥੇ ਉਥਾਨਕਾ ਨਹੀਂ, ਉੱਥੇ ਸ਼ਬਦ ਦੇ ਕੇਵਲ ਭਾਵ ਨੂੰ ਉਥਾਨਕਾ ਵਜੋਂ ਵਰਤਿਆ ਗਿਆ ਹੈ।

**੪. ਸੰਤ ਕ੍ਰਿਪਾਲ ਸਿੰਘ (*ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ,* ਦਸ ਭਾਗ) :**

ਸੰਤ ਕ੍ਰਿਪਾਲ ਸਿੰਘ ਨੇ ਸੰਤ ਅਮੀਰ ਸਿੰਘ ਜੀ ਵੱਲੋਂ ਕੀਤੀ ਕਥਾ ਜਾਂ ਮੌਖਿਕ ਵਿਆਖਿਆ ਨੂੰ ਕਲਮਬੱਧ ਕੀਤਾ। ਗਿਆਨੀ ਕ੍ਰਿਪਾਲ ਸਿੰਘ ਸੱਤੋ ਵਾਲੀ ਗਲੀ, ਸ੍ਰੀ ਅੰਮ੍ਰਿਤਸਰ ਵਿਖੇ ਮਹੰਤ ਸਨ। ਇਹ ਟੀਕਾ ੧੦ ਜਿਲਦਾਂ ਵਿਚ ਹੈ। ਜਿਸ ਦਾ ਪਹਿਲਾ ਐਡੀਸ਼ਨ ੧੯੬੧ ਈ. ਅਤੇ ਪੰਜਵਾਂ ਐਡੀਸ਼ਨ ੧੯੮੧ ਈ. ਵਿਚ ਛਪਿਆ। ਇਸ ਵਿਚ ਮੂਲ ਪਾਠ ਦਾ ਤੁਕਵਾਰ ਟੀਕਾ ਹੈ ਅਤੇ ਔਖੇ ਸ਼ਬਦਾਂ ਦੇ ਪਦ-ਅਰਥ ਸੰਬੰਧਿਤ ਪੰਕਤੀਆਂ ਦੇ ਟੀਕੇ ਵਾਕ ਵਿਚ ਹੀ ਦਿੱਤੇ ਗਏ ਹਨ। ਬਰੈਕਟ ਜਾਂ ਬਰਾਬਰ (=) ਚਿੰਨ੍ਹਾਂ ਦੀ ਵਰਤੋਂ ਵੀ ਥਾਂ-ਥਾਂ ਕੀਤੀ ਮਿਲਦੀ। ਇਹ ਸਟੀਕ ਕਾਫ਼ੀ ਵਿਸਥਾਰ ਵਿਚ ਵਿਆਖਿਆ ਪੇਸ਼ ਕਰਦਾ ਹੈ। ਅਰੰਭ ਵਿਚ ਸੰਤ ਅਮੀਰ ਸਿੰਘ, ਮਹੰਤ ਬਾਬਾ

ਉੱਤਮ ਸਿੰਘ ਅਤੇ ਗਿਆਨੀ ਕ੍ਰਿਪਾਲ ਸਿੰਘ ਦਾ ਜੀਵਨ ਦਰਜ ਹੈ। ਜਪੁ ਜੀ ਸਾਹਿਬ ਬਾਣੀ ਤੋਂ ਪਹਿਲਾਂ ਦੋ ਉਥਾਨਕਾਵਾਂ, ਮੂਲ-ਮੰਤਰ ਅਤੇ ਮੰਗਲ ਦਰਜ ਹੈ। ਟੀਕੇ ਵਿਚ ਸਿਧਾਂਤ ਦੀ ਸਪੱਸ਼ਟਤਾ ਲਈ ਜਗ੍ਹਾ-ਜਗ੍ਹਾ ਸਾਖੀਆਂ ਦਾ ਸਹਾਰਾ ਲਿਆ ਹੈ। ਨਾਲ ਹੀ ਪੌਰਾਣਿਕ ਕਥਾਵਾਂ, ਪ੍ਰਸ਼ਨ-ਉੱਤਰ, ਸ਼ੰਕੇ ਤੇ ਸਮਾਧਾਨ ਅਤੇ ਗੁਰਬਾਣੀ ਪ੍ਰਮਾਣਾਂ ਦੀ ਵਰਤੋਂ ਹੈ। ਸਟੀਕ ਦੇ ਪਹਿਲੇ ਭਾਗ ਵਿਚ ਨਿੱਤਨੇਮ ਦੀਆਂ ਬਾਣੀਆਂ ਜਪੁ ਜੀ ਸਾਹਿਬ, ਰਹਰਾਸਿ ਅਤੇ ਸੋਹਿਲਾ ਬਾਣੀ ਦੀ ਵਿਆਖਿਆ ਹੈ। ਇਸ ਟੀਕੇ ਵਿਚ ਇੱਕ-ਇੱਕ ਤੁਕ ਦੇ ਕਈ-ਕਈ ਅਰਥ ਕੀਤੇ ਗਏ ਹਨ।

**੫. ਪ੍ਰੋ. ਸਾਹਿਬ ਸਿੰਘ (*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਦਸ ਭਾਗ) :**

ਇਹ ਪਹਿਲਾ ਸਟੀਕ ਹੈ ਜਿਸ ਵਿਚ ਵਿਆਕਰਨ ਦੇ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਡਾ. ਰਵਿੰਦਰ ਸਿੰਘ (ਸੰਧੂ) ਅਨੁਸਾਰ— "ਪ੍ਰੋ. ਸਾਹਿਬ ਸਿੰਘ ਗੁਰਬਾਣੀ ਅਧਿਐਨ ਕਾਰਜ ਖੇਤਰ ਦੇ ਪਹਿਲੇ ਵਿਦਵਾਨ ਹਨ, ਜੋ ਗੁਰਬਾਣੀ ਦੀ ਵਿਆਕਰਨਕ ਨਿਯਮਾਵਲੀ ਨਿਸ਼ਚਿਤ ਕਰਨ ਦੇ ਨਾਲ-ਨਾਲ ਦ੍ਰਿੜ੍ਹਤਾ ਸਹਿਤ ਉਸ ਦੀ ਵਿਆਖਿਆ ਕਰਦੇ ਸਮੇਂ ਵਿਹਾਰਕ ਅਮਲ ਵਿਚ ਵੀ ਲਿਆਉਂਦੇ ਹਨ। ਆਪ ਦੀ ਪੁਸਤਕ 'ਗੁਰਬਾਣੀ ਵਿਆਕਰਣ' ਇਸ ਦੇ ਪ੍ਰਮਾਣ ਵਜੋਂ ਵੇਖੀ ਜਾ ਸਕਦੀ ਹੈ। ਵਿਹਾਰਕ ਰੂਪ ਵਿਚ ਇਨ੍ਹਾਂ ਨਿਯਮਾਂ ਦੀ ਵਰਤੋਂ ਦੇ ਪ੍ਰਮਾਣ ਆਪ ਦੇ ਸਮੁੱਚੇ ਵਿਆਖਿਆ ਅਤੇ ਟੀਕਾ ਕਾਰਜ ਵਿਚ ਸਪੱਸ਼ਟ ਰੂਪ ਵਿਚ ਵੇਖੇ ਜਾ ਸਕਦੇ ਹਨ।"[੩] ਮੂਲ ਪਾਠ ਮੋਟੇ ਰੂਪ ਵਿਚ ਦੇਣ ਉਪਰੰਤ ਸੰਪੂਰਨ ਅਤੇ ਨਿਖੜਵੇਂ ਪਦ ਅਰਥ ਦਿੱਤੇ ਹਨ। ਕਈ ਜਗ੍ਹਾ ਸ਼ਬਦ ਨੂੰ ਸਪੱਸ਼ਟ ਕਰਨ ਲਈ ਉਸ ਸ਼ਬਦ ਦੇ ਭਾਵ ਵੀ ਦਿੱਤੇ ਹਨ। ਜਿਵੇਂ ਜਪੁ ਜੀ ਸਾਹਿਬ ਦੇ ਸਮੁੱਚੇ ਭਾਵ ਨੂੰ ਪੰਨਾ ਨੰ: ੩੫ ਤੋਂ ੪੧ ਤਕ ਅੰਕਿਤ ਕੀਤਾ ਹੈ। ਇੱਕ ਤੁਕ ਦਾ ਇੱਕ ਹੀ ਅਰਥ ਦਿੱਤਾ ਹੈ ਅਤੇ ਮੂਲ ਪਾਠ ਨੂੰ ਵਿਸ਼ਰਾਮਾਂ ਦੀ ਵਰਤੋਂ ਦੁਆਰਾ ਪਦ-ਛੇਦ ਕੀਤਾ ਹੈ। 'ਰਹਾਉ' ਨੂੰ ਕੇਂਦਰ ਮੰਨ ਕੇ ਉਸ ਪੰਕਤੀ ਦੇ ਅਰਥ ਪਹਿਲਾਂ ਕੀਤੇ ਗਏ ਹਨ ਅਤੇ ਬਾਕੀ ਦੇ ਪਿੱਛੋਂ।

**ਹਵਾਲੇ**

੧. ਜੱਗੀ ਰਤਨ ਸਿੰਘ (ਡਾ.), *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ ੨੧੮

੨. ਬਦਨ ਸਿੰਘ (ਗਿ.), *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟੀ ਸਟੀਕ),* ਜਿਲਦ ੬, ਭੂਮਿਕਾ, ਪੰਨਾ ੳ

੩. ਰਵਿੰਦਰ ਸਿੰਘ (ਸੰਧੂ) (ਡਾ.), *ਆਧੁਨਿਕ ਕਾਲ ਵਿਚ ਗੁਰਬਾਣੀ ਵਿਆਖਿਆ,* ਪੰਨਾ ੬੫

***ਚਲਦਾ. . .***

# ਲਾਸਾਨੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ

*-ਪ੍ਰੋ. ਨਵ ਸੰਗੀਤ ਸਿੰਘ**

ਸਮੁੱਚਾ ਸਿੱਖ ਇਤਿਹਾਸ ਕੁਰਬਾਨੀਆਂ, ਸ਼ਹੀਦੀਆਂ ਅਤੇ ਤਿਆਗ ਨਾਲ ਭਰਿਆ ਪਿਆ ਹੈ। ਇਸ ਧਰਮ ਦੀ ਬੁਨਿਆਦ ਹੀ ਪਰਸੁਆਰਥ, ਪਰਉਪਕਾਰ ਅਤੇ ਦੂਜਿਆਂ ਲਈ ਆਪਾ-ਵਾਰਨ ਦੇ ਸਿਧਾਂਤ 'ਤੇ ਹੋਈ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬੈਠਣਾ ਪਿਆ, ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਗਿਆ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਬੈਠਣਾ ਪਿਆ, ਭਾਈ ਸ਼ਾਹਬਾਜ਼ ਸਿੰਘ ਤੇ ਭਾਈ ਸੁਬੇਗ ਸਿੰਘ ਚਰਖੜੀਆਂ 'ਤੇ ਹੱਸਦੇ-ਹੱਸਦੇ ਚੜ੍ਹ ਗਏ, ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਦਿੱਤਾ ਗਿਆ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹ ਦਿੱਤੀ ਗਈ ਆਦਿ...। ਅਜਿਹੀ ਸਥਿਤੀ ਵਿਚ ਹਰ ਇਕ ਨੂੰ ਆਪਣਾ ਧਰਮ ਬਦਲਣ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ, ਪਰ ਹਰ ਇਕ ਨੇ ਬਾਦਸ਼ਾਹੀਆਂ, ਨਵਾਬੀਆਂ ਤੇ ਉੱਚ-ਅਹੁਦਿਆਂ ਨੂੰ ਲੱਤ ਮਾਰ ਕੇ ਜਾਮ-ਏ-ਸ਼ਹਾਦਤ ਪੀਤਾ ਅਤੇ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾਇਆ।

ਅਜਿਹੇ ਹੀ ਬੇਮਿਸਾਲ ਸੂਰਬੀਰ-ਸ਼ਹੀਦਾਂ ਵਿੱਚੋਂ ਇੱਕ ਸਨ— ਬਾਬਾ ਬੰਦਾ ਸਿੰਘ ਜੀ ਬਹਾਦਰ। ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਮੁੱਢਲਾ ਨਾਂ ਲਛਮਣ ਦੇਵ ਸੀ। ਉਨ੍ਹਾਂ ਦਾ ਜਨਮ ੧੬ ਅਕਤੂਬਰ, ੧੬੭੦ ਈ. ਨੂੰ ਪੁਣਛ (ਕਸ਼ਮੀਰ) ਦੇ ਰਾਜੌਰੀ ਇਲਾਕੇ ਵਿਖੇ ਸ੍ਰੀ ਰਾਮਦੇਵ ਭਾਰਦਵਾਜ ਦੇ ਘਰ ਹੋਇਆ। ਰਾਜਪੂਤੀ ਪਿਛੋਕੜ ਹੋਣ ਕਰਕੇ ਲਛਮਣ ਦੇਵ ਨੂੰ ਖੇਡਣ, ਕੁੱਦਣ ਅਤੇ ਸ਼ਿਕਾਰ ਕਰਨ ਦਾ ਬਹੁਤ ਸ਼ੌਂਕ ਸੀ।

ਇਕ ਵਾਰ ਸ਼ਿਕਾਰ ਸਮੇਂ ਲਛਮਣ ਦੇਵ ਤੋਂ ਤੀਰ ਨਾਲ ਇਕ ਹਿਰਨੀ ਜ਼ਖ਼ਮੀ ਹੋਣ ਪਿੱਛੋਂ ਮਰ ਗਈ ਅਤੇ ਉਸ ਦੇ ਪੇਟੋਂ ਜੰਮੇ ਬੱਚੇ ਉਹਦੇ ਸਾਹਮਣੇ ਤੜਪ-ਤੜਪ ਕੇ ਮਰ ਗਏ। ਇਸ ਘਟਨਾ ਨੇ ਲਛਮਣ ਦੇਵ ਦੇ ਮਨ 'ਤੇ ਇੰਨਾ ਪ੍ਰਭਾਵ ਪਾਇਆ ਕਿ ਉਹ ਘਰ-ਬਾਰ ਤਿਆਗ ਕੇ ਸੰਨਿਆਸੀ ਬਣ ਗਿਆ। ਉਦੋਂ ਉਹਦੀ ਉਮਰ ਕਰੀਬ ੧੫ ਸਾਲ ਦੀ ਸੀ। ਇਕ ਬੈਰਾਗੀ ਸਾਧੂ ਜਾਨਕੀ ਪ੍ਰਸਾਦ ਦੀ ਸੰਗਤ ਵਿਚ ਆ ਕੇ ਉਹ ਲਛਮਣ ਦੇਵ ਤੋਂ ਮਾਧੋ ਦਾਸ ਬਣ ਗਿਆ।

ਬੈਰਾਗੀ ਮੰਡਲੀ ਵਿਚ ਸ਼ਾਮਲ ਹੋ ਕੇ ਉਹ ਥਾਂ-ਥਾਂ ਭਟਕਦਾ ਰਿਹਾ ਅਤੇ ਰਾਮ ਥੰਮਣ ਦੇ ਡੇਰੇ ਕਸੂਰ ਕੋਲ ਇਕ ਹੋਰ ਬੈਰਾਗੀ ਰਾਮਦਾਸ ਨਾਲ ਉਹਦਾ ਮੇਲ ਹੋਇਆ। ਗੋਦਾਵਰੀ ਦੇ ਕੰਢੇ ਨਾਸਿਕ 'ਤੇ ਉਹਨੇ ਆਪਣਾ ਟਿਕਾਣਾ ਬਣਾ ਲਿਆ। ਇੱਥੇ ਹੀ ਇਕ ਪ੍ਰਸਿੱਧ ਜੋਗੀ ਔਘੜ ਨਾਥ ਨੇ ਉਸ ਨੂੰ ਰਿਧੀਆਂ-ਸਿਧੀਆਂ, ਜਾਦੂ-ਮੰਤਰਾਂ ਅਤੇ

**ਨੇੜ੍ਹੇ ਗਿੱਲਾਂ ਵਾਲਾ ਖੂਹ, ਤਲਵੰਡੀ ਸਾਬੋ, ਬਠਿੰਡਾ-੧੫੧੩੦੨; ਮੋ: ੯੪੧੭੬-੯੨੦੧੫*

ਤਾਂਤਰਿਕ ਵਿੱਦਿਆ ਦੇ ਭੇਦ ਸਮਝਾਏ। ਹੁਣ ਮਾਧੋਦਾਸ ਨੇ ਨਾਂਦੇੜ ਨੂੰ ਆਪਣਾ ਟਿਕਾਣਾ ਬਣਾ ਲਿਆ। ਆਸ-ਪਾਸ ਦੇ ਇਲਾਕਿਆਂ ਵਿਚ ਉਸ ਦੇ ਅਨੋਖੇ ਕੌਤਕਾਂ ਕਾਰਨ ਕਾਫੀ ਦਬਦਬਾ ਬੈਠਾ ਹੋਇਆ ਸੀ।

ਇਨ੍ਹੀਂ ਦਿਨੀਂ ਸਤੰਬਰ ੧੭੦੮ ਈ. ਦੇ ਨੇੜੇ-ਤੇੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਦੇ ਇਲਾਕੇ ਵਿਚ ਪਹੁੰਚ ਗਏ। ਗੁਰੂ ਸਾਹਿਬ ਨੇ ਮਾਧੋ ਦਾਸ ਦੀਆਂ ਕੁਰਾਹੇ ਪਈਆਂ ਮਾਨਸਿਕ ਤੇ ਸਰੀਰਕ ਸ਼ਕਤੀਆਂ ਦਾ ਰੁਖ਼ ਮੋੜ ਕੇ ਖਾਲਸਾ ਪੰਥ ਦੀ ਸੇਵਾ ਵੱਲ ਲਾਉਣ ਦਾ ਮਨ ਬਣਾਇਆ। ਮਾਧੋ ਦਾਸ ਨੇ ਪੂਰੇ ਗੁਰੂ ਨੂੰ ਪਹਿਚਾਣ ਲਿਆ ਅਤੇ ਉਨ੍ਹਾਂ ਦੇ ਸਾਹਮਣੇ ਨਤਮਸਤਕ ਹੋ ਕੇ ਆਪਣੀਆਂ ਸੇਵਾਵਾਂ ਅਰਪਿਤ ਕਰ ਦਿੱਤੀਆਂ।

ਹੁਣ ਉਹ 'ਗੁਰੂ ਦਾ ਬੰਦਾ' ਬਣ ਗਿਆ। ਗੁਰੂ ਸਾਹਿਬ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ 'ਬਹਾਦਰ' ਦਾ ਖ਼ਿਤਾਬ ਦੇ ਕੇ ਉਸ ਨੂੰ ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ ਬਣਾ ਦਿੱਤਾ ਤੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਤੋਰਿਆ।

ਸਫ਼ਰ ਦੌਰਾਨ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਸੰਨ (੧੭੦੮ ਈ.) ਦੀ ਸੂਚਨਾ ਮਿਲੀ। ਧਨ, ਬਾਰੂਦ ਅਤੇ ਫੌਜ ਦੀ ਅਣਹੋਂਦ ਕਾਰਨ ਅਜੇ ਉਹ ਹਕੂਮਤ ਨਾਲ ਟੱਕਰ ਨਹੀਂ ਸੀ ਲੈਣੀ ਚਾਹੁੰਦੇ। ਕੁਝ ਸਮਾਂ ਬਾਬਾ ਜੀ ਖਰਖੋਦੇ ਦੇ ਪਰਗਨੇ ਵਿਚ ਸਿਹਰੀ-ਖੰਡੇ ਪਿੰਡਾਂ ਨੇੜੇ ਰਹੇ। ਉਥੋਂ ਹੀ ਉਨ੍ਹਾਂ ਨੇ ਗੁਰੂ ਜੀ ਦੇ ਹੁਕਮਨਾਮੇ ਸਿੱਖਾਂ ਵੱਲ ਭੇਜੇ।

ਕੁਝ ਮਹੀਨਿਆਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਕਾਫੀ ਸੂਰਮੇ ਆ ਰਲੇ। ਜਿਨ੍ਹਾਂ ਦੀ ਮਦਦ ਨਾਲ ਉਨ੍ਹਾਂ ਨੇ ਸਮਾਣਾ ਉੱਤੇ ਹਮਲਾ ਬੋਲ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦਾ ਅਗਲਾ ਨਿਸ਼ਾਨਾ ਸਢੌਰਾ ਸੀ। ਰਾਹ ਵਿਚ ਉਨ੍ਹਾਂ ਨੇ ਘੜਾਮ, ਠਸਕਾ ਤੇ ਮੁਸਤਫਾਬਾਦ ਆਦਿ ਨੂੰ ਫਤਿਹ ਕਰ ਕੇ ਕਪੂਰੀ 'ਤੇ ਧਾਵਾ ਬੋਲਿਆ। ਕਪੂਰੀ ਦਾ ਫੌਜਦਾਰ ਕਦਮੁਦੀਨ ਹਿੰਦੂ ਲੜਕੀਆਂ ਨੂੰ ਆਪਣੀ ਕਾਮ-ਵਾਸਨਾ ਦਾ ਸ਼ਿਕਾਰ ਬਣਾਉਂਦਾ ਸੀ। ਉਸ ਦੇ ਦੁਰਾਚਾਰ ਦੇ ਅੱਡੇ ਨੂੰ ਮਿੱਟੀ ਵਿਚ ਮਿਲਾ ਕੇ ਬਾਬਾ ਬੰਦਾ ਸਿੰਘ ਜੀ ਨੇ ਸਢੌਰੇ ਵੱਲ ਮੂੰਹ ਕੀਤਾ। ਇੱਥੋਂ ਦੇ ਹਾਕਮ ਉਸਮਾਨ ਖਾਨ ਨੇ ਮੁਸਲਿਮ ਪੀਰ ਸੱਯਦ ਬੁੱਧੂ ਸ਼ਾਹ ਨੂੰ ਇਸ ਲਈ ਕਤਲ ਕਰਵਾ ਦਿੱਤਾ ਸੀ, ਕਿਉਂਕਿ ਉਸ ਨੇ ਭੰਗਾਣੀ ਦੇ ਯੁੱਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਮਦਦ ਕੀਤੀ ਸੀ। ਇੱਥੇ ਵੀ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਨੂੰ ਬੇਮਿਸਾਲ ਸਫ਼ਲਤਾ ਮਿਲੀ।

ਬਾਬਾ ਬੰਦਾ ਸਿੰਘ ਬਹਾਦਰ ਦਾ ਅਸਲ ਨਿਸ਼ਾਨਾ ਸਰਹਿੰਦ ਉੱਤੇ ਧਾਵਾ ਬੋਲਣਾ ਸੀ, ਇੱਥੋਂ ਦੇ ਸੂਬੇਦਾਰ ਵਜ਼ੀਰ ਖਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ) ਨੂੰ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕੀਤਾ ਸੀ। ੧੨ ਮਈ, ੧੭੧੦ ਈ. ਨੂੰ ਚੱਪੜਚਿੜੀ ਦੇ ਸਥਾਨ 'ਤੇ ਦੋਹਾਂ ਫੌਜਾਂ ਵਿਚਾਲੇ ਗਹਿਗੱਚ ਲੜਾਈ ਹੋਈ। ਭਾਈ ਫਤਿਹ ਸਿੰਘ ਤੇ ਭਾਈ ਕਰਮ ਸਿੰਘ ਦੀ

ਅਗਵਾਈ ਹੇਠ ਸਿੰਘਾਂ ਨੇ ਬਹਾਦਰੀ ਨਾਲ ਫੈਸਲਾਕੁੰਨ ਲੜਾਈ ਲੜੀ ਤੇ ਵਜ਼ੀਰ ਖਾਨ ਨੂੰ ਪਾਰ ਬੁਲਾ ਦਿੱਤਾ। ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਸਿੱਖ ਸੈਨਾ ਜੇਤੂ ਦੀ ਸ਼ਕਲ ਵਿਚ ੧੪ ਮਈ ੧੭੧੦ ਈ: ਨੂੰ ਸਰਹਿੰਦ ਵਿਚ ਦਾਖਲ ਹੋਈ।

ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਭਾਈ ਫਤਿਹ ਸਿੰਘ ਨੂੰ ਸਮਾਣਾ ਦਾ ਗਵਰਨਰ ਰਹਿਣ ਦਿੱਤਾ ਗਿਆ। ਥਾਨੇਸਰ ਦੀ ਸੂਬੇਦਾਰੀ ਭਾਈ ਰਾਮ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਸਰਹਿੰਦ ਦੀ ਫਤਿਹ ਨੇ ਸਿੱਖਾਂ ਦਾ ਰੁਹਬ ਤੇ ਦਬਦਬਾ ਸਾਰੇ ਪੰਜਾਬ ਵਿਚ ਬਿਠਾ ਦਿੱਤਾ।

ਮਲੇਰਕੋਟਲਾ ਅਤੇ ਰਾਏਕੋਟ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਆ ਗਿਆ। ਆਪਣੀ ਹਕੂਮਤ ਨੂੰ ਪੱਕਾ ਕਰ ਕੇ ਉਨ੍ਹਾਂ ਨੇ ਸਿੱਖ ਰਾਜ ਦੀ ਸਥਾਪਨਾ ਦਾ ਪਰਚਮ ਲਹਿਰਾ ਦਿੱਤਾ। ਮੁਖਲਿਸਗੜ੍ਹ ਦਾ ਪੁਰਾਣਾ ਸ਼ਾਹੀ ਕਿਲ੍ਹਾ ਮੁਰੰਮਤ ਕਰਵਾਇਆ, ਜਿਸ ਉੱਤੇ ਸਢੌਰੇ ਦੀ ਜਿੱਤ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਅਧਿਕਾਰ ਜਮਾ ਲਿਆ ਸੀ। ਇਹਦਾ ਨਾਂ ਬਦਲ ਕੇ ਲੋਹਗੜ੍ਹ ਰੱਖਿਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ। ਉਨ੍ਹਾਂ ਦੀ ਕਮਾਨ ਹੇਠ ਖਾਲਸੇ ਦੀ ਭਾਰੀ ਫੌਜ ਸੀ ਤੇ ਉਹ ਕਈ ਇਲਾਕਿਆਂ ਦੇ ਮਾਲਕ ਬਣ ਗਏ ਸਨ। ਉਨ੍ਹਾਂ ਨੇ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਫ਼ਾਰਸੀ ਅੱਖਰਾਂ ਵਿਚ ਸਿੱਕਾ ਜਾਰੀ ਕੀਤਾ, ਜਿਸ 'ਤੇ ਲਿਖਿਆ ਸੀ :

*ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ*
*ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ*

ਆਪਣੇ ਹੁਕਮਨਾਮਿਆਂ, ਫ਼ਰਮਾਨਾਂ ਜਾਂ ਚਿੱਠੀਆਂ ਆਦਿ ਉੱਤੇ ਲਾਉਣ ਲਈ ਉਨ੍ਹਾਂ ਨੇ ਇਕ ਮੋਹਰ ਵੀ ਬਣਵਾਈ, ਜਿਸ ਉੱਤੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਵਾਲੇ ਇਹ ਸ਼ਬਦ ਅੰਕਿਤ ਸਨ:

*ਦੇਗੋ ਤੇਗੋ ਫਤਿਹ ਓ ਨੁਸਰਤਿ ਬੇ-ਦਿਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।*

ਜਮਨਾ-ਗੰਗਾ ਅਤੇ ਦੁਆਬੇ ਦੇ ਇਲਾਕਿਆਂ ਵਿਚ ਬਾਬਾ ਬੰਦਾ ਸਿੰਘ ਨੇ ਸਹਾਰਨਪੁਰ, ਜਲਾਲਾਬਾਦ ਤੇ ਨਨੌਤਾ ਆਦਿ ਸ਼ਹਿਰ ਫਤਿਹ ਕੀਤੇ। ਸਰਹਿੰਦ ਦੀ ਫਤਿਹ ਨੇ ਸਿੱਖਾਂ ਵਿਚ ਨਵਾਂ ਜੋਸ਼ ਤੇ ਜਾਗ੍ਰਿਤੀ ਪੈਦਾ ਕਰ ਦਿੱਤੀ ਸੀ। ਮਾਝੇ ਅਤੇ ਹੋਰ ਇਲਾਕੇ ਦੇ ਸਿੰਘਾਂ ਨੇ ਇਕੱਠੇ ਹੋ ਕੇ ਸ੍ਰੀ ਅੰਮ੍ਰਿਤਸਰ ਵਿਚ ਗੁਰਮਤਾ ਸੋਧਿਆ ਅਤੇ ਪੰਜਾਬ ਦੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਬਟਾਲਾ, ਕਲਾਨੌਰ ਜਿੱਤ ਕੇ ਸਿੱਖ ਲਾਹੌਰ ਤਕ ਜਾ ਪੁੱਜੇ।

ਸਿੰਘਾਂ ਦਾ ਅਜਿਹਾ ਦਬਦਬਾ ਵੇਖ ਕੇ ਲਾਹੌਰ ਦਾ ਸੂਬੇਦਾਰ ਅਸਲਮ ਖਾਨ ਘਬਰਾ ਗਿਆ। ਮੁਲਾਣਿਆਂ ਨੇ ਹੈਦਰੀ ਝੰਡਾ ਝੁਲਾ ਕੇ ਮੁਗ਼ਲਾਂ ਨੂੰ ਸਿੱਖਾਂ ਵਿਰੁੱਧ ਜਹਾਦ ਕਰਨ ਲਈ ਪ੍ਰੇਰਿਆ। ਸਿੱਖਾਂ ਨੇ ਕਿਲ੍ਹਾ ਭਗਵੰਤ ਰਾਏ ਤੇ ਕੋਟਲਾ ਬੇਗਮ ਤੋਂ ਮੁੜ ਜਹਾਦੀਆਂ ਨੂੰ ਭੀਲੋਵਾਲ ਪਿੰਡ ਨੇੜੇ ਇੰਨੀ ਕਰਾਰੀ ਹਾਰ ਦਿੱਤੀ ਕਿ ਲਾਹੌਰ ਤੋਂ

ਬਿਨਾਂ ਸਾਰਾ ਮਾਝਾ ਅਤੇ ਰਿਆੜਕੀ ਦਾ ਇਲਾਕਾ ਉਨ੍ਹਾਂ ਦੇ ਅਧੀਨ ਹੋ ਗਿਆ।

ਦੁਆਬੇ ਦੇ ਸਿੰਘਾਂ ਦੀ ਦੁਆਬੇ ਦੇ ਫੌਜਦਾਰ ਸ਼ਮਸ ਖਾਨ ਨਾਲ ਟੱਕਰ ਹੋ ਗਈ। ਸਿੰਘਾਂ ਨੇ ਬਾਬਾ ਬੰਦਾ ਸਿੰਘ ਜੀ ਨੂੰ ਮਦਦ ਲਈ ਸੁਨੇਹਾ ਭੇਜਿਆ। ਰਾਹੋਂ ਵਿਚ ਇਕ ਪੁਰਾਣਾ ਭੱਠਾ ਵੇਖ ਕੇ ਉਸ ਦੀ ਗੜ੍ਹੀ ਬਣਾ ਲਈ। ਸਿੱਖਾਂ ਨੇ ਰਾਹੋਂ ਛੱਡ ਦਿੱਤਾ, ਪਰ ਝਾੜੀਆਂ ਵਿਚ ਛੁਪ ਕੇ ਮੌਕੇ ਦੀ ਨਜ਼ਾਕਤ ਵੇਖਦੇ ਰਹੇ। ਰਾਹੋਂ ਉੱਤੇ ਸਮਦ ਖਾਨ ਨੇ ਕਬਜ਼ਾ ਕੀਤਾ ਹੀ ਸੀ ਕਿ ਸਿੱਖਾਂ ਨੇ ਟਿਕਾਣਿਆਂ 'ਚੋਂ ਨਿਕਲ ਕੇ ਫੌਜਾਂ ਨੂੰ ਭਾਜੜ ਪਾ ਦਿੱਤੀ ਅਤੇ ਰਾਹੋਂ ਉੱਤੇ ਕਬਜ਼ਾ ਕਰ ਲਿਆ।

ਸਮਦ ਖਾਨ ਨੇ ਬਹਾਦਰ ਸ਼ਾਹ ਨੂੰ ਮਦਦ ਲਈ ਲਿਖਿਆ। ਦਸੰਬਰ ੧੭੧੦ ਈ. ਨੂੰ ਉਹ ਸ਼ਾਹੀ ਫੌਜ ਲੈ ਕੇ ਲੋਹਗੜ੍ਹ ਦੇ ਨੇੜੇ ਸਢੌਰੇ ਪਹੁੰਚਿਆ ਅਤੇ ਗੜ੍ਹੀ ਦੁਆਲੇ ਘੇਰਾ ਪਾ ਲਿਆ। ਪਰ ੧੦-੧੧ ਦਸੰਬਰ ਦੀ ਰਾਤ ਨੂੰ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਕੁਝ ਸਾਥੀਆਂ ਸਮੇਤ ਵੈਰੀ ਨੂੰ ਚਕਮਾ ਦੇ ਕੇ ਨਾਹਨ ਦੇ ਇਲਾਕੇ ਵਿਚ ਚਲਾ ਗਿਆ।

ਬਹਾਦਰ ਸ਼ਾਹ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਲਾਹੌਰ ਵਾਪਸ ਮੁੜ ਗਿਆ। ਇੱਥੇ ੨੧-੨੨ ਦਸੰਬਰ ੧੭੧੨ ਈ. ਨੂੰ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਪਿੱਛੋਂ ਰਾਜ ਗੱਦੀ ਲਈ ਝਗੜਾ ਸ਼ੁਰੂ ਹੋ ਗਿਆ। ਆਖ਼ਰ ਫਰੁੱਖਸੀਅਰ ਰਾਜ ਗੱਦੀ ਦਾ ਮਾਲਕ ਬਣਿਆ। ਇਸ ਦੌਰਾਨ ਸਿੱਖਾਂ ਨੇ ਮੁੜ ਆਪਣੀ ਤਾਕਤ ਇਕੱਠੀ ਕੀਤੀ ਅਤੇ ਕਲਾਨੌਰ, ਲੋਹਗੜ੍ਹ ਅਤੇ ਸਢੌਰਾ ਫਿਰ ਤੋਂ ਆਪਣੇ ਕਬਜ਼ੇ 'ਚ ਕਰ ਲਏ।

ਅਕਤੂਬਰ ੧੭੧੩ ਈ. ਤੋਂ ਫਰਵਰੀ ੧੭੧੫ ਈ. ਤਕ ਬਾਬਾ ਬੰਦਾ ਸਿੰਘ ਬਹਾਦਰ ਨੇ ਜੰਮੂ ਵਿਚ ਆਪਣਾ ਟਿਕਾਣਾ ਬਣਾਇਆ। ਇੱਥੋਂ ਉਹ ਪੰਜਾਬ ਦੇ ਹਾਲਾਤ ਉੱਤੇ ਨਜ਼ਰ ਰੱਖਦੇ ਰਹੇ। ਜੰਮੂ ਤੋਂ ਬਾਬਾ ਬੰਦਾ ਸਿੰਘ ਬਹਾਦਰ ਅਚਾਨਕ ਪੰਜਾਬ ਪਰਤ ਆਏ ਅਤੇ ਅਚਲ ਤੋਂ ਹੁੰਦੇ ਹੋਏ ਬਟਾਲੇ ਪੁੱਜੇ। ਦੂਜੇ ਪਾਸੇ ਅਬਦੁੱਸਮਦ ਖਾਨ ਨੇ ਵੀ ਹੋਰਨਾਂ ਮੁਗ਼ਲਾਂ ਦੀ ਮਦਦ ਨਾਲ ਬਾਬਾ ਬੰਦਾ ਸਿੰਘ ਬਹਾਦਰ 'ਤੇ ਪੂਰੀ ਨਜ਼ਰ ਰੱਖੀ। ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਘੇਰ ਲਏ ਗਏ। ਦੁਸ਼ਮਣਾਂ ਨੇ ਲਗਾਤਾਰ ਅੱਠ ਮਹੀਨੇ ਗੜ੍ਹੀ ਨੂੰ ਪੂਰੀ ਤਰ੍ਹਾਂ ਘੇਰੀ ਰੱਖਿਆ। ਇਸ ਦੌਰਾਨ ਸਿੱਖਾਂ ਕੋਲ ਰਾਸ਼ਨ-ਪਾਣੀ ਮੁੱਕ ਗਿਆ। ਜਿਊਂਦੇ ਰਹਿਣ ਲਈ ਉਨ੍ਹਾਂ ਨੇ ਦਰੱਖ਼ਤਾਂ ਦੇ ਪੱਤੇ, ਸੱਕ, ਟਾਹਣੀਆਂ, ਘਾਹ, ਜਾਨਵਰਾਂ ਦੀਆਂ ਹੱਡੀਆਂ ਅਤੇ ਆਪਣੇ ਪੱਟਾਂ ਦਾ ਮਾਸ ਚੀਰ ਕੇ ਖਾਧਾ। ਇਸ ਨਾਲ ਕਈ ਸਿੰਘ ਭਿਆਨਕ ਬਿਮਾਰੀਆਂ ਕਾਰਨ ਅਤੇ ਕਈ ਭੁੱਖ ਕਾਰਨ ਸ਼ਹੀਦ ਹੋ ਗਏ, ਪਰ ਇਨ੍ਹਾਂ ਨੇ ਮੁਸ਼ਕਿਲਾਂ ਦੇ ਬਾਵਜੂਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਬਹਾਦਰ ਸਾਥੀਆਂ ਨੇ ਮੁਗ਼ਲਾਂ ਦਾ ਅੱਠ ਮਹੀਨੇ ਡਟ ਕੇ ਟਾਕਰਾ ਕੀਤਾ।

ਆਖ਼ਰ ੭ ਦਸੰਬਰ ੧੭੧੫ ਈ. ਨੂੰ ਸ਼ਾਹੀ ਫੌਜਾਂ ਨੇ ਗੜ੍ਹੀ 'ਤੇ ਕਬਜ਼ਾ ਕਰ ਲਿਆ। ਤਿੰਨ ਸੌ ਦੇ ਕਰੀਬ ਸਿੰਘ ਉੱਥੇ ਹੀ ਸ਼ਹੀਦ ਕਰ ਦਿੱਤੇ ਗਏ। ਬਾਬਾ ਬੰਦਾ ਸਿੰਘ ਬਹਾਦਰ ਨੂੰ ਉਸ ਦੇ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ

ਸਾਰਿਆਂ ਨੂੰ ਪਹਿਲਾਂ ਲਾਹੌਰ ਦੀਆਂ ਗਲੀਆਂ ਵਿਚ ਲਿਜਾ ਕੇ ਜਲੂਸ ਕੱਢਿਆ ਗਿਆ, ਫਿਰ ਜ਼ਕਰੀਆ ਖਾਨ ਦੀ ਨਿਗਰਾਨੀ ਹੇਠ ਦਿੱਲੀ ਭੇਜਿਆ ਗਿਆ।

੨੭ ਫਰਵਰੀ, ੧੭੧੬ ਈ. ਨੂੰ ਇਹ ਕਾਫਲਾ ਦਿੱਲੀ ਪੁੱਜਾ। ਫਰੁੱਖਸੀਅਰ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ, ਭਾਈ ਬਾਜ ਸਿੰਘ, ਭਾਈ ਫਤਿਹ ਸਿੰਘ ਤੇ ਕੁਝ ਹੋਰ ਸਿੱਖਾਂ ਨੂੰ ਤ੍ਰਿਪੋਲੀਆ ਜੇਲ੍ਹਖਾਨੇ ਭੇਜ ਦਿੱਤਾ ਗਿਆ। ਬਾਕੀ ਸਿੱਖਾਂ ਨੂੰ ਕਤਲ ਕਰਨ ਲਈ ਕੋਤਵਾਲ ਸਰਬਰਾਹ ਖਾਨ ਦੇ ਹਵਾਲੇ ਕਰ ਦਿੱਤਾ। ੫ ਮਾਰਚ, ੧੭੧੬ ਈ. ਨੂੰ ਸਿੱਖ-ਸ਼ਹੀਦੀਆਂ ਸ਼ੁਰੂ ਹੋਈਆਂ। ਹਰ ਰੋਜ਼ ੧੦੦ ਸਿੱਖ ਕਤਲ ਕੀਤੇ ਜਾਂਦੇ ਤੇ ਰਾਤੀਂ ਛਕੜਿਆਂ ਉੱਤੇ ਲੱਦ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਬਾਹਰ ਦਰੱਖਤਾਂ ਨਾਲ ਟੰਗ ਦਿੱਤਾ ਜਾਂਦਾ।

੯ ਜੂਨ, ੧੭੧੬ ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਉਨ੍ਹਾਂ ਦੇ ਪੁੱਤਰ ਅਜੈ ਸਿੰਘ, ਭਾਈ ਫਤਿਹ ਸਿੰਘ, ਭਾਈ ਬਾਜ ਸਿੰਘ ਅਤੇ ਕੁਝ ਹੋਰ ਸਿੱਖਾਂ ਨੂੰ ਇਬਰਾਹੀਮ ਖਾਨ, ਮੀਰ ਆਤਿਸ਼ ਅਤੇ ਸਰਬਰਾਹ ਖਾਨ ਕੋਤਵਾਲ ਦੀ ਨਿਗਰਾਨੀ ਹੇਠ ਕਿਲ੍ਹੇ ਤੋਂ ਬਾਹਰ ਕੱਢਿਆ ਗਿਆ। ਇਸ ਸਮੇਂ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਲੋਹੇ ਦੀਆਂ ਬੇੜੀਆਂ ਵਿਚ ਜਕੜਿਆ ਹੋਇਆ ਸੀ। ਫਿਰ ਉਸ ਨੂੰ ਹਾਥੀ ਤੋਂ ਉਤਾਰ ਕੇ ਇਸਲਾਮ ਜਾਂ ਮੌਤ 'ਚੋਂ ਕਿਸੇ ਇਕ ਦੀ ਚੋਣ ਕਰਨ ਬਾਰੇ ਕਿਹਾ ਗਿਆ, ਪਰ ਬਾਬਾ ਬੰਦਾ ਸਿੰਘ ਬਹਾਦਰ ਨੇ ਇਕ ਸਿਦਕੀ ਤੇ ਸੱਚੇ ਸਿੱਖ ਵਾਂਗ ਮੌਤ ਨੂੰ ਪਹਿਲ ਦਿੱਤੀ। ਉਨ੍ਹਾਂ ਦੇ ਚਾਰ ਸਾਲਾ ਬੱਚੇ ਅਜੈ ਸਿੰਘ ਨੂੰ ਉਨ੍ਹਾਂ ਦੇ ਸਾਹਮਣੇ ਕਤਲ ਕਰ ਕੇ ਉਸ ਦਾ ਤੜਫਦਾ ਦਿਲ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਉਨ੍ਹਾਂ ਦੀ ਸੱਜੀ ਅੱਖ ਕੱਢੀ ਗਈ, ਫਿਰ ਖੱਬਾ ਪੈਰ ਵੱਢਿਆ ਗਿਆ, ਫਿਰ ਉਨ੍ਹਾਂ ਦੇ ਦੋਵੇਂ ਹੱਥ ਕੱਟ ਦਿੱਤੇ ਗਏ ਅਤੇ ਆਖਰ ਲਾਲ ਅੰਗਿਆਰ ਚਿਮਟੀਆਂ ਨਾਲ ਉਨ੍ਹਾਂ ਦੇ ਸਰੀਰ ਦਾ ਮਾਸ ਨੋਚਿਆ ਗਿਆ ਤੇ ਉਸ ਦਾ ਅੰਗ-ਅੰਗ ਵੱਖ ਕਰ ਦਿੱਤਾ ਗਿਆ। ਇਨ੍ਹਾਂ ਸਾਰੇ ਤਸੀਹਿਆਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਬੜੇ ਜਿਗਰੇ ਅਤੇ ਸਿੱਖੀ ਸਿਦਕ ਨਾਲ ਸਹਾਰਿਆ। ਇਉਂ ਅਕਹਿ ਤੇ ਅਸਹਿ ਕਸ਼ਟ ਸਹਾਰ ਕੇ ਅਤੇ ਆਪਣੇ ਧਰਮ ਵਿਚ ਪੱਕਾ ਰਹਿ ਕੇ ਉਹ ਸ਼ਹੀਦੀ ਪ੍ਰਾਪਤ ਕਰ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਹੇਠ ਲਿਖੀਆਂ ਇਤਿਹਾਸਿਕ ਯਾਦਗਾਰਾਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਮਿਲਦੀਆਂ ਹਨ:

**੧.** ਜੰਮੂ ਦੇ ਪਹਾੜੀ ਇਲਾਕੇ ਵਿਚ ਕੱਟੜੇ ਤੋਂ ਸੱਤ ਕੋਹ ਅਤੇ ਰਿਆਸੀ ਤੋਂ ਨੌਂ ਮੀਲ ਦੂਰ ਝਨਾਂ ਦੇ ਕੰਢੇ ਇਕ ਬੜਾ ਦਿਲਖਿਚਵਾਂ ਸਥਾਨ ਹੈ— ਡੇਰਾ ਬਾਬਾ ਬੰਦਾ ਸਾਹਿਬ। ਇੱਥੇ ਆ ਕੇ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੈਨਾ ਨੂੰ ਯੁੱਧ ਦੀ ਸਿੱਖਿਆ ਦਿੰਦੇ ਰਹੇ।

**੨.** ਸਰਹਿੰਦ ਤੋਂ ਕੁਝ ਦੂਰ ਅੱਗੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੀ ਡਿਉਢੀ 'ਤੇ ਬਾਬਾ ਬੰਦਾ ਸਿੰਘ ਬਹਾਦਰ ਗੇਟ ਬਣਿਆ ਹੋਇਆ ਹੈ।

**੩.** ਫਤਿਹਗੜ੍ਹ ਸਾਹਿਬ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ 'ਤੇ ਇੰਜੀਨੀਅਰਿੰਗ ਕਾਲਜ ਸਥਾਪਿਤ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ।

**੪.** ਧਾਰੀਵਾਲ ਤੋਂ ਗੁਰਦਾਸਪੁਰ ਜਾਂਦਿਆਂ ਗੁਰਦਾਸ ਨੰਗਲ ਦੀ ਥੇਹ 'ਤੇ ਇਕ ਯਾਦਗਾਰੀ ਗੁਰਦੁਆਰਾ ਹੈ। ਇੱਥੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

**੫.** ਨਾਂਦੇੜ (ਮਹਾਂਰਾਸ਼ਟਰ) ਵਿਖੇ ਗੁਰਦੁਆਰਾ ਬੰਦਾ ਘਾਟ ਹੈ। ਇੱਥੇ ਹੀ ਸੰਨ ੧੭੦੮ ਈ. ਵਿਚ ਮਾਧੋ ਦਾਸ ਬੈਰਾਗੀ ਵਜੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ਹੋਈ।

**੬.** ਗ੍ਰੇਟਰ ਮੋਹਾਲੀ ਸਰਹਿੰਦ ਵਿਖੇ ਗੁਰਦੁਆਰਾ ਸ਼ਹੀਦ ਗੰਜ, ਮੈਦਾਨ ਚੱਪੜ ਚਿੜੀ ਹੈ, ਜਿੱਥੇ ਸੂਬਾ ਸਰਹਿੰਦ ਵਜ਼ੀਰ ਖਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿਚਕਾਰ ਹੋਈ ਫੈਸਲਾਕੁੰਨ ਲੜਾਈ ਵਿਚ ਵਜ਼ੀਰ ਖਾਨ ਮਾਰਿਆ ਗਿਆ ਅਤੇ ਅਨੇਕਾਂ ਸਿੰਘ-ਸਿੰਘਣੀਆਂ ਸ਼ਹੀਦ ਹੋਏ ਸਨ।

**੭.** ਸਢੌਰਾ ਤੋਂ ਕਰੀਬ ੨੦ ਕਿਲੋਮੀਟਰ ਦੂਰ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਹੈ, ਜਿਸ ਦਾ ਪਹਿਲਾ ਨਾਂ ਮੁਖਲਿਸਗੜ੍ਹ ਸੀ, ਇਸ ਨੂੰ ਸਿੱਖਾਂ ਦੀ ਪਹਿਲੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਹੈ। ਇੱਥੇ ਹੀ ਸਿੱਖ ਰਾਜ ਦੀ ਨੀਂਹ ਰੱਖੀ ਗਈ।

**੮.** ਦਿੱਲੀ ਵਿਖੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, ਮਹਿਰੌਲੀ ਹੈ। ਇਸ ਥਾਂ 'ਤੇ ਬਾਬਾ ਬੰਦਾ ਸਿੰਘ ਬਹਾਦਰ, ਉਨ੍ਹਾਂ ਦੇ ਮਾਸੂਮ ਬੱਚੇ ਅਜੈ ਸਿੰਘ ਅਤੇ ਪ੍ਰਮੁੱਖ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ।

ਪੰਜਾਬੀ ਦੇ ਇਕ ਚਰਚਿਤ ਕਵੀ ਸ. ਹਰਸਾ ਸਿੰਘ 'ਚਾਤਰ' ਨੇ ਇਸ ਮਹਾਨ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਦਿਆਂ ਲਿਖਿਆ ਹੈ:

*ਬਰਕਤ ਪਾ ਦਸਮੇਸ਼ ਦੀ, ਬਣਿਆ ਬੰਦਾ ਸਿੰਘ ਬਲਕਾਰੀ।*
*ਡੌਲੇ ਉਹਦੇ ਲੋਹੇ ਦੇ, ਛਾਤੀ ਅਹਿਰਣ ਵਰਗੀ ਭਾਰੀ।*
*ਅੱਖਾਂ ਬਲਣ ਮਤਾਬੀਆਂ, ਫੂਕ ਸੁੱਟਣੀ ਜ਼ੁਲਮਤ ਸਾਰੀ।*
*ਕੱਦ ਕਾਠ ਵਰਿਆਮ ਦਾ, ਤੁਰਦੀ-ਫਿਰਦੀ ਜਿਵੇਂ ਅਟਾਰੀ।*
*ਹਾਥੀ ਢਾਹੇ ਓਸ ਨੇ, ਸ਼ੇਰਾਂ 'ਤੇ ਪਾਈ ਅਸਵਾਰੀ।*
*ਮਾਰ ਵਜੀਦੇ ਖਾਨ ਨੂੰ, ਧਰਤੋਂ ਭਾਰੀ ਪੰਡ ਉਤਾਰੀ।*
*ਰੱਤ ਵਿਚ ਡੋਬੇ ਓਸ ਨੇ, ਦੇਸ਼ ਧ੍ਰੋਹੀ ਤੇ ਹੰਕਾਰੀ।*
*ਸੁਣ-ਸੁਣ ਉਹਦੀਆਂ ਚੜ੍ਹਤਲਾਂ, ਕੰਬੇ ਦਿੱਲੀ ਕਰਮਾਂ ਮਾਰੀ।*
*ਆਖ਼ਰ ਫਸਿਆ ਪਿੰਜਰੇ, ਸਫ਼ਲ ਹੋਏ ਚਾਲੇ ਸਰਕਾਰੀ।*
*ਮਰਨੋਂ ਮੂਲ ਨਾ ਡੋਲਿਆ, ਦੇਸ਼ ਭਗਤ ਸੱਚ ਦਾ ਹਿਤਕਾਰੀ।*
*ਬੋਟੀ ਬੋਟੀ ਹੋ ਗਿਆ, ਸਿੱਖੀ ਨਹੀਂ ਸੂਰਮੇ ਹਾਰੀ।*
*ਵਿਰਲੇ ਜੰਮਣ ਜੱਗ 'ਤੇ, ਇਹੋ ਜਿਹੇ 'ਚਾਤਰ' ਉਪਕਾਰੀ।*
*ਜਿਨ੍ਹਾਂ ਦੇਸ਼ ਤੋਂ ਜਿੰਦੜੀ ਵਾਰੀ।* ■

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਤੇ ਸ਼ਖ਼ਸੀਅਤ

*-ਡਾ. ਗੁਰਵਿੰਦਰ ਕੌਰ**

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਬੇਮਿਸਾਲ ਸ਼ਖ਼ਸੀਅਤ ਦਾ ਜ਼ਿਕਰ ਸਮਕਾਲੀ ਇਤਿਹਾਸਕਾਰਾਂ, ਵਿਦੇਸ਼ੀ ਸਫੀਰਾਂ ਤੇ ਸਫਰਨਾਮਾ ਲਿਖਾਰੀਆਂ ਦੇ ਅੱਖੀਂ-ਡਿੱਠੇ ਬਿਆਨਾਂ 'ਤੇ ਆਧਾਰਿਤ ਲਿਖਤਾਂ ਅਤੇ ਬਾਅਦ ਦੇ ਇਤਿਹਾਸਕਾਰਾਂ ਦੁਆਰਾ ਲਿਖੀਆਂ ਪੁਸਤਕਾਂ ਵਿੱਚੋਂ ਮਿਲਦਾ ਹੈ। ਇਸ ਲੇਖ ਵਿਚ, ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਦੀ ਲਿਖੀ ਪੁਸਤਕ—'ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ', (ਜੋ ਲਾਹੌਰ ਬੁੱਕ ਸ਼ਾਪ- ਲੁਧਿਆਣਾ ਵੱਲੋਂ ੨੦੦੦ ਈ. ਵਿਚ ਛਪੀ ਹੈ) ਨੂੰ ਆਧਾਰ ਬਣਾ ਕੇ ਉਪਰੋਕਤ ਵਿਸ਼ੇ ਸਬੰਧੀ ਵਿਚਾਰ ਕਰਦੇ ਹਾਂ।

## ਜੀਵਨ

**ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਘਰਾਣਾ :** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਘਰਾਣੇ ਵਿੱਚੋਂ ਸਰਦਾਰ ਬੁੱਧ ਸਿੰਘ ਉਸ ਮਾਣਯੋਗ ਹਸਤੀ ਦਾ ਨਾਂ ਹੈ ਜਿਸ ਨੂੰ ਇਸ ਗੱਲ ਦੀ ਵਡਿਆਈ ਪ੍ਰਾਪਤ ਸੀ ਕਿ ਇਸ ਨੇ ਕਲਗੀਧਰ ਜੀ ਦੇ ਕਰ-ਕਮਲਾਂ ਤੋਂ ਅੰਮ੍ਰਿਤਪਾਨ ਕੀਤਾ ਤੇ ਸਿੰਘ ਸਜਿਆ। ਉਸ ਦਾ ਪੁੱਤਰ ਸਰਦਾਰ ਨੌਧ ਸਿੰਘ ਤੇ ਪੋਤਰਾ ਸਰਦਾਰ ਚੜਤ ਸਿੰਘ ਸੀ। ਸਰਦਾਰ ਚੜਤ ਸਿੰਘ ਦਾ ਪੁੱਤਰ ਸਰਦਾਰ ਮਹਾਂ ਸਿੰਘ ਸੀ ਜਿਸ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਸ਼ੁਕਰਚੱਕੀਆ ਮਿਸਲ ਦਾ ਕੰਮ-ਕਾਰ ਸੰਭਾਲਿਆ। ਸਰਦਾਰ ਮਹਾਂ ਸਿੰਘ ਦਾ ਵਿਆਹ ਬੀਬੀ ਰਾਜ ਕੌਰ ਨਾਲ ਹੋਇਆ।

**ਜਨਮ :** ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸ਼ੁਕਰਚੱਕੀਆ ਮਿਸਲ ਦੇ ਮੁਖੀ, ਸਰਦਾਰ ਮਹਾਂ ਸਿੰਘ ਦੇ ਘਰ ਸਰਦਾਰਨੀ ਰਾਜ ਕੌਰ ਦੀ ਕੁੱਖੋਂ ਸੰਨ ੧੭੮੦ ਨੂੰ ਹੋਇਆ। ਸਰਦਾਰ ਮਹਾਂ ਸਿੰਘ ਨੇ ਇਸ ਸਮੇਂ ਬਹੁਤ ਖੁਸ਼ੀਆਂ ਮਨਾਈਆਂ। ਗੁਰੂ ਆਸ਼ੇ ਅਨੁਸਾਰ ਬੱਚੇ ਦਾ ਨਾਂ 'ਰਣਜੀਤ ਸਿੰਘ' ਰੱਖਿਆ ਗਿਆ। ਜਨਮ ਤੋਂ ਕੁਝ ਸਮਾਂ ਬਾਅਦ ਬੱਚੇ ਨੂੰ ਸੀਤਲਾ ਨਿਕਲ ਪਈ ਜਿਸ ਕਾਰਨ ਉਸ ਦੀ ਖੱਬੀ ਅੱਖ ਦੀ ਨਜ਼ਰ ਜਾਂਦੀ ਰਹੀ। ਇਸ ਸਮੇਂ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਕਿਸੇ ਦਿਨ ਇਹੀ ਬੱਚਾ ਪੰਜ ਦਰਿਆਵਾਂ ਦੀ ਧਰਤੀ ਦਾ ਮਹਾਰਾਜਾ ਹੋਵੇਗਾ ਤੇ 'ਸ਼ੇਰ-ਏ-ਪੰਜਾਬ' ਦੇ ਨਾਂ ਨਾਲ ਪ੍ਰਸਿੱਧ ਹੋਵੇਗਾ।

**ਵਿਆਹ :** ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਸਰਦਾਰਨੀ ਸਦਾ ਕੌਰ (ਸਰਦਾਰ

*ਪਿੰਡ ਤੇ ਡਾਕ: ਸੂਲਰ (ਪਟਿਆਲਾ)-੧੪੭੦੦੧; ਮੋ: ੦੯੮੧੪੫੩੮੨੯੮*

ਗੁਰਬਖਸ਼ ਸਿੰਘ ਦੀ ਸੁਪਤਨੀ ਜੋ ਆਪਣੇ ਰਾਜ-ਪ੍ਰਬੰਧ ਲਈ ਸਿੱਖ ਇਤਿਹਾਸ ਵਿਚ ਉਚੇਰਾ ਸਥਾਨ ਰੱਖਦੀ ਹੈ) ਦੀ ਇਕਲੌਤੀ ਸਪੁੱਤਰੀ ਬੀਬੀ ਮਹਿਤਾਬ ਕੌਰ ਨਾਲ ਬਹੁਤ ਧੂਮ-ਧਾਮ ਨਾਲ ਹੋਇਆ।

**ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਦੀ ਦਸ਼ਾ :** ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਦਾ ਬਹੁਤ ਸਾਰਾ ਇਲਾਕਾ ਬਾਰ੍ਹਾਂ ਮਿਸਲਾਂ ਦੇ ਅਧੀਨ ਸੀ। ਪੰਜਾਬ ਦੀ ਰਾਜਧਾਨੀ ਲਾਹੌਰ; ਤਿੰਨ ਸਿੱਖ ਸਰਦਾਰਾਂ— ਸ. ਲਹਿਣਾ ਸਿੰਘ, ਸ. ਗੁੱਜਰ ਸਿੰਘ ਤੇ ਸ. ਸੂਬਾ ਸਿੰਘ ਭੰਗੀਆਂ ਨੇ ਸਾਂਭੀ ਹੋਈ ਸੀ। ਸੰਨ ੧੭੯੫ ਵਿਚ ਸ਼ਾਹ ਜ਼ਮਾਨ ਦੁਰਾਨੀ ਨੇ ਪੰਜਾਬ 'ਤੇ ਹਮਲਾ ਕੀਤਾ, ਜਿਸ ਦੇ ਕਾਰਨ ਦੇਸ਼ ਵਿਚ ਵਧੇਰੀ ਹਲਚਲ ਮੱਚ ਗਈ। ਮੈਦਾਨ ਦੇ ਲਾਗੇ-ਚਾਗੇ ਵੱਸਦੇ ਸਿੱਖ ਮੈਦਾਨ ਤੋਂ ਜੰਗਲਾਂ ਦੇ ਮੋਰਚਿਆਂ ਵਿਚ ਜਾ ਡਟੇ।

ਜਰਨੈਲ ਗਾਰਡਨ ਲਿਖਦਾ ਹੈ ਕਿ ਸ਼ੇਰ-ਏ-ਪੰਜਾਬ ਦੇ ਮੈਦਾਨ ਵਿਚ ਉਤਰਨ ਦੇ ਸਮੇਂ ਤੋਂ ਕੁਝ ਚਿਰ ਪਹਿਲੇ ਮਿਸਲਦਾਰਾਂ ਦੇ ਆਪਸ ਵਿਚ ਸਾਂਝੇ ਦਰਦ ਦੀ ਥਾਂ ਅਪ-ਸੁਆਰਥ ਨੇ ਆ ਮੱਲੀ ਸੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਹੁਣ ਆਪਸ ਵਿਚ ਤੇਗਾਂ ਚੱਲਣ ਲੱਗੀਆਂ...ਉਸ ਸਮੇਂ ਦੇ ਹਾਲਾਤ ਦੇ ਮੁਤਾਬਿਕ ਮਹਾਰਾਜੇ ਨੇ ਆਪਣੀ ਅਦੁੱਤੀ ਬੀਰਤਾ ਤੇ ਸ਼ਖ਼ਸੀਅਤ ਦੇ ਬਲ ਨਾਲ ਖਿੰਡੀ ਹੋਈ ਕੌਮ ਨੂੰ ਜਥੇਬੰਦੀ ਤੇ ਪਰਸਪਰ ਪਿਆਰ ਦੇ ਸੰਗਲਾਂ ਨਾਲ ਜਕੜ ਕੇ ਕੌਮ ਨੂੰ ਘਰੋਗੀ ਲੜਾਈਆਂ ਦੇ ਖੂਹ ਵਿਚ ਡਿੱਗਣ ਤੋਂ ਬਚਾ ਲਿਆ, ਜਿਸ ਕਰਕੇ ਉਹ ਇਕ ਸਧਾਰਨ ਆਦਮੀ ਤੋਂ ਨਾਮਵਰ ਬਾਦਸ਼ਾਹ ਬਣ ਗਿਆ। ਇਸ ਨਾਲ ਮਿੱਤਰਤਾ ਰੱਖਣੀ ਦੂਰ-ਦੂਰ ਦੇ ਬਾਦਸ਼ਾਹ ਫ਼ਖ਼ਰ ਸਮਝਦੇ ਸਨ। ਜੇ ਕਦੇ ਇਹ ਭਿਆਨਕ ਸਮਾਂ ਕੁਝ ਚਿਰ ਹੋਰ ਇਸੇ ਤਰ੍ਹਾਂ ਰਹਿੰਦਾ ਤਦ ਉਹ ਦਿਨ ਦੂਰ ਨਹੀਂ ਸੀ ਜਦ ਸਿੱਖ ਕੌਮ ਉੱਕਾ ਪੰਜਾਬ ਵਿੱਚੋਂ ਅਲੋਪ ਹੋ ਜਾਂਦੀ।...ਹੁਣ ਇਸ ਨਾਜ਼ਕ ਸਮੇਂ ਜੇ ਕਦੀ ਸ਼ੇਰ-ਏ-ਪੰਜਾਬ ਇਸ ਫੱਟ ਨਾਲ ਫੁੱਟੀਆਂ ਪਈਆਂ ਮਿਸਲਾਂ ਤੇ ਹਕੂਮਤਾਂ ਨੂੰ ਮਿਲਾ ਕੇ ਇਹ ਖਾਲਸਾਈ ਝੰਡੇ ਹੇਠ ਖਾਲਸਾ ਸਲਤਨਤ ਦਾ ਖਿਆਲ ਲੈ ਕੇ ਇਕ ਤਾਕਤ ਨਾ ਬਣਾ ਲੈਂਦਾ ਤਾਂ ਸਿੱਖ ਇਤਿਹਾਸ ਦਾ ਇਹ ਸ਼ਾਨਦਾਰ ਭਾਗ ਕਿ 'ਸਿੱਖਾਂ ਨੇ ਪੰਜਾਬ ਵਿਚ ਬਾਦਸ਼ਾਹਤ ਕੀਤੀ' ਕਿਤੇ ਵੀ ਦਿਖਾਈ ਨਾ ਦਿੰਦਾ।

**ਮਹਾਰਾਜਾ ਰਣਜੀਤ ਸਿੰਘ ਦਾ ਮੁੱਢਲਾ ਸਮਾਂ :** ਮਹਾਰਾਜਾ ਰਣਜੀਤ ਸਿੰਘ ਦੇ ਸਿਰ ਤੋਂ ਪਿਤਾ ਦੀ ਛਤਰ-ਛਾਇਆ ਉੱਠ ਜਾਣ ਸਮੇਂ ਉਸ ਦੀ ਉਮਰ ਬਾਰ੍ਹਾਂ ਸਾਲ ਤੋਂ ਵੀ ਕੁਝ ਘੱਟ ਸੀ, ਭਾਵੇਂ ਉਹ ਆਪਣੇ ਪਿਤਾ ਨਾਲ ਕਈ ਯੁੱਧਾਂ ਵਿਚ ਹਿੱਸਾ ਲੈ ਚੁੱਕਾ ਸੀ, ਪਰ ਫਿਰ ਵੀ ਉਹ ਪਹਿਲੇ ਪਹਿਲ ਕੁਝ ਸਮੇਂ ਤਕ ਆਪਣੇ ਪੈਰਾਂ 'ਤੇ ਖਲੋਣ ਲਈ ਚਿੰਤਾਤੁਰ ਰਹਿੰਦਾ ਸੀ। ਇਸ ਸਮੇਂ ਇਸ ਦੀ ਬਹਾਦਰ ਸੱਸ ਸਰਦਾਰਨੀ ਸਦਾ ਕੌਰ ਤੇ ਇਸ ਦੀ ਸਿਆਣੀ ਮਾਤਾ ਦੀ ਮਿਲਵੀਂ ਮਦਦ ਨੇ ਇਸ ਦੇ ਭਾਰ ਨੂੰ ਬਹੁਤ ਕੁਝ

ਹਲਕਾ ਕਰ ਦਿੱਤਾ, ਜਿਸ ਦੀ ਇਸ ਸਮੇਂ ਅਤਿ ਲੋੜ ਸੀ।

**ਮਹਾਰਾਜਾ ਰਣਜੀਤ ਸਿੰਘ ਦੀ ਜਾਨ ਲੈਣ ਦਾ ਯਤਨ :** ਇਤਿਹਾਸਕਾਰਾਂ ਅਨੁਸਾਰ, ਸ਼ੇਰ-ਏ-ਪੰਜਾਬ ਦੇ ਮੁੱਢਲੇ ਸਮੇਂ ਵਿਚ ਹੀ ਉਸ ਦੀ ਜਾਨ ਲੈਣ ਦਾ ਯਤਨ ਕੀਤਾ ਗਿਆ ਸੀ। ਇਕ ਦਿਨ ਉਹ ਰਾਮ ਨਗਰ ਦੇ ਨੇੜੇ ਸ਼ਿਕਾਰ ਖੇਡਦਾ ਹੋਇਆ, ਆਪਣੇ ਸਾਥੀਆਂ ਨਾਲੋਂ ਵਿੱਛੜ ਕੇ ਸੰਘਣੇ ਜੰਗਲਾਂ ਵਿਚ ਨਿਕਲ ਗਿਆ। ਇਸ ਸਮੇਂ ਹਸ਼ਮਤ ਖ਼ਾਨ (ਜਿਸ ਦਾ ਇਲਾਕਾ ਸਰਦਾਰ ਮਹਾਂ ਸਿੰਘ ਨੇ ਫਤਿਹ ਕਰ ਲਿਆ ਸੀ) ਆਪਣੇ ਨੌਕਰਾਂ ਸਮੇਤ ਸ਼ਿਕਾਰ ਦੀ ਭਾਲ ਵਿਚ ਉੱਥੇ ਹੀ ਪਹੁੰਚ ਗਿਆ। ਉਹ ਕਈ ਚਿਰਾਂ ਤੋਂ ਇਸ ਤਾਕ ਵਿਚ ਸੀ ਕਿ ਉਹ ਰਣਜੀਤ ਸਿੰਘ ਨੂੰ ਮਾਰ ਕੇ ਆਪਣੇ ਮਨ ਦੀ ਤਪਸ਼ ਬੁਝਾਵੇ। ਹੁਣ ਉਸ ਨੇ ਮੌਕਾ ਮਿਲਿਆ ਜਾਣ ਕੇ "ਆਪਣੀ ਬੰਦੂਕ ਰਣਜੀਤ ਸਿੰਘ ਵੱਲ ਤਾਣ ਕੇ ਐਸੀ ਚਲਾਈ ਕਿ ਲੱਗਦੇ ਸਾਰ ਉਸ ਦੀ ਜਾਨ ਬਾਹਰ ਆ ਜਾਵੇ, ਪਰ ਕੁਦਰਤ ਨੂੰ ਕੁਝ ਹੋਰ ਪ੍ਰਵਾਨ ਸੀ, ਉਸ ਦੀ ਗੋਲੀ ਸ਼ੇਰ-ਏ-ਪੰਜਾਬ ਤੋਂ ਜ਼ਰਾ ਹੇਠਾਂ ਘੋੜੇ ਦੀਆਂ ਵਾਗਾਂ ਵਿਚ ਆ ਲੱਗੀ ਤੇ ਉਹ ਦੋ ਟੁੱਕ ਹੋ ਗਈਆਂ, ਜੇ ਕਿਤੇ ਇਹ ਗੋਲੀ ਜ਼ਰਾ ਕੁ ਉਚੇਰੀ ਲੱਗਦੀ ਤਾਂ ਖਾਲਸੇ ਦੀ ਕੌਮੀ ਫੁਲਵਾੜੀ ਦਾ ਉਹ ਫੁੱਲ ਖਿੜਨ ਤੋਂ ਪਹਿਲਾਂ ਹੀ ਕਲੀ ਦੇ ਰੂਪ ਵਿਚ ਮੁਰਝਾ ਜਾਂਦਾ, ਜਿਸ ਦੀ ਸੁਗੰਧੀ ਨਾਲ ਸਾਰੀ ਕੌਮ ਨੇ ਮਹਿਕਣਾ ਸੀ। ਇੱਧਰ ਖ਼ਾਨ ਦੀ ਗੋਲੀ ਦਾ ਖੁੰਝਣਾ ਸੀ ਕਿ ਸ਼ੇਰਏ-ਪੰਜਾਬ, ਹੱਥ ਵਿਚ ਸੂਤੀ ਹੋਈ ਸ੍ਰੀ ਸਾਹਿਬ ਲਈ ਭੜਕ ਕੇ ਚੱਠੇ ਸਰਦਾਰ ਦੇ ਗਲ ਜਾ ਪਿਆ। ਜਦ ਉਸ ਦੇ ਸਾਥੀਆਂ ਨੇ ਹਸ਼ਮਤ ਖ਼ਾਨ ਦਾ ਸਿਰ ਵੱਖ ਡਿੱਠਾ ਤਾਂ ਉਹ ਵੀ ਨੱਸ ਪਏ ਤੇ ਹੁਣ ਸ਼ੇਰ-ਏ-ਪੰਜਾਬ ਉਸ ਖ਼ਾਨ ਦਾ ਸਿਰ ਆਪਣੀ ਤਲਵਾਰ ਦੀ ਨੋਕ 'ਤੇ ਟੰਗ ਕੇ ਆਪਣੇ ਸਾਥੀਆਂ ਨੂੰ ਆ ਮਿਲਿਆ।"

**ਸ਼ੇਰ-ਏ-ਪੰਜਾਬ ਨੂੰ ਮਹਾਰਾਜੇ ਦਾ ਖ਼ਿਤਾਬ ਮਿਲਣਾ :** ਫਰਵਰੀ ਸੰਨ ੧੮੦੧ ਵਿਚ ਵੈਸਾਖੀ ਦੇ ਦਿਨ ਲਾਹੌਰ ਕਿਲ੍ਹੇ ਦੇ ਅੰਦਰ 'ਦੀਵਾਨ-ਏ-ਆਮ' ਵਿਚ ਇਕ ਵੱਡਾ ਦਰਬਾਰ ਕੀਤਾ ਗਿਆ। ਉਸ ਦਿਨ ਸ਼ਹਿਰ ਦੇ ਕੁੱਲ ਗੁਰਦੁਆਰਿਆਂ ਵਿਚ ਅਖੰਡ ਪਾਠਾਂ ਦੇ (ਜੋ ਪਹਿਲਾਂ ਰਖਾਏ ਗਏ ਸਨ) ਭੋਗ ਪਾਏ ਗਏ, ਮੁਸਲਮਾਨਾਂ ਨੇ ਮਸੀਤਾਂ ਵਿਚ ਦੁਆਵਾਂ ਮੰਗੀਆਂ, ਹਿੰਦੂਆਂ ਨੇ ਮੰਦਰਾਂ ਵਿਚ ਪ੍ਰਾਰਥਨਾਵਾਂ ਕੀਤੀਆਂ ਤੇ ਚੂਰਮੇ ਵੰਡੇ। ਇਸ ਸਮੇਂ ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਤੋਂ ਸਰਦਾਰ, ਹਾਕਮ ਤੇ ਪ੍ਰਤੀਨਿਧ ਆਏ, ਜਿਨ੍ਹਾਂ ਦੀ ਹਾਜ਼ਰੀ ਵਿਚ ਗਿਆਨੀ ਗੁਰਮੁਖ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸ ਕੀਤੀ ਤੇ ਬਾਬਾ ਸਾਹਿਬ ਸਿੰਘ ਜੀ ਨੇ ਸ਼ੇਰ-ਏ-ਪੰਜਾਬ ਨੂੰ ਮਹਾਰਾਜਗੀ ਦੇਣ ਦੀ ਰਸਮ ਅਦਾ ਕੀਤੀ। ਇਸ ਮੌਕੇ ਚਾਰਾਂ ਪਾਸਿਆਂ ਤੋਂ ਮਹਾਰਾਜੇ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ, ਸ਼ਾਹੀ ਕਵੀਆਂ ਨੇ ਸਮੇਂ ਅਨੁਸਾਰ ਕਵਿਤਾਵਾਂ ਰਚ ਕੇ ਪੜ੍ਹੀਆਂ। ਮਹਾਰਾਜੇ ਵੱਲੋਂ ਦਰਬਾਰੀਆਂ ਨੂੰ ਭੇਟਾ ਦਿੱਤੀਆਂ ਗਈਆਂ, ਹਜ਼ਾਰਾਂ ਰੁਪਏ ਦੀਆਂ ਖਿੱਲਤਾਂ ਵੰਡੀਆਂ ਗਈਆਂ ਤੇ ਦਾਨ ਕੀਤੇ ਗਏ।

**'ਨਾਨਕਸ਼ਾਹੀ ਸਿੱਕਾ ਚਲਾਉਣਾ':** ਇਸੇ ਦਿਨ ਮਹਾਰਾਜੇ ਦੇ ਨਾਂ ਦਾ ਸਿੱਕਾ ਚਲਾਉਣ ਲਈ ਵੀ ਪ੍ਰਬੰਧ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਸਿੱਕੇ 'ਤੇ ਆਪਣਾ ਨਾਂ ਲਿਖਣ ਦੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਸਿੱਕਾ ਚਲਾਉਣਾ ਪ੍ਰਵਾਨ ਕੀਤਾ। ਰੁਪਏ ਨੂੰ 'ਨਾਨਕਸ਼ਾਹੀ ਰੁਪਿਆ' ਅਤੇ ਪੈਸੇ ਨੂੰ 'ਨਾਨਕਸ਼ਾਹੀ ਪੈਸਾ' ਕਿਹਾ ਗਿਆ, ਜਿਨ੍ਹਾਂ ਦੇ ਇਕ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਬੈਠੇ ਹੋਏ ਤੇ ਨਾਲ ਭਾਈ ਮਰਦਾਨਾ (ਭਾਈ ਮਰਦਾਨਾ ਜੀ) ਕੀਰਤਨ ਕਰਦਾ ਦਿਸਦਾ ਸੀ, ਦੂਜੇ ਪਾਸੇ ਗੁਰਮੁਖੀ ਤੇ ਫ਼ਾਰਸੀ ਵਿਚ 'ਸ੍ਰੀ ਗੁਰੂ ਨਾਨਕ ਦੇਵ ਜੀ ਸਹਾਏ' ਲਿਖਿਆ ਸੀ। ਕੁਝ ਸਿੱਕਿਆਂ 'ਤੇ ਇਹ ਲਿਖਿਆ ਸੀ:

*"ਦੇਗੋ ਤੇਗ਼ੋ ਫ਼ਤਹ ਓ ਨੁਸਰਤਿ ਬੇ-ਦਿਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"*

ਮਹਾਰਾਜਾ ਰਣਜੀਤ ਸਿੰਘ ਦੀ ਮੋਹਰ (ਜੋ ਸ਼ਾਹੀ ਚਿੱਠੀ-ਪੱਤਰ ਜਾਂ ਫ਼ਰਮਾਨਾਂ ਉੱਤੇ ਲਾਈ ਜਾਂਦੀ ਸੀ) 'ਤੇ ਇਹ ਲਿਖਤ ਲਿਖੀ ਹੋਈ ਸੀ:

*੧ੴ ਸਤਿਗੁਰ ਪ੍ਰਸਾਦਿ॥*
*ਦੇਗੋ ਤੇਗ਼ੋ ਫ਼ਤਹ ਓ ਨੁਸਰਤ ਬੇ-ਦਿਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*
*ਸ੍ਰੀ ਅਕਾਲ ਪੁਰਖ ਜੀ ਸਹਾਏ॥*

ਨਿੱਕੀ ਮੋਹਰ ਤੇ ਲਿਖਤ ਸੀ:

*"ਸ੍ਰੀ ਅਕਾਲ ਸਹਾਇ॥"*
*ਰਣਜੀਤ ਸਿੰਘ*

ਸੋਨੇ ਦਾ ਸਿੱਕਾ ਨਿਰੋਲ ਸੋਨੇ ਦਾ ਅਤੇ ਰੁਪਿਆ ਖ਼ਾਲਸ ਚਾਂਦੀ ਦਾ ਸੀ, ਜਿਸ ਦਾ ਤੋਲ ੧੧ ਮਾਸੇ ਛੇ ਰੱਤੀ ਖ਼ਾਲਸ ਸੋਨਾ ਸੀ। ਸੋਨੇ ਦੀਆਂ ਮੋਹਰਾਂ ਵਿਚ ੧੦ ਮਾਸੇ ਛੇ ਰੱਤੀ ਖ਼ਾਲਸ ਸੋਨਾ ਸੀ, ਜਿਨ੍ਹਾਂ ਉੱਪਰ ਸਾਹਮਣੇ ਪਾਸੇ ਲਿਖਤ ਤਾਂ ਰੁਪਏ ਵਾਲੀ ਸੀ ਤੇ ਅੱਖਰ ਗੁਰਮੁਖੀ ਸਨ, ਪਰ ਦੂਜੇ ਪਾਸੇ ਤਿੰਨ ਵਾਰੀ 'ਵਾਹਿਗੁਰੂ ਜੀ' 'ਵਾਹਿਗੁਰੂ ਜੀ''ਵਾਹਿਗੁਰੂ ਜੀ', ਖੁਸ਼ਖ਼ਤ ਲਿਖਿਆ ਹੋਇਆ ਸੀ। ਇਸੇ ਤਰ੍ਹਾਂ ਤਾਂਬੇ ਦੇ ਸਿੱਕੇ 'ਨਾਨਕ ਸ਼ਾਹੀ' ਪੈਸਿਆਂ ਦੇ ਨਾਲ ਪ੍ਰਸਿੱਧ ਹੋਏ। ਟਕਸਾਲ ਵਿੱਚੋਂ ਪਹਿਲੇ ਦਿਨ ਜਿੰਨੇ ਰੁਪਏ ਬਣ ਕੇ ਆਏ ਉਹ ਸਾਰੇ ਦੇ ਸਾਰੇ ਧਾਰਮਿਕ ਕੰਮਾਂ ਲਈ ਦਾਨ ਕੀਤੇ ਗਏ।

**ਸ਼ਹਿਜ਼ਾਦਾ ਖੜਗ ਸਿੰਘ ਦਾ ਜਨਮ :** ਸੰਨ ੧੮੦੨ ਦੇ ਅਰੰਭ ਵਿਚ ਸ਼ਹਿਜ਼ਾਦਾ ਖੜਗ ਸਿੰਘ ਦਾ ਜਨਮ ਮਹਾਰਾਣੀ ਰਾਜ ਕੌਰ (ਸਪੁੱਤਰੀ ਸ. ਖਜ਼ਾਨ ਸਿੰਘ ਨਕੱਈ) ਦੀ ਕੁੱਖ ਤੋਂ ਹੋਇਆ। ਇਸ ਸਮੇਂ ਸਾਰੇ ਦੇਸ਼ ਵਿਚ ਖੁਸ਼ੀਆਂ ਮਨਾਈਆਂ ਗਈਆਂ ਅਤੇ ਅਣਗਿਣਤ ਮਾਇਆ ਅਨਾਥਾਂ ਅਤੇ ਲੋੜਵੰਦਾਂ ਵਿਚ ਵੰਡੀ ਗਈ। ਲਾਹੌਰ ਦੇ ਹਰ ਸਿਪਾਹੀ ਨੂੰ ਕੈਂਠਾ ਦਿੱਤਾ ਗਿਆ। ਚਾਲੀ ਦਿਨਾਂ ਤਕ ਲਗਾਤਾਰ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੇ ਅਖੰਡ ਪਾਠ ਹੁੰਦੇ ਰਹੇ। ਚਾਲੀਵੇਂ ਦਿਨ ਆਖਰੀ ਭੋਗ ਦੀ ਸਮਾਪਤੀ ਤੇ ਭਾਈ ਰਾਮ ਸਿੰਘ ਜੀ ਨੇ ਨਾਂ ਰੱਖਣ ਦੀ ਮਰਯਾਦਾ ਪੂਰੀ ਕੀਤੀ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਦੇ ਪਹਿਲੇ ਅੱਖਰ ਤੇ ਸੰਗਤ ਦੀ ਆਗਿਆ ਅਨੁਸਾਰ ਸ਼ਹਿਜ਼ਾਦੇ ਦਾ ਨਾਂ 'ਖੜਗ ਸਿੰਘ' ਰੱਖਿਆ ਗਿਆ।

**ਮਹਾਰਾਜੇ ਦੀਆਂ ਮੁਹਿੰਮਾਂ ਵਿਚ ਸਫਲਤਾਈਆਂ ਦਾ ਭੇਤ :** "ਮਹਾਰਾਜਾ ਰਣਜੀਤ ਸਿੰਘ ਦੀ ਸਾਜਨਾ ਰੱਬ ਵੱਲੋਂ ਐਸੀ ਸਾਜੀ ਗਈ ਸੀ ਕਿ ਭਾਵੇਂ ਕੋਈ ਕੰਮ ਕਿੰਨਾ ਕਠਿਨ ਅਤੇ ਅਸੰਭਵ ਕਿਉਂ ਨਾ ਹੋਵੇ, ਉਹ ਉਸ ਤੋਂ ਕਦੇ ਮੂੰਹ ਨਹੀਂ ਸੀ ਫੇਰਦਾ ਹੁੰਦਾ। ਉਹ ਥਕੇਵੇਂ ਤੇ ਭੁੱਖ-ਪਿਆਸ ਦੀਆਂ ਔਕੜਾਂ ਨੂੰ ਮੂਲੋਂ ਚੇਤੇ ਹੀ ਨਹੀਂ ਸੀ ਲਿਆਉਂਦਾ, ਇਹੀ ਭੇਤ ਕਠਿਨ ਮੁਹਿੰਮਾਂ ਵਿਚ ਸਫਲਤਾਈਆਂ ਦਾ ਸੀ।" ਉਦਾਹਰਨ- ਜਦੋਂ ਮਹਾਰਾਜੇ ਨੇ ਫੌਜਾਂ ਨੂੰ ਮੁਲਤਾਨ ਤੇ ਝੰਗ ਦੀ ਮੁਹਿੰਮ ਵੱਲ ਜਾਣ ਦਾ ਹੁਕਮ ਦਿੱਤਾ ਤਾਂ ਕੁਝ ਪੈਂਚਾਂ ਨੇ ਆਪ ਨੂੰ ਕੁਝ ਦਿਨ ਅਰਾਮ ਕਰਨ ਤੋਂ ਬਾਅਦ ਕੂਚ ਕਰਨ ਦੀ ਸਲਾਹ ਦਿੱਤੀ (ਕਿਉਂਕਿ ਫੌਜਾਂ ਦੁਆਬੇ ਦੇ ਦੌਰੇ ਤੋਂ ਕੁਝ ਹੀ ਦਿਨ ਪਹਿਲਾਂ ਵਾਪਸ ਆਈਆਂ ਸਨ ਤੇ ਅਜੇ ਚੰਗੀ ਤਰ੍ਹਾਂ ਥਕੇਵਾਂ ਨਹੀਂ ਸੀ ਉਤਰਿਆ।) ਇਸ ਦਾ ਉੱਤਰ ਦੇਣ ਲਈ ਮਹਾਰਾਜੇ ਨੇ ਅਗਲੀ ਸਵੇਰ ਇਕ ਵੱਡਾ ਦਰਬਾਰ ਕੀਤਾ, ਜਿਸ ਵਿਚ ਉੱਥੋਂ ਦੀ ਸਾਰੀ ਫੌਜ ਤੇ ਕਰਮਚਾਰੀ ਵੀ ਹਾਜ਼ਰ ਸਨ। ਇਸ ਸਮੇਂ ਮਹਾਰਾਜਾ ਸਾਹਿਬ ਨੇ ਇਕ ਉੱਚੇ ਚਬੂਤਰੇ (ਥੜ੍ਹੇ) 'ਤੇ ਖੜੋ ਕੇ ਆਪਣੀ ਗਰਜਵੀਂ ਅਵਾਜ਼ ਨਾਲ ਸਾਰਿਆਂ ਨੂੰ ਦੱਸਿਆ ਕਿ 'ਮੈਨੂੰ ਅਰਾਮ ਕਰਨ ਲਈ ਕਿਹਾ ਗਿਆ ਹੈ, ਮੈਂ ਆਪ ਨੂੰ ਦੱਸਦਾ ਹਾਂ ਕਿ ਖਾਲਸੇ ਦਾ ਜਨਮ ਅਰਾਮ ਦੇ ਦਿਨ ਨਹੀਂ ਹੋਇਆ ਅਤੇ ਨਾ ਹੀ ਅਰਾਮ ਤੇ ਮੌਜਾਂ ਲਈ ਅਸੀਂ ਜਨਮੇਂ ਹਾਂ, ਅਸਾਂ ਸੰਸਾਰ 'ਤੇ ਰਹਿ ਕੇ ਇੰਨਾ ਕੁਝ ਕਰਨਾ ਹੈ ਜੋ ਅਰਾਮ ਕੀਤਿਆਂ ਪੂਰਾ ਨਹੀਂ ਹੋ ਸਕਦਾ, ਅਰਾਮ ਕੀ? ਅਰ ਖਾਲਸਾ ਕੀ? ਖਾਲਸਾ ਸਦਾ ਕੰਮ ਕਰਦਿਆਂ ਹੀ ਸੋਭਦਾ ਹੈ, ਆਦਿ।" ਕਹਿੰਦੇ ਹਨ ਕਿ ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਦਾ ਫੌਜ ਅਤੇ ਸਰਦਾਰਾਂ ਉੱਤੇ ਜਾਦੂ ਦਾ ਅਸਰ ਹੋਇਆ ਤੇ ਸਾਰਿਆਂ ਦੇ ਦਿਲਾਂ ਨੇ ਅਜਿਹੇ ਹੁਲਾਰੇ ਖਾਧੇ ਕਿ ਉਸੇ ਸਮੇਂ ਹੀ ਕੂਚ ਲਈ ਸਾਰਿਆਂ ਨੇ ਜੈਕਾਰੇ ਗਜਾਏ ਤੇ ਮੁਲਤਾਨ ਵੱਲ ਚਾਲੇ ਪਾ ਦਿੱਤੇ।

**ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਦਾ ਅਹਿਦਨਾਮਾ :** ੨੫ ਅਪ੍ਰੈਲ ਸੰਨ ੧੮੦੯ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ੀ ਵਕੀਲ ਦੋਹਾਂ ਦੀ ਪ੍ਰਵਾਨਗੀ ਅਨੁਸਾਰ ਮਿੱਤਰਤਾ ਦਾ ਅਹਿਦਨਾਮਾ ਲਿਖਿਆ ਗਿਆ, ਜਿਹੜਾ ਇਤਿਹਾਸ ਵਿਚ 'ਮਿਟਕਾਫ਼ ਦਾ ਅਹਿਦਨਾਮਾ' ਕਰਕੇ ਪ੍ਰਸਿੱਧ ਹੈ। ਇਹ ਮਹਾਰਾਜਾ ਰਣਜੀਤ ਸਿੰਘ ਧਿਰ ਪਹਿਲੀ ਦੀ ਆਪਣੀ ਹਜ਼ੂਰੀ ਵਿਚ ਤੇ ਅੰਗਰੇਜ਼ੀ ਸਰਕਾਰ ਵੱਲੋਂ ਚਾਰਲਸ ਮਿਟਕਾਫ਼ ਰਾਹੀਂ, ਜੋ ਧਿਰ ਦੂਜੀ ਹੈ, ਲਿਖਤ ਹੋਇਆ। ਇਸ ਦਾ ਭਾਵ ਹੇਠ ਲਿਖੇ ਅਨੁਸਾਰ ਹੈ:

੧. ਸਰਕਾਰ ਅੰਗਰੇਜ਼ੀ ਤੇ ਰਿਆਸਤ ਲਾਹੌਰ (ਪੰਜਾਬ) ਵਿਚ ਸਦਾ ਮਿੱਤਰਤਾ ਰਹੇਗੀ,

ਦੂਜੀ ਧਿਰ (ਸਰਕਾਰ ਅੰਗਰੇਜ਼ੀ) ਮਹਾਰਾਜਾ ਸਾਹਿਬ ਬਹਾਦਰ ਨੂੰ ਸਨਮਾਨ ਦੀ ਨਜ਼ਰ ਨਾਲ ਵੇਖੇਗੀ, ਉਸ ਨੂੰ ਵੱਡੀਆਂ ਪਤਵੰਤੀਆਂ ਤਾਕਤਾਂ ਵਿੱਚੋਂ ਸਮਝੇਗੀ ਅਤੇ ਅੰਗਰੇਜ਼ੀ ਸਰਕਾਰ ਨੂੰ ਮਹਾਰਾਜਾ ਸਾਹਿਬ ਦੇ ਇਲਾਕੇ ਤੇ ਪਰਜਾ ਨਾਲ, ਜੋ ਦਰਿਆ ਸਤਲੁਜ ਦੇ ਉੱਤਰ ਵੱਲ ਹੈ, ਕੋਈ ਵਾਸਤਾ ਨਹੀਂ ਹੋਵੇਗਾ।

੨. ਮਹਾਰਾਜਾ ਸਾਹਿਬ ਬਹਾਦਰ ਦੇ ਕਬਜ਼ੇ ਵਿਚ ਆਇਆ ਹੋਇਆ ਇਲਾਕਾ ਜਾਂ ਉਸ ਦੇ ਨੇੜਲੇ ਇਲਾਕਿਆਂ ਵਿਚ, ਜੋ ਦਰਿਆ ਸਤਲੁਜ ਦੇ ਖੱਬੇ ਪਾਸੇ ਹਨ, ਉਹ ਉਸ ਤੋਂ ਵੱਧ ਫੌਜ ਨਹੀਂ ਰੱਖੇਗਾ, ਜੋ ਉਸ ਦੇ ਅੰਦਰਲੇ ਪ੍ਰਬੰਧਾਂ ਲਈ ਜ਼ਰੂਰੀ ਹੈ ਅਤੇ ਨਾ ਹੀ ਗਵਾਂਢੀ ਰਈਸਾਂ ਤੇ ਉਨ੍ਹਾਂ ਦੇ ਇਲਾਕਿਆਂ ਤੇ ਕੋਈ ਸੰਬੰਧ ਰੱਖੇਗਾ।

੩. ਉਪਰੋਕਤ ਸ਼ਰਤਾਂ ਵਿੱਚੋਂ ਕਿਸੇ ਇਕ ਦੇ ਟੁੱਟਣ ਜਾਂ ਦੋਹਾਂ ਤਾਕਤਾਂ ਵਿੱਚੋਂ ਇਕ ਦੂਜੇ ਨਾਲ ਵਰਤਾਰੇ ਵਿਚ ਪੂਰਾ ਨਾ ਉਤਰਨ ਦੀ ਦਸ਼ਾ ਵਿਚ ਇਹ ਅਹਿਦਨਾਮਾ ਟੁੱਟਾ ਸਮਝਿਆ ਜਾਵੇਗਾ।

੪. ਇਹ ਅਹਿਦਨਾਮਾ, ਜਿਸ ਵਿਚ ਦੋਹਾਂ ਧਿਰਾਂ ਦੀਆਂ ਸ਼ਰਤਾਂ ਲਿਖੀਆਂ ਹੋਈਆਂ ਹਨ, ਸ੍ਰੀ ਅੰਮ੍ਰਿਤਸਰ ਵਿਚ ੨੫ ਅਪ੍ਰੈਲ ਸੰਨ ੧੮੦੯ ਨੂੰ ਪੂਰਾ ਹੋਇਆ।

ਮੋਹਰ ਤੇ ਦਸਤਖਤ} {ਮੋਹਰ ਤੇ ਦਸਤਖਤ
ਸੀ.ਟੀ. ਮਿਟਕਾਫ} {ਮਹਾਰਾਜਾ ਰਣਜੀਤ ਸਿੰਘ ਬਹਾਦਰ
ਕੰਪਨੀ

ਇਹ ਅਹਿਦਨਾਮਾ ੩੦ ਮਈ ਸੰਨ ੧੮੦੯ ਨੂੰ ਰਾਈਟ ਔਨਰੇਬਲ ਗਵਰਨਰ ਜਨਰਲ-ਇਨ-ਕੌਂਸਲ ਤੋਂ ਪ੍ਰਵਾਨ ਹੋ ਕੇ ਆਇਆ, ਜੋ ਮਹਾਰਾਜੇ ਨੂੰ ਦੇ ਦਿੱਤਾ ਗਿਆ।

**ਮਹਾਰਾਜਾ ਰਣਜੀਤ ਸਿੰਘ ਦਾ ਆਖਰੀ ਦਰਬਾਰ ਤੇ ਚਲਾਣਾ** : ਇਤਿਹਾਸਕਾਰਾਂ ਅਨੁਸਾਰ, ਅੰਤਿਮ ਸਮਾਂ ਨੇੜੇ ਜਾਣ ਕੇ ਮਹਾਰਾਜਾ ਸਾਹਿਬ ਨੇ ਲਾਹੌਰ ਵਿਚ ਇਕ ਭਾਰੀ ਦਰਬਾਰ ਦਾ ਹੁਕਮ ਦਿੱਤਾ, ਜਿਸ ਵਿਚ ਸਾਰੇ ਸਰਦਾਰਾਂ ਅਤੇ ਜਾਗੀਰਦਾਰਾਂ ਨੂੰ ਬੁਲਾਇਆ ਗਿਆ ਸੀ। ਨੀਯਤ ਦਿਨ ਜਦੋਂ ਸਾਰੇ ਦਰਬਾਰੀ ਆਪੋ-ਆਪਣੀ ਥਾਂ 'ਤੇ ਸੱਜ ਗਏ, ਤਦ ਮਹਾਰਾਜਾ ਸਾਹਿਬ ਇਕ ਸੁਨਹਿਰੀ ਪਾਲਕੀ ਵਿਚ ਤਕੀਏ 'ਤੇ ਢੋਅ ਲਾਏ ਹੋਏ ਦਰਬਾਰ ਵਿਚ ਆਏ। ਅੱਗੋਂ ਸਾਰੇ ਦਰਬਾਰੀਆਂ ਨੇ ਉੱਠ ਕੇ ਫ਼ਤਹ ਬੁਲਾਈ, ਨਾਲ ਹੀ ਕਿਲ੍ਹੇ ਤੋਂ ੧੦੧ ਤੋਪਾਂ ਦੀ ਗਰਜ ਨੇ ਸਲਾਮੀ ਦਿੱਤੀ। ਮਹਾਰਾਜਾ ਸਾਹਿਬ ਦਾ ਸਰੀਰ ਇਸ ਸਮੇਂ ਇੰਨਾ ਨਿਰਬਲ ਹੋ ਗਿਆ ਸੀ ਕਿ ਆਪ ਨੂੰ ਸ਼ਾਹੀ ਵੈਦ ਨੇ ਕੁਰਸੀ 'ਤੇ ਬੈਠਣ ਦੀ ਆਗਿਆ ਨਾ ਦਿੱਤੀ ਤੇ ਉਸੇ ਤਰ੍ਹਾਂ ਆਪ ਦੀ ਪਾਲਕੀ ਅਡੋਲ ਉਸ ਸੰਗਮਰਮਰ ਦੀ ਬਾਰਾਂਦਰੀ ਦੇ ਚਬੂਤਰੇ 'ਪਰ ਰੱਖੀ ਗਈ ਜੋ ਹਜ਼ੂਰੀ ਬਾਗ ਵਿਚ ਬਣੀ ਹੋਈ ਹੈ। (ਇਹ ਬਾਰਾਂਦਰੀ ਹਜ਼ੂਰੀ ਬਾਗ ਕਿਲ੍ਹੇ ਪਾਸ ਲਾਹੌਰ ਵਿਚ ਮੌਜੂਦ ਹੈ।) ਕੁਝ ਦੇਰ ਲਈ ਸਾਰੇ ਦਰਬਾਰ ਵਿਚ ਚੁੱਪ-ਚਾਪ ਵਰਤ ਗਈ, ਛੇਕੜ ਬਿਰਧ

ਸ਼ੇਰ ਨੇ ਆਪਣਾ ਮੂੰਹ ਖੋਲ੍ਹਿਆ ਤੇ ਧੀਮੀ ਜਿਹੀ ਅਵਾਜ਼ ਵਿਚ ਕਹਿਣ ਲੱਗਾ: "ਬਹਾਦਰ ਖਾਲਸਾ ਜੀ! ਆਪ ਨੇ ਖਾਲਸਾ ਰਾਜ ਦੀ ਉਸਾਰੀ ਲਈ ਜੋ ਅਣਥੱਕ ਘਾਲਾਂ ਘਾਲੀਆਂ ਤੇ ਆਪਣੇ ਲਹੂ ਦੀਆਂ ਧੱਜੀਆਂ ਵਗਾਈਆਂ ਹਨ, ਉਹ ਅਸਫਲ ਨਹੀਂ ਗਈਆਂ। ਇਸ ਸਮੇਂ ਆਪਣੇ ਆਲੇ-ਦੁਆਲੇ ਜੋ ਕੁਝ ਦੇਖ ਰਹੇ ਹੋ, ਇਹ ਸਭ ਕੁਝ ਆਪ ਜੀ ਦੀ ਕੁਰਬਾਨੀ ਤੇ ਘਾਲਾਂ ਦਾ ਫਲ ਹੈ। ਮੈਂ ਗੁਰੂ 'ਤੇ ਆਪ ਦੇ ਭਰੋਸੇ ਇਕ ਸਧਾਰਨ ਪਿੰਡ ਤੋਂ ਉੱਠ ਕੇ ਲੱਗਭਗ ਸਾਰੇ ਪੰਜਾਬ ਤੇ ਇਸ ਤੋਂ ਬਾਹਰ ਅਫ਼ਗਾਨਿਸਤਾਨ, ਕਸ਼ਮੀਰ, ਤਿੱਬਤ, ਸਿੰਧ ਦੀਆਂ ਕੰਧਾਂ ਤਕ ਖਾਲਸੇ ਦਾ ਰਾਜ ਸਥਾਪਿਤ ਕਰ ਦਿੱਤਾ ਹੈ। ਸੁਆਸਾਂ ਦਾ ਕੋਈ ਭਰੋਸਾ ਨਹੀਂ, ਪਰ ਜੇ ਕਦੇ ਮੇਰਾ ਅੰਤ ਨੇੜੇ ਹੀ ਹੈ ਤਾਂ ਪੱਕਾ ਸਮਝੋ ਕਿ ਆਪ ਸਾਰਿਆਂ ਤੋਂ ਅਤਿ ਖੁਸ਼ੀ ਵਿਦਾ ਹੋਵਾਂਗਾ। ਮੈਂ ਇਸ ਵੇਲੇ ਆਪ ਸਭ ਨੂੰ ਮਹਾਰਾਜਾ ਖੜਗ ਸਿੰਘ ਦੇ ਹੱਥ ਸੌਂਪਦਾ ਹਾਂ, ਇਸ ਨੂੰ ਆਪ ਨੇ ਮੇਰੇ ਤੁੱਲ ਸਮਝਣਾ ਅਤੇ ਇਹ ਸਭ ਤਰ੍ਹਾਂ ਆਪ ਦੀ ਭਲਿਆਈ ਦਾ ਚਾਹਵਾਨ ਰਹੇਗਾ।"

ਇਸ ਸਮੇਂ ਮਹਾਰਾਜਾ ਸਾਹਿਬ ਨੇ ਸ਼ਹਿਜ਼ਾਦਾ ਖੜਗ ਸਿੰਘ ਦਾ ਹੱਥ ਰਾਜਾ ਧਿਆਨ ਸਿੰਘ ਦੇ ਹੱਥ ਵਿਚ ਫੜਾ ਦਿੱਤਾ ਅਤੇ ਧਿਆਨ ਸਿੰਘ ਵੱਲ ਵੇਖ ਕੇ ਕਿਹਾ ਕਿ ਆਪ ਨੇ ਖਾਲਸਾ ਰਾਜ ਵੱਲੋਂ ਬਹੁਤ ਉੱਚਾ ਮਰਤਬਾ ਪਾਇਆ ਹੈ, ਹੁਣ ਇਸ ਦੀ ਸੱਚੇ ਮਨ ਨਾਲ ਸੇਵਾ ਕਰ ਕੇ ਹੋਰ ਵਧਾਉਣਾ। ਇਸ ਤੋਂ ਪਿੱਛੋਂ ਸਾਰੇ ਦਰਬਾਰੀਆਂ ਨੇ ਮਹਾਰਾਜਾ ਖੜਗ ਸਿੰਘ ਅੱਗੇ ਨਜ਼ਰਾਨੇ ਹਾਜ਼ਰ ਕੀਤੇ, ਜਿਨ੍ਹਾਂ ਨੂੰ ਉਹ ਹੱਥ ਲਾ ਲਾ ਕੇ ਮੋੜਦਾ ਜਾਂਦਾ ਸੀ। ਸਭ ਨੂੰ ਮਹਾਰਾਜਾ ਸਾਹਿਬ ਵੱਲੋਂ ਆਪਣੇ-ਆਪਣੇ ਰੁਤਬੇ ਅਨੁਸਾਰ ਸਿਰੋਪੇ ਦਿੱਤੇ ਗਏ। ਸ਼ੇਰ-ਏ-ਪੰਜਾਬ ਦੇ ਜੀਵਨ ਇਤਿਹਾਸ ਵਿਚ ਇਹ ਅਖੀਰਲਾ ਦਰਬਾਰ ਗਿਣਿਆ ਜਾਂਦਾ ਹੈ।

ਇਸ ਤੋਂ ਬਾਅਦ ਮਹਾਰਾਜਾ ਸਾਹਿਬ ਦਾ ਰੋਗ ਦਿਨੋਂ-ਦਿਨ ਵੱਧਦਾ ਗਿਆ। ਇਸ ਸਮੇਂ ਬੜਾ ਭਾਰੀ ਦਾਨ ਕੀਤਾ ਗਿਆ। ਸਾਰੇ ਗੁਰਦੁਆਰਿਆਂ, ਮੰਦਰਾਂ, ਮਸੀਤਾਂ ਅਤੇ ਅਨੇਕਾਂ ਲੋੜਵੰਦਾਂ ਨੂੰ ਲੱਖਾਂ ਰੁਪਏ ਵੰਡੇ ਗਏ। ਅਖੀਰ ੨੭ ਜੂਨ, ੧੮੩੯ ਈ. ਨੂੰ ੫੯ ਸਾਲ ਦੀ ਉਮਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਭੌਰ ਉਡਾਰੀ ਲਾ ਗਿਆ। ਇਸ ਤਰ੍ਹਾਂ ਅੱਜ ਖਾਲਸਾ ਕੌਮ ਦੇ ਸਿਰ ਉੱਤੋਂ ਉਸ ਅਦੁੱਤੀ ਪੁਰਖ ਦਾ ਛਤਰ— ਜਿਸ ਨੇ ਖਾਲਸਾ ਕੌਮ ਲਈ ਰਾਜ ਭਾਗ ਸਥਾਪਿਤ ਕਰ ਦਿੱਤਾ ਸੀ- ਸਦਾ ਲਈ ਉੱਠ ਗਿਆ। ਇਸ ਸਮੇਂ ਸਾਰੇ ਪੰਜਾਬ ਵਿਚ ਕਿਹਾ ਜਾਂਦਾ ਸੀ ਕਿ 'ਅੱਜ ਮਹਾਰਾਜਾ ਰਣਜੀਤ ਸਿੰਘ ਪੰਜਾਬ ਨੂੰ ਰੰਡਾ ਕਰ ਗਿਆ।' ਅਗਲੇ ਦਿਨ ੨੮ ਜੂਨ ਨੂੰ ਮਹਾਰਾਜਾ ਸਾਹਿਬ ਦਾ ਮ੍ਰਿਤਕ ਸੰਸਕਾਰ ਕੀਤਾ ਗਿਆ। ਖਾਲਸਾ ਫੌਜਾਂ ਤੋਂ ਇਲਾਵਾ ਲੱਖਾਂ ਲੋਕ ਆਪਣੇ ਪਿਆਰੇ ਮਹਾਰਾਜੇ ਦੇ ਅੰਤਮ ਸਸਕਾਰ ਵਿਚ ਸ਼ਾਮਲ ਹੋਣ ਲਈ ਲਾਹੌਰ ਪਹੁੰਚੇ ਸਨ। ਜਦੋਂ ਮਹਾਰਾਜੇ ਦੀ ਦੇਹ ਨੂੰ ਅਗਨੀ ਵਿਖਾਈ ਗਈ, ਉਸ ਸਮੇਂ

ਕਿਲ੍ਹੇ ਤੋਂ ਤੋਪਖਾਨੇ ਨੇ ਮਹਾਰਾਜੇ ਨੂੰ ਅੰਤਮ ਸਲਾਮੀ ਦਿੱਤੀ। ਇਸ ਤਰ੍ਹਾਂ ਖਾਲਸਾ ਕੌਮ ਦੇ ਇਤਿਹਾਸ ਦਾ ਅਤਿ ਪ੍ਰਕਾਸ਼ਮਾਨ ਭਾਗ ਇੱਥੇ ਸੰਪੂਰਨ ਹੋ ਜਾਂਦਾ ਹੈ।

"ਕਹਿੰਦੇ ਹਨ ਕਿ ਇਸ ਸਮੇਂ ਰਾਜਾ ਧਿਆਨ ਸਿੰਘ ਮਹਾਰਾਜੇ ਦੇ ਵਿਛੋੜੇ ਨੂੰ ਨਾ ਸਹਾਰਦਾ ਹੋਇਆ ਕਈ ਵਾਰ ਬਲਦੇ ਅੰਗੀਠੇ ਵਿਚ ਛਾਲ ਮਾਰਨ ਲਈ ਅੱਗੇ ਆਉਂਦਾ ਰਿਹਾ ਸੀ ਤੇ ਲੋਕ ਬੜੀ ਮਿੰਨਤ ਨਾਲ ਉਸ ਨੂੰ ਇਸ ਤਰ੍ਹਾਂ ਕਰਨ ਤੋਂ ਹੋੜਦੇ ਸਨ, ਪਰ ਅੰਗਰੇਜ ਤੇ ਦੇਸੀ ਇਤਿਹਾਸਕਾਰਾਂ ਦੀ ਰਾਇ ਹੈ ਕਿ ਇਸ ਦਾ ਇਸ ਤਰ੍ਹਾਂ ਕਰਨਾ ਕੇਵਲ ਵਿਖਾਵਾ ਸੀ।"

## ਸ਼ਖ਼ਸੀਅਤ

**ਸ਼ੇਰ-ਏ-ਪੰਜਾਬ ਦੇ ਗੁਣ :** ਡੀਲ-ਡੌਲ- ਮਹਾਰਾਜਾ ਰਣਜੀਤ ਸਿੰਘ ਦਾ ਕੱਦ ਬਹੁਤ ਲੰਬਾ ਨਹੀਂ ਸੀ। ਉਸ ਦਾ ਜੁੱਸਾ ਡਾਢਾ ਫੁਰਤੀਲਾ ਤੇ ਚੁਸਤ ਸੀ, ਬੇਸ਼ੱਕ ਛੋਟੀ ਉਮਰ ਵਿਚ ਹੀ ਸੀਤਲਾ ਨਿਕਲ ਆਉਣ ਕਾਰਨ ਉਸ ਦਾ ਚਿਹਰਾ ਕੁਦਰਤੀ ਰੰਗ ਵਿਚ ਨਹੀਂ ਸੀ ਪਰ ਫਿਰ ਵੀ ਇੰਨਾ ਲਾਲੀ-ਭਿੰਨਾ ਤੇ ਦਬਦਬੇ ਵਾਲਾ ਸੀ ਕਿ ਵੇਖਣ ਵਾਲਿਆਂ ਦੇ ਦਿਲਾਂ ਉੱਤੇ ਉਸ ਦੀ ਬੀਰਤਾ ਤੇ ਨਿਰਭੈਤਾ ਦਾ ਸਿੱਕਾ ਆਪ-ਮੁਹਾਰੇ ਬਹਿ ਜਾਂਦਾ ਸੀ। ਮਹਾਰਾਜੇ ਦੀ ਲੰਬੀ ਦਾਹੜੀ ਕਾਰਨ, ਉਸ ਦਾ ਚਿਹਰਾ ਸੁਡੌਲ ਤੇ ਭਰਵਾਂ ਜਾਪਦਾ ਸੀ।

**ਬੇਧੜਕ ਸ਼ਾਹ-ਸਵਾਰ :** ਉਹ ਬੇਧੜਕ ਸ਼ਾਹ-ਸਵਾਰ ਸੀ ਕਿ ਉਸ ਦੇ ਨਾਲ ਦਾ ਫੁਰਤੀਲਾ ਘੋੜ-ਸਵਾਰ ਉਸ ਸਮੇਂ ਸਾਰੇ ਦੇਸ਼ ਵਿਚ ਮਿਲਣਾ ਔਖਾ ਸੀ। ਇਹ ਰਾਏ ਮੇਜਰ ਵੈਡ ਦੀ ਹੈ। ਉਸ ਨੂੰ ਸ਼ੇਰ, ਚੀਤੇ ਤੇ ਰਿੱਛ ਦੇ ਸ਼ਿਕਾਰ ਦਾ ਬਹੁਤ ਸ਼ੌਂਕ ਸੀ। ਇਨ੍ਹਾਂ ਨੂੰ ਉਹ ਨੇਜ਼ੇ ਦੀ ਨੋਕ 'ਤੇ ਜਾਂ ਤੇਗ ਨਾਲ ਮਾਰਦਾ ਹੁੰਦਾ ਸੀ।

**ਦਲੇਰ ਤੇ ਨਿਰਭੈ ਯੋਧਾ :** ਮਹਾਰਾਜਾ ਰਣਜੀਤ ਸਿੰਘ ਦਲੇਰ ਤੇ ਨਿਰਭੈ ਯੋਧਾ ਸੀ। ਜਦੋਂ ਉਹ ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਦੇ ਪਠਾਣਾਂ ਦੀ ਸੁਧਾਈ ਲਈ ਖਾਲਸਾ ਦਲ ਨੂੰ ਨਾਲ ਲੈ ਕੇ ਅਟਕ ਪੁੱਜਾ ਤਾਂ ਅੱਗੋਂ ਵਰਖਾ ਦੇ ਜ਼ੋਰ ਕਰਕੇ ਦਰਿਆ ਵਿਚ ਭਾਰੀ ਹੜ੍ਹ ਆਇਆ ਹੋਇਆ ਸੀ। ਮਲਾਹਾਂ ਤੇ ਆਪਣੇ ਇੰਜੀਨੀਅਰਾਂ ਨੂੰ ਹੁਕਮ ਦਿੱਤਾ ਕਿ ਫੌਜ ਨੂੰ ਪਾਰ ਪਹੁੰਚਾਉਣ ਲਈ ਕੋਈ ਪ੍ਰਬੰਧ ਕਰੋ। ਅੱਗੋਂ ਉਨ੍ਹਾਂ ਨੇ ਪਾਣੀ ਦੇ ਜ਼ੋਰ ਨੂੰ ਵੇਖ ਕੇ ਅਰਜ਼ ਕੀਤੀ ਕਿ ਇਕ ਤਾਂ ਕੁਦਰਤ ਨੇ ਇਸ ਨੂੰ ਅਟਕ (ਰੋਕ) ਬਣਾਇਆ ਹੈ, ਜਿਸ ਦੇ ਕੰਢੇ ਅਵੱਸ਼ ਅਟਕਣਾ ਪੈਂਦਾ ਹੈ। ਦੂਜਾ ਵਰਖਾ ਤੇ ਤੂਫਾਨ ਦੇ ਕਾਰਨ ਇੰਨਾ ਹੜ੍ਹ ਆਇਆ ਹੋਇਆ ਹੈ ਕਿ ਜਿਸ ਦੀ ਕੋਈ ਹੱਦ ਨਹੀਂ, ਇਸ ਲਈ ਜਦ ਤਕ ਹੜ੍ਹ ਦਾ ਪਾਣੀ ਘਟ ਨਾ ਜਾਵੇ, ਇਸ ਤੋਂ ਪਾਰ ਲੰਘਣਾ ਅਣਹੋਣੀ ਗੱਲ ਹੈ। ਸਮੇਂ ਦਾ ਸੁਚੇਤ, ਧੁਨ ਦਾ ਪੱਕਾ ਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ ਮਹਾਰਾਜਾ ਆਪਣੀ ਗਰਜਵੀਂ ਅਵਾਜ਼ ਵਿਚ ਬੋਲਿਆ, "ਦਰਿਆ ਅਟਕ ਖਾਲਸੇ ਲਈ ਨਾ ਅਟਕ ਹੈ, ਅਟਕ ਉਸ ਦੇ ਵਾਸਤੇ ਅਟਕ (ਰੁਕਾਵਟ) ਹੈ, ਜਿਸ ਦੇ ਦਿਲ ਵਿਚ ਅਟਕ

(ਝਿਜਕ) ਹੈ, ਜਿਸ ਦੇ ਮਨ ਵਿਚ ਅਟਕ (ਰੋਕ) ਨਹੀਂ ਉਸ ਲਈ ਅਟਕ (ਦਰਿਆ) ਕਦੇ ਵੀ ਅਟਕ (ਠਾਕ) ਨਹੀਂ ਹੋ ਸਕਦਾ। ਮੇਰੇ ਲਈ ਇਹ ਨਾ-ਅਟਕ ਹੈ। " ਇਹ ਕਹਿ ਕੇ ਝੱਟ ਆਪਣੇ ਘੋੜੇ ਨੂੰ ਅੱਡੀ ਲਾ ਆਪਣੀ ਸੈਨਾ ਸਮੇਤ ਅਟਕ ਵਿਚ ਠਿੱਲ੍ਹ ਪਿਆ ਤੇ ਸਹੀ ਸਲਾਮਤ ਪਾਰ ਹੋ ਗਿਆ ਅਤੇ ਅਣਹੋਣੀ ਨੂੰ ਹੋਣੀ ਕਰ ਵਿਖਾਇਆ। ਮਹਾਰਾਜਾ ਰਣਜੀਤ ਸਿੰਘ ਔਕੜ ਸਮੇਂ ਵਧੇਰੇ ਬੇਧੜਕ ਹੋ ਜਾਂਦਾ ਸੀ ਤੇ ਇਸ ਸਮੇਂ ਉਸ ਦਾ ਐਨਾ ਜੋਸ਼ ਵਧ ਜਾਂਦਾ ਕਿ ਝੱਲਿਆ ਨਹੀਂ ਸੀ ਜਾਂਦਾ। ਅਜਿਹੇ ਸਮੇਂ ਅਜਿਹੀ ਸੋਚ ਸੋਚਦਾ ਕਿ ਅੱਖ ਦੇ ਫੋਰ ਵਿਚ ਕਿਸੇ ਕੰਮ ਦਾ ਫੈਸਲਾ ਕਰ ਕੇ ਉਸ ਤੋਂ ਪੂਰਾ-ਪੂਰਾ ਲਾਭ ਪ੍ਰਾਪਤ ਕਰਦਾ।

**ਵਕਤ ਦਾ ਪਾਬੰਦ ਤੇ ਬਚਨ ਦਾ ਪੱਕਾ :** ਮਹਾਰਾਜਾ ਵਕਤ ਦਾ ਬਹੁਤ ਪਾਬੰਦ ਸੀ। ਨਿਤਨੇਮ ਤੋਂ ਪਿੱਛੋਂ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਹ ਆਪਣੀ ਫੌਜ ਦੀ ਕਵਾਇਦ ਵੇਖਣ ਲਈ ਚਲਾ ਜਾਂਦਾ ਸੀ। ਫਿਰ ਦਸ ਵਜੇ ਤਕ ਦਰਬਾਰ ਵਿਚ ਆ ਜਾਂਦਾ ਤੇ ਇਲਾਕਿਆਂ ਤੋਂ ਆਈਆਂ ਰੀਪੋਰਟਾਂ ਸੁਣਦਾ ਅਤੇ ਉਨ੍ਹਾਂ ਉੱਤੇ ਹੁਕਮ ਲਿਖਵਾਉਂਦਾ ਹੁੰਦਾ ਸੀ। ਇਹ ਕੰਮ ਜੇ ਕਦੀ ਦਿਨ ਤੋਂ ਵਧ ਕੇ ਰਾਤ ਤਕ ਚਲਾ ਜਾਂਦਾ ਤਾਂ ਵੀ ਉਹ ਉਸ ਨੂੰ ਮੁਕਾ ਕੇ ਹੀ ਉੱਠਦਾ ਸੀ, ਅੱਜ ਦਾ ਕੰਮ ਕਦੇ ਵੀ ਕੱਲ੍ਹ ਤੇ ਨਹੀਂ ਛੱਡਦਾ ਸੀ। ਉਹ ਬੜਾ ਮਿਹਨਤੀ ਤੇ ਅਥੱਕ ਕੰਮ ਕਰਨ ਵਾਲਾ ਸੀ। ਉਸ ਦੇ ਚਿਹਰੇ ਤੇ ਕਦੇ ਕਿਸੇ ਨੇ ਥਕਾਵਟ ਜਾਂ ਸੁਸਤੀ ਨਹੀਂ ਸੀ ਵੇਖੀ, ਇਸ ਬਾਰੇ ਕਵੀ ਸਾਹਿਬ ਸਿੰਘ ਲਿਖਦਾ ਹੈ:

*ਸਦ ਹੀ ਕਮਰ ਕਸੀ ਹਮ ਦੇਖੀ ਕਬਹੂੰ ਨ ਸੁਸਤੀ ਮੁਖ ਪਰ ਪੇਖੀ।*

ਮਹਾਰਾਜਾ ਬਚਨ ਦਾ ਬਹੁਤ ਪੱਕਾ ਸੀ, ਜੋ ਗੱਲ ਇਕ ਵਾਰ ਕਹਿ ਦਿੰਦਾ ਸਦਾ ਉਸ 'ਤੇ ਕਾਇਮ ਰਹਿੰਦਾ ਸੀ। ਸਰ ਹੈਨਰੀ ਲਾਰੰਸ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਵਰਗਾ ਬਚਨ ਦਾ ਪੱਕਾ, ਮੈਂ ਨਾ ਗੁਜ਼ਰੇ ਬਾਦਸ਼ਾਹਾਂ ਵਿਚ ਸੁਣਿਆ ਹੈ ਅਤੇ ਨਾ ਮੌਜੂਦਾ ਸਮੇਂ ਵਿਚ ਵੇਖਿਆ ਹੈ।

**ਵਧੀਆ ਪ੍ਰਬੰਧਕ ਤੇ ਵਾਕਫਕਾਰ ਹੁਕਮਰਾਨ :** ਸ਼ੇਰ-ਏ-ਪੰਜਾਬ ਜਿਸ ਤਰ੍ਹਾਂ ਮੁਲਕਾਂ ਨੂੰ ਫਤਿਹ ਕਰਨ ਦੀ ਲਿਆਕਤ ਰੱਖਦਾ ਸੀ, ਉਸੇ ਤਰ੍ਹਾਂ ਕਾਬੂ ਕੀਤੇ ਹੋਏ ਇਲਾਕਿਆਂ ਨੂੰ ਆਪਣੇ ਵੱਸ ਵਿਚ ਰੱਖਣ ਤੇ ਉਨ੍ਹਾਂ ਦਾ ਵਧੀਆ ਪ੍ਰਬੰਧ ਕਰਨ ਲਈ ਵੀ ਅਦੁੱਤੀ ਸੀ। ਉਸ ਨੇ ਜੋ ਇਲਾਕੇ ਇਕ ਵਾਰੀ ਫਤਿਹ ਕੀਤੇ, ਉਹ ਫਿਰ ਉਸ ਦੇ ਕਬਜ਼ੇ ਵਿੱਚੋਂ ਕਦੀ ਨਹੀਂ ਨਿਕਲੇ। ਫ਼ਕੀਰ ਅਜ਼ੀਜੁਦੀਨ ਦਾ ਕਹਿਣਾ ਸੀ ਕਿ ਇਕ ਮਾਮੂਲੀ ਘੋੜੇ ਦੀ ਨਲ-ਬੰਦੀ ਤੋਂ ਲੈ ਕੇ ਵਜ਼ੀਰ ਆਜ਼ਮ ਦੀ ਪੁਸ਼ਾਕ ਤਕ ਸ਼ੇਰ-ਏ-ਪੰਜਾਬ ਦੀ ਆਪਣੀ ਨਜ਼ਰ ਵਿੱਚੋਂ ਲੰਘਦੀ ਸੀ। ' ਉਹ ਆਪਣੀ ਸਾਰੀ ਫੌਜ ਦੇ ਇਕ-ਇਕ ਸਿਪਾਹੀ ਤੇ ਅਹੁਦੇਦਾਰ ਦੀ ਲਿਆਕਤ ਤੇ ਹੁਨਰ ਤੋਂ ਜਾਣੂ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਕੰਮ ਸੌਂਪਦਾ ਸੀ। ਮਹਾਰਾਜੇ ਦੇ ਜੀਵਨ ਦੀ ਸਫਲਤਾ ਦਾ ਵੱਡਾ ਕਾਰਨ ਇਹ ਸੀ ਕਿ ਉਹ ਹਰ ਇਕ ਕੰਮ ਲਈ ਯੋਗ ਆਦਮੀ ਚੁਣਨ ਦਾ ਕਮਾਲ

ਰੱਖਦਾ ਸੀ।

ਸ਼ੇਰ-ਏ-ਪੰਜਾਬ ਦੀ ਆਮ ਵਾਕਫੀਅਤ ਬਹੁਤ ਸੀ। ਮੂਰ ਕਰਾਫਟ ਲਿਖਦਾ ਹੈ ਕਿ ਮਹਾਂਦੀਪ ਏਸ਼ੀਆ ਵਿਚ ਮਹਾਰਾਜੇ ਜਿੰਨਾ ਵਾਕਫਕਾਰ ਹੁਕਮਰਾਨ ਅੱਜ ਤਕ ਨਹੀਂ ਵੇਖਿਆ।

**ਵਿਦਵਾਨਾਂ ਦਾ ਕਦਰਦਾਨ :** ਸ਼ੇਰ-ਏ-ਪੰਜਾਬ ਵਿਦਵਾਨਾਂ ਦਾ ਕਦਰਦਾਨ ਸੀ। ਬੇਸ਼ੱਕ ਆਪ (ਬਚਪਨ ਵਿਚ ਪਿਤਾ ਦਾ ਸਾਇਆ ਸਿਰੋਂ ਉੱਠ ਜਾਣ ਕਰਕੇ ਜ਼ਿੰਮੇਵਾਰੀਆਂ ਦੇ ਬੋਝ ਕਾਰਨ) ਵਧੇਰੇ ਵਿੱਦਿਆ ਪ੍ਰਾਪਤ ਨਹੀਂ ਸੀ ਕਰ ਸਕਿਆ ਪਰ ਉਸ ਦੇ ਦਿਲ ਵਿਚ ਵਿਦਵਾਨਾਂ ਲਈ ਬਹੁਤ ਕਦਰ ਸੀ। ਉਸ ਦੇ ਦਿਲ ਵਿਚ ਬੱਚਿਆਂ ਨੂੰ ਵਿੱਦਿਆ ਹਾਸਲ ਕਰ ਕੇ ਸਾਰੇ ਹੁਨਰਾਂ ਵਿਚ ਨਿਪੁੰਨ ਕਰਨ ਦੀ ਲਗਨ ਸੀ। ਇਸ ਦੀ ਪੁਸ਼ਟੀ Dr. Letiner ਦੀ ਲਿਖੀ ਪੁਸਤਕ ਤੋਂ ਹੋ ਜਾਂਦੀ ਹੈ। ਬਾਬਾ ਪ੍ਰੇਮ ਸਿੰਘ ਹੋਤੀ ਨੇ ਉਸ ਦਾ ਸਾਰ ਲਿਖਿਆ ਹੈ: "ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਚਾਰ ਹਜ਼ਾਰ ਦੇ ਲੱਗਭਗ ਸਕੂਲ ਸਨ, ਜਿਨ੍ਹਾਂ ਵਿਚ ਬੜੀ ਗਿਣਤੀ ਵਿਚ ਵਿਦਿਆਰਥੀ ਤੇ ਵਿਦਿਆਰਥਣਾਂ, ਗੁਰਮੁਖੀ, ਫ਼ਾਰਸੀ, ਸੰਸਕ੍ਰਿਤ, ਅਰਬੀ ਤੇ ਮਹਾਜਨੀ ਵਿਚ ਆਪੋ ਆਪਣੀ ਰੁਚੀ ਅਨੁਸਾਰ ਵਿੱਦਿਆ ਪ੍ਰਾਪਤ ਕਰਦੇ ਸਨ।...ਜਿਹੜੇ ਬੱਚੇ ਪੜ੍ਹ ਕੇ ਨਿਕਲਦੇ ਸਨ, ਉਨ੍ਹਾਂ ਨੂੰ ਮਹਾਰਾਜਾ ਫਰਾਂਸੀਸੀ, ਇਟੈਲੀਅਨ ਤੇ ਅੰਗਰੇਜ਼ ਡਾਕਟਰਾਂ ਤੇ ਅਫਸਰਾਂ ਦੀ ਨਿਗਰਾਨੀ ਵਿਚ ਚੀਰ-ਫਾੜ ਦਾ ਕੰਮ, ਇੰਜਨੀਅਰੀ, ਅਸਲਾਬਾਜ਼ੀ ਤੇ ਬਾਰੂਦਸਾਜ਼ੀ, ਆਦਿ ਦੇ ਹੁਨਰ ਸਿੱਖਣ ਲਈ ਮੁਕੱਰਰ ਕਰ ਦਿੰਦਾ ਸੀ।"

**ਪਰਜਾ ਨਾਲ ਪਿਆਰ :** ਮੈਕਗਰੇਗਰ ਲਿਖਦਾ ਹੈ, ਕਿ ਮਹਾਰਾਜਾ ਆਪਣੀ ਪਰਜਾ ਨਾਲ ਬਹੁਤ ਪਿਆਰ ਨਾਲ ਵਰਤਦਾ ਸੀ, ਉਹ ਅਕਸਰ ਤਰਸ ਤੇ ਖਿਮਾ ਤੋਂ ਹੀ ਕੰਮ ਲੈਂਦਾ ਸੀ। ਰਹਿਮ-ਦਿਲੀ ਵਿਚ ਉਹ ਨਿਰਸੰਦੇਹ ਇਸ ਦੇਸ਼ ਵਿਚ ਹੋ ਗੁਜ਼ਰੇ ਸਾਰਿਆਂ ਬਾਦਸ਼ਾਹਾਂ ਵਿੱਚੋਂ ਮੋਹਰੀ ਸੀ। ਉਹ ਬਿਨਾ ਕਿਸੇ ਭਾਰੀ ਸੰਗੀਨ ਅਪਰਾਧ ਦੇ ਕਿਸੇ ਨੂੰ ਸਖ਼ਤ ਸਜ਼ਾ ਨਹੀਂ ਸੀ ਦਿੰਦਾ, ਨਾ ਹੀ ਕਿਸੇ ਦੀ ਜਾਨ ਨਾਹੱਕ ਗਵਾਂਦਾ ਤੇ ਨਾ ਹੀ ਕਿਸੇ ਨੂੰ ਅੰਗਹੀਣ ਕਰਵਾਉਂਦਾ ਸੀ। ਮੁਹੰਮਦ ਲਤੀਫ ਲਿਖਦਾ ਹੈ ਕਿ ਇਸ ਗੱਲ ਨਾਲ ਅਸੀਂ ਵੀ ਸੰਮਤੀ ਰੱਖਦੇ ਹਾਂ ਕਿ ਕਿਸੇ ਵੀ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਕਰੜਾਈ, ਬੁਰਿਆਈ ਤੇ ਜ਼ੁਲਮ ਦੀ ਨਜ਼ੀਰ ਨਹੀਂ ਪੜ੍ਹੀ। ਅਸਾਂ ਕਦੀ ਨਹੀਂ ਸੁਣਿਆ ਕਿ ਉਸ ਨੇ ਕਿਸੇ ਦੀਆਂ ਅੱਖਾਂ ਕਢਵਾ ਸੁੱਟੀਆਂ ਹੋਣ, ਜਾਂ ਕਿਸੇ ਦੇ ਅੰਗ ਭੰਗ ਕੀਤੇ ਹੋਣ, ਜਾਂ ਕਿਸੇ ਨੂੰ ਤਸੀਹੇ ਦੇ ਕੇ ਮਾਰਿਆ ਹੋਵੇ।

**ਖੁੱਲ੍ਹ-ਦਿਲੀ :** ਸ਼ੇਰ-ਏ-ਪੰਜਾਬ ਹਮੇਸ਼ਾਂ ਖੁੱਲ੍ਹ-ਦਿਲੀ ਤੋਂ ਕੰਮ ਲੈਂਦਾ ਸੀ। ਉਸ ਦੇ ਰਾਜ ਪ੍ਰਬੰਧ ਵਿਚ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਸੀ, ਸਗੋਂ ਯੋਗਤਾ ਅਨੁਸਾਰ ਅਹੁਦੇ ਦਿੱਤੇ ਜਾਂਦੇ ਸਨ। ਸ੍ਰੀ ਖੁਸ਼ਹਾਲ ਚੰਦ ਲਿਖਦਾ ਹੈ, "ਮਹਾਰਾਜਾ ਰਣਜੀਤ ਸਿੰਘ ਪੰਜਾਬ ਕੇ ਸਵਰਾਜ ਕੇ ਆਖਰੀ ਹੁਕਮਰਾਨ

ਥੇ। ਕਹਾ ਜਾਤਾ ਹੈ ਕਿ ਵੁਹ ਅਨਪੜ੍ਹ ਥੇ ਲੇਕਿਨ ਵੁਹ ਮੌਜੂਦਾ ਜ਼ਮਾਨੇ ਕੇ ਲਾਖ ਤਲੀਮ ਯਾਫ਼ਤਾ ਲੋਗੋਂ ਸੇ ਦਾਨਾ, ਜ਼ਿਆਦਾ ਦੂਰ ਅੰਦੇਸ਼, ਗ਼ਿਆਦਾ ਮੁਦੱਬਰ ਥੇ। ਉਨ੍ਹੋਂ ਨੇ ਉਸ ਜ਼ਮਾਨੇ ਮੇਂ ਜਬ ਕਿ ਹਿੰਦੁਸਤਾਨ ਗੈਰੋਂ ਕੇ ਪਾਓਂ ਕੇ ਨੀਚੇ ਰੌਂਦਾ ਜਾ ਰਹਾ ਥਾਂ, ਗ਼ੈਰ ਮੁਲਕੀਓਂ ਨੇ ਉਸੇ ਰੰਗ ਰਲੀਓਂ ਕਾ ਠਿਕਾਨਾ ਬਨਾਇਆ ਹੂਆ ਥਾ, ਜਬ ਹਿੰਦੁਸਤਾਨ ਅਪਨੀ ਗ਼ੈਰਤ, ਆਪਨੀ ਜਵਾਂਮਰਦੀ ਔਰ ਅਪਨਾ ਸਬ ਕੁਛ ਗੈਰੋਂ ਕੇ ਹਾਥ ਖ਼ਰੋਖਤ ਕਰ ਚੁਕਾ ਥਾ, ਠੀਕ ਉਸ ਜ਼ਮਾਨੇ ਮੇਂ ਸੱਚੇ ਸਪੂਤ ਮਹਾਰਾਜਾ ਰਣਜੀਤ ਸਿੰਘ ਨੇ ਅਮਲੀ ਤੌਰ ਪਰ ਦਿਖਾ ਦੀਆ ਕਿ ਇਸ ਗਈ ਗੁਜ਼ਰੀ ਹਾਲਤ ਮੇਂ ਭੀ ਪੰਜਾਬ ਔਰ ਹਿੰਦੁਸਤਾਨ ਆਪਨਾ ਇੰਤਜ਼ਾਮ ਆਪ ਕਰ ਸਕਤਾ ਹੈ। ਜਿਤਨਾ ਅਮਨ ਅਮਾਨ ਮਹਾਰਾਜਾ ਰਣਜੀਤ ਸਿੰਘ ਕੇ ਜ਼ਮਾਨੇ ਮੇਂ ਥਾ ਉਤਨਾ ਫਿਰ ਪੰਜਾਬ ਕੋ ਆਜ ਤਕ ਦੇਖਨਾ ਨਸੀਬ ਨਹੀਂ ਹੂਆ। " ਇਸੇ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਹਿੰਦੂ, ਮੁਸਲਮਾਨ, ਈਸਾਈ ਤੇ ਸਿੱਖ ਆਪਣਾ ਰਾਜ ਸਮਝਦੇ ਸਨ।

**ਨਿਆਂਕਾਰੀ ਤੇ ਚੰਗਾ ਬਾਦਸ਼ਾਹ :** ਮੇਜਰ ਲਾਰੰਸ ਲਿਖਦਾ ਹੈ ਕਿ "ਮਹਾਰਾਜਾ ਰਣਜੀਤ ਸਿੰਘ ਨਿਰਸੰਦੇਹ ਮਹਾਨ ਵਿਅਕਤੀ ਤੇ ਚੰਗਾ ਬਾਦਸ਼ਾਹ ਸੀ। ਉਹ ਬਹੁਤ ਫੁਰਤੀਲਾ ਤੇ ਨਿਆਂਕਾਰੀ ਹੁਕਮਰਾਨ ਸੀ, ਉਹ ਬੜਾ ਕਿਰਪਾਲੂ ਤੇ ਦਰਿਆ ਦਿਲ ਦਾ ਮਾਲਕ ਸੀ।...ਮਹਾਰਾਜਾ ਜਾਤੀ ਤੌਰ ਪਰ ਬੜਾ ਜਵਾਨ-ਮਰਦ ਤੇ ਨਿਰਭੈ ਯੋਧਾ, ਜਿਸ ਨੇ ਕਈ ਮੌਕਿਆਂ ਪਰ ਮੈਦਾਨ-ਏ-ਜੰਗ ਵਿਚ ਆਪਣੀ ਤੇਗ ਨਾਲ ਆਪਣੇ ਵੈਰੀਆਂ ਦੇ ਸਿਰ ਧੜ ਤੋਂ ਅੱਡ ਕੀਤੇ, ਪਰ ਕਦੀ ਵੀ ਕਿਸੇ ਨੂੰ ਬੇਤਰਸੀ ਨਾਲ ਸਜ਼ਾ ਨਹੀਂ ਦਿੱਤੀ। ਇਹ ਸਭ ਕੁਝ ਮਹਾਰਾਜੇ ਦੀ ਆਪਣੀ ਸਿਆਣਪ ਤੇ ਯਤਨਾਂ ਦਾ ਫਲ ਸੀ ਕਿ ਖਾਲਸਾ ਕੌਮ ਇਸ ਉੱਚੇ ਮੁਰਾਤਬੇ ਤੇ ਪਹੁੰਚੀ। "

ਨਵਾਬ ਜ਼ੁਲਫਕਾਰ ਅਲੀ ਖਾਨ 'ਦਰਬਾਰ ਵ ਫ਼ਰਦਗਾਹ ਮਹਾਰਾਜਾ ਰਣਜੀਤ ਸਿੰਘ ਦੇ ਦੀਬਾਚੇ' ਸਫਾ ੧੭-੧੯ 'ਤੇ ਲਿਖਦਾ ਹੈ,"ਮਹਾਰਾਜਾ ਰਣਜੀਤ ਸਿੰਘ ਕੀ ਹਮਾਤਨ ਕੋਸ਼ਿਸ਼ ਕਾ ਯੇ ਨਤੀਜਾ ਹੂਆ ਕਿ ਥੋੜ੍ਹੇ ਅਰਸੇ ਮੇਂ ਉਨ੍ਹੋਂ ਨੇ ਆਪਨੀ ਫੌਜ ਕੋ ਨਿਹਾਇਤ ਆਹਲਾ ਦਰਜੇ ਕੀ ਤਰੱਕੀ ਪਰ ਪਹੁੰਚਾ ਦੀਆ। ਮਹਾਰਾਜਾ ਸਾਹਿਬ ਇਸ ਖਿਆਲ ਸੇ ਤੋ ਕਾਬਿਲ ਤਾਰੀਫ ਥੇ ਹੀ ਕਿ ਉਨ੍ਹੋਂ ਨੇ ਆਪਨੀ ਨਿਗਰਾਨੀ ਔਰ ਬੇਹੱਦ ਕੋਸ਼ਿਸ਼ ਸੇ ਏਕ ਬਕਾਇਦਾ ਫੌਜ ਕੋ ਅਰਾਨਤਾ ਕਰ ਲੀਆ, ਮਗਰ ਸਭ ਸੇ ਜ਼ਿਆਦਾ ਹੈਰਤ ਅੰਗੇਜ਼ ਬਾਤ ਉਨ ਕੀ ਖ਼ੁਦਾਦਾਦ ਸਮਝ ਕੀ ਹੈ ਏਕ ਜ਼ਮਾਨੇ ਮੇਂ, ਜਬ ਕਿ ਤਮਾਮ ਅਤਰਾਫ ਮੇਂ ਉਸ ਕੇ ਹਮਅਸਰ ਕਿਆ ਬਲਕਿ ਉਸ ਸੇ ਜ਼ਿਆਦਾ ਮਜ਼ਬੂਤ ਲੋਕ ਮੌਜੂਦ ਥੇ ਔਰ ਉਨ ਕੋ ਪਾਮਾਲ ਕਰਨੇ ਕੇ ਲੀਏ ਹਰ ਵਕਤ ਕੋਸ਼ਿਸ਼ ਮੇਂ ਲਗੇ ਹੂਏ ਥੇ, ਆਪ ਨੇ ਥੋੜ੍ਹੇ ਸੇ ਜਥੇ ਕੇ ਸਾਥ ਸਭ ਕੋ ਮਗਲੂਬ ਕਰ ਲੀਆ। "

ਮਹਾਰਾਜਾ ਰਣਜੀਤ ਸਿੰਘ ਅਸਲੀ ਕੰਮ ਕਰਨ ਵਾਲਾ ਮਹਾਨ ਪੁਰਖ ਅਤੇ ਅਦੁੱਤੀ ਹੁਕਮਰਾਨ ਸੀ, ਉਹ ਪੰਜਾਬ ਵਿਚ ਹੋ ਚੁੱਕੇ ਸਾਰਿਆਂ ਹੁਕਮਰਾਨਾਂ ਤੋਂ ਚੰਗਾ

ਸੀ, ਉਹ ਆਪਣੇ ਪਿੱਛੇ ਇਕ ਵੱਡੀ ਸਲਤਨਤ, ਜੋ ਇਟਲੀ ਦੇ ਬਰਾਬਰ ਸੀ ਅਤੇ ਜਬਰਦਸਤ ਕਵਾਇਦਦਾਨ ਫੌਜ, ਜੋ ਉਸ ਸਮੇਂ ਦੇ ਵਧੀਆ ਹਥਿਆਰਾਂ ਨਾਲ ਭੂਸ਼ਤ ਸੀ, ਪਿੱਛੇ ਛੱਡ ਕੇ ਸੁਰਗਵਾਸ ਹੋਇਆ। ਮਹਾਰਾਜਾ ਰਾਜ ਪ੍ਰਬੰਧ ਦਾ ਹਰ ਕੰਮ ਰਾਜ ਦਰਬਾਰੀਆਂ ਦੀ ਸਲਾਹ ਨਾਲ ਕਰਦਾ ਸੀ। ਮੂਰ ਕਰਾਫਟ ਲਿਖਦਾ ਹੈ, "ਮੈਂ ਜਦੋਂ ਸੰਨ ੧੯੨੦ ਈ. ਵਿਚ ਮਹਾਰਾਜੇ ਅੱਗੇ ਇਹ ਬਿਨੈ ਕੀਤੀ ਕਿ ਅੰਗਰੇਜ਼ੀ ਮਾਲ 'ਤੇ ਮਸੂਲ ਘਟਾਇਆ ਜਾਵੇ ਤਾਂ ਉਸ ਪਰ ਉਸ ਨੇ ਹੁਕਮ ਲਿਖਵਾਇਆ ਕਿ ਇਨ੍ਹਾਂ ਦਿਨਾਂ ਵਿਚ ਮੇਰੇ ਬਹੁਤ ਸਾਰੇ ਸਰਦਾਰ ਲਾਹੌਰ ਤੋਂ ਬਾਹਰ ਗਏ ਹੋਏ ਹਨ, ਜਦ ਤਕ ਮੈਂ ਉਹਨਾਂ ਦੀ ਰਾਇ ਨਾ ਲੈ ਲਵਾਂ, ਕੁਝ ਫੈਸਲਾ ਨਹੀਂ ਕਰ ਸਕਦਾ।" ਸੈਂਕੜੇ ਲਿਖਤਾਂ ਮੌਜੂਦ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਰਾਜ ਦੇ ਮਾਮਲਾਤ ਉਹ ਆਪਣੇ ਦਰਬਾਰੀਆਂ ਦੀ ਸੰਮਤੀ ਨਾਲ ਕਰਦਾ ਸੀ।

**ਧਾਰਮਿਕ ਜੀਵਨ :** ਮਹਾਰਾਜਾ ਰਣਜੀਤ ਸਿੰਘ ਦੇ ਧਾਰਮਿਕ ਪੱਖ ਬਾਰੇ ਜਾਣਨ ਲਈ ਉਸ ਸਮੇਂ ਦੀਆਂ ਲਿਖਤਾਂ ਸਹਾਇਕ ਹੁੰਦੀਆਂ ਹਨ। ਮਹਾਰਾਜਾ ਸਾਲ ਵਿੱਚੋਂ ਬਹੁਤ ਸਮਾਂ ਸ੍ਰੀ ਅੰਮ੍ਰਿਤਸਰ ਵਿਖੇ ਗੁਰਬਾਣੀ ਦੀ ਕਥਾ ਤੇ ਸਤਿਸੰਗ ਵਿਚ ਬਿਤਾਉਂਦਾ ਸੀ। ਉਹ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਤੇ ਸ਼ਾਨ ਨੂੰ ਵਧਾਉਣ ਵਿਚ ਲੱਖਾਂ ਰੁਪਏ ਅਰਦਾਸ ਕਰਵਾਉਂਦਾ ਸੀ। ਉਸ ਦੀਆਂ ਸਾਰੀਆਂ ਖੁਸ਼ੀਆਂ ਵਿੱਚੋਂ ਵੱਡੀ ਖੁਸ਼ੀ ਇਹ ਹੁੰਦੀ ਸੀ ਕਿ ਜਿਹੜੀ ਚੀਜ਼ ਉਸ ਨੂੰ ਵਧੇਰੇ ਪਿਆਰੀ ਲੱਗਦੀ ਉਹ ਉਸਨੂੰ ਪਿਆਰੇ ਸਤਿਗੁਰੂ ਜੀ ਦੇ ਨਾਂ 'ਤੇ ਸਮਰਪਨ ਕਰਦਾ ਹੁੰਦਾ ਸੀ।

**ਉਦਾਹਰਨਾਂ:**

੧. ਆਪਣੇ ਸਮੇਂ ਦੀ ਜਰਬ (ਸਿੱਕਾ) ਆਪਣੇ ਨਾਂ ਦੀ ਥਾਂ 'ਨਾਨਕਸ਼ਾਹੀ' ਚਲਾਇਆ।

੨. ਸ੍ਰੀ ਅੰਮ੍ਰਿਤਸਰ ਜੀ ਦੇ ਪ੍ਰਸਿੱਧ ਕਿਲ੍ਹੇ ਦਾ ਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ 'ਗੋਬਿੰਦਗੜ੍ਹ' ਰੱਖਿਆ।

੩. ਸ੍ਰੀ ਅੰਮ੍ਰਿਤਸਰ ਜੀ ਦੇ ਵੱਡੇ ਬਾਗ਼ ਦਾ ਨਾਂ ਸ੍ਰੀ ਗੁਰੂ ਰਾਮਦਾਸ ਜੀ ਦੀ ਯਾਦ ਵਿਚ 'ਰਾਮ ਬਾਗ਼' ਰੱਖਿਆ।

੪. ਨਿਜ਼ਾਮ ਵੱਲੋਂ ਇਕ ਬਹੁਮੁੱਲੀ ਚਾਂਦਨੀ, ਜੋ ਮਹਾਰਾਜੇ ਦੀ ਸੇਵਾ ਵਿਚ ਭੇਜੀ ਗਈ ਸੀ, ਦੀ ਛੱਬ ਨੂੰ ਵੇਖਦੇ ਹੋਏ ਉਸ ਦੇ ਮੂੰਹੋਂ ਪਹਿਲੀ ਗੱਲ ਇਹ ਨਿਕਲਦੀ ਸੁਣੀ ਗਈ ਕਿ 'ਚਾਂਦਨੀ ਅਤਿ ਸੁੰਦਰ ਹੈ ਅਤੇ ਇਹ ਮੇਰੇ ਅਤਿ ਸੁੰਦਰ ਸਤਿਗੁਰੂ ਗੁਰੂ ਰਾਮਦਾਸ ਜੀ ਦੇ ਸੋਹਣੇ ਦਰਬਾਰ ਵਿਚ ਸਜਣੀ ਚਾਹੀਦੀ ਹੈ, ਮੈਂ ਇਸ ਹੇਠ ਬੈਠਣ ਦੇ ਯੋਗ ਨਹੀਂ, ਇਸ ਦੇ ਹੇਠ ਸਤਿਗੁਰੂ ਜੀ ਦੀ ਪਿਆਰੀ ਸੰਗਤ ਬੈਠੀ ਹੋਈ ਸ਼ੋਭਦੀ ਹੈ। ਉਸੇ ਵਕਤ ਇਹ ਚਾਂਦਨੀ ਸਣੇ ਜ਼ਰੂਰੀ ਸਮਾਨ ਦੇ ਸ੍ਰੀ ਅੰਮ੍ਰਿਤਸਰ ਜੀ ਭੇਜੀ ਗਈ।'

ਮਹਾਰਾਜਾ ਰਣਜੀਤ ਸਿੰਘ ਆਪਣੇ ਧਰਮ ਪ੍ਰਤੀ ਸ਼ਰਧਾ ਰੱਖਦਾ ਹੋਇਆ ਹਿੰਦੂਆਂ ਤੇ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਦਾ ਵੀ ਪੂਰਾ-ਪੂਰਾ ਸਤਿਕਾਰ ਕਰਦਾ

ਸੀ। ਯੁੱਧ ਸਮੇਂ ਵੀ ਉਸ ਦਾ ਆਪਣੇ ਜਰਨੈਲਾਂ ਨੂੰ ਹੁਕਮ ਸੀ ਕਿ 'ਵੈਰੀਆਂ ਦੇ ਧਾਰਮਿਕ ਸਥਾਨਾਂ ਤੇ ਧਾਰਮਿਕ ਪੁਸਤਕਾਂ ਦੀ ਬੇਅਦਬੀ ਅਤੇ ਇਸਤਰੀਆਂ ਦੀ ਬੇਪਤੀ ਨਾ ਕਰੋ।' ਮਹਾਰਾਜਾ ਸਾਹਿਬ ਦੇ ਇਨ੍ਹਾਂ ਖਿਆਲਾਂ ਦੀ ਜਾਣਕਾਰੀ ਅੰਗਰੇਜ਼ੀ ਹਕੂਮਤ ਨੂੰ ਵੀ ਸੀ।

ਜਦੋਂ ਸ੍ਰੀ ਅੰਮ੍ਰਿਤਸਰ ਜੀ ਦੇ ਦਰਬਾਰ ਸਾਹਿਬ ਜੀ ਦੇ ਗੁੰਬਦ 'ਤੇ ਸੋਨੇ ਦਾ ਕੰਮ ਕਰਵਾਉਣ ਤੋਂ ਬਾਅਦ ਸੇਵਾਦਾਰਾਂ ਨੇ ਛੋਟੀ ਪਰਕਰਮਾ ਦੇ ਦਰਸ਼ਨੀ ਦਰਵਾਜ਼ੇ ਦੇ ਉੱਪਰ ਸੁਨਹਿਰੀ ਪਟੜੇ ਤੇ ਲਿਖਵਾ ਕੇ ਲਗਾ ਦਿੱਤਾ ਕਿ ਸੋਨੇ ਦਾ ਇਹ ਸਾਰਾ ਕੰਮ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਇਆ ਹੈ ਤਾਂ ਕਿਹਾ ਜਾਂਦਾ ਹੈ ਕਿ ਮਹਾਰਾਜੇ ਨੇ ਉਸ ਲਿਖਤ ਨੂੰ ਇਹ ਕਹਿ ਕੇ ਉਠਵਾ ਦਿੱਤਾ ਕਿ ਗੁਰੂ ਨੇ ਮਿਹਰ ਕੀਤੀ ਤੇ ਮੇਰੇ ਤੋਂ ਸੇਵਾ ਲਈ, ਮੈਂ ਕੌਣ ਹਾਂ ਸੇਵਾ ਕਰਨ ਵਾਲਾ। ਫਿਰ ਕਈਆਂ ਦੇ ਬਹੁਤ ਕਹਿਣ 'ਤੇ ਹੇਠ ਲਿਖੀ ਲਿਖਤ ਲਿਖਣ ਦੀ ਆਗਿਆ ਦਿੱਤੀ:

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ॥ ਜੁਗਾਦਿ ਸਚੁ॥ ਹੈ ਭੀ ਸਚੁ॥ ਨਾਨਕ ਹੋਸੀ ਭੀ ਸਚੁ॥ ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਨੂੰ ਸਿੱਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰ ਕੇ ਕਰਾਈ। ਸੰਮਤ ੧੮੮੭ ਬਿ:।"*

ਘੰਟਾ ਘਰ ਦੇ ਪਾਸੇ ਜੋ ਦਰਵਾਜ਼ਾ ਹੈ ਉਸ ਤੇ ਇਹ ਅੱਖਰ ਲਿਖੇ ਹਨ:

*"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

ਸ੍ਰੀ ਸਤਿਗੁਰੂ ਜੀ ਕਾ ਸਦਾ ਬੋਲ ਬਾਲਾ ਰੱਖੇ, ਸੇਵਾ ਸ੍ਰੀ ਗੁਰੂ ਰਾਮਦਾਸ ਜੀ ਕੀ ਸਰਣ ਕੀ ਅਰ ਸੰਗ ਸੁਪੈਦ (ਸੰਗਮਰਮਰ) ਕੀ ਵਡਭਾਗੀ ਜਾਣ ਕੇ ਸ੍ਰੀ ਮਹਾਰਾਜ ਰਣਜੀਤ ਸਿੰਘ ਜੀ ਪਾਸੋਂ ਸੇਵਾ ਕਰਾਈ। ਮਾਰਫ਼ਤ ਸ੍ਰੀ ਭਾਈ ਸੰਤ ਸਿੰਘ ਗਿਆਨੀ ਜੀ ਕੀ।

(ਇਹ ਦੋਵੇਂ ਲਿਖਤਾਂ ਅੱਜ ਤਕ ਦੋਹਾਂ ਦਰਵਾਜ਼ਿਆਂ 'ਤੇ ਮੌਜੂਦ ਹਨ।)

ਉਪਰੋਕਤ ਸ਼ਿਲ੍ਹਾਲੇਖਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਸਤਿਗੁਰੂ ਦੇ ਚਰਨਾਂ ਨਾਲ ਬਹੁਤ ਪਿਆਰ ਸੀ।

ਜਰਨੈਲ ਗਾਰਡਨ ਲਿਖਦਾ ਹੈ, ਮਹਾਰਾਜਾ ਰਣਜੀਤ ਸਿੰਘ ਆਪਣੀਆਂ ਕਾਮਯਾਬੀਆਂ ਨੂੰ ਸਤਿਗੁਰੂ ਤੇ ਖਾਲਸੇ ਦੀ ਬਖ਼ਸ਼ਿਸ਼ ਮੰਨਦਾ ਹੁੰਦਾ ਸੀ, ਉਹ ਜਦ ਕਿਸੇ ਜੰਗ ਵਿਚ ਫਤਿਹ ਪਾਉਂਦਾ ਤੇ ਕਹਿੰਦਾ ਕਿ 'ਸਤਿਗੁਰੂ ਨੇ ਫਤਿਹ ਬਖ਼ਸ਼ੀ ਹੈ।' ਇਹ ਉਸ ਦੀ ਆਮ ਬੋਲ-ਚਾਲ ਸੀ ਕਿ ਰਣਜੀਤ ਸਿੰਘ ਦੇ ਸਿਰ 'ਤੇ ਸਤਿਗੁਰੂ ਦਾ ਆਪਣਾ ਹੱਥ ਹੈ। ਪੰਡਤ ਸ਼ਰਧਾ ਰਾਮ ਇਕ ਥਾਂ ਲਿਖਦਾ ਹੈ ਕਿ, ਸ਼ੇਰ-ਏ-ਪੰਜਾਬ ਸਿੱਖੀ

ਧਰਮ ਵਿਚ ਬਹੁਤ ਪੱਕਾ ਸੀ, ਉਹ ਗੁਰਬਾਣੀ ਤੇ ਕੀਰਤਨ ਦਾ ਬੜਾ ਨੇਮੀ ਸੀ, ਉਸ ਨੂੰ ਆਪਣੇ ਪੰਥ ਖਾਲਸਾ ਦੇ ਵਧਾਉਣ ਦਾ ਬਹੁਤ ਹੀ ਚਾਅ ਸੀ।

ਸ਼ੇਰ-ਏ-ਪੰਜਾਬ ਦੇ ਦਿਲ ਵਿਚ ਸ਼ਹੀਦ ਸਿੰਘਾਂ ਦੀਆਂ ਯਾਦਗਾਰਾਂ ਲਈ ਬੜਾ ਭਾਰੀ ਸਤਿਕਾਰ ਸੀ। ਉਹ ਇਨ੍ਹਾਂ ਪਾਵਨ ਯਾਦਗਾਰਾਂ ਨੂੰ ਸਦਾ ਕਾਇਮ ਰੱਖਣ ਦਾ ਚਾਹਵਾਨ ਸੀ ਤਾਂ ਕਿ ਆਉਣ ਵਾਲੀਆਂ ਪੀੜੀਆਂ ਲਈ ਚਾਨਣ-ਮੁਨਾਰੇ ਦਾ ਕੰਮ ਦੇਣ। ਇਸ ਲਈ ਇਨ੍ਹਾਂ ਸਥਾਨਾਂ ਲਈ ਉਸ ਨੇ ਜਾਗੀਰਾਂ ਲਗਾ ਦਿੱਤੀਆਂ। ਲਾਹੌਰ ਵਿਚ ਸਥਿਤ 'ਸ਼ਹੀਦ ਗੰਜ' ਬਾਰੇ ਸੱਯਦ ਮੁਹੰਮਦ ਲਤੀਫ ਆਪਣੀ ਪੁਸਤਕ 'ਹਿਸਟਰੀ ਆਫ ਲਾਹੌਰ, ਸਫ਼ਾ ੧੯੨' ਵਿਚ ਲਿਖਦਾ ਹੈ,"ਮਹਾਰਾਜਾ ਰਣਜੀਤ ਸਿੰਘ 'ਸ਼ਹੀਦ ਗੰਜ' ਦਾ ਬੜਾ ਸਤਿਕਾਰ ਕਰਦਾ ਸੀ। ਉਹ ਅਕਸਰ ਇੱਥੇ ਆਪ ਦਰਸ਼ਨ ਮੇਲੇ ਲਈ ਆਉਂਦਾ ਹੁੰਦਾ ਸੀ। ਉਸ ਨੇ ਇਸ ਅਸਥਾਨ ਦੇ ਲੰਗਰ ਆਦਿ ਦੇ ਖਰਚੇ ਨੂੰ ਚਲਾਉਣ ਲਈ ਜ਼ਿਲ੍ਹਾ ਲਾਹੌਰ ਤੇ ਸ੍ਰੀ ਅੰਮ੍ਰਿਤਸਰ ਵਿਚ ਜ਼ਮੀਨ ਜਾਗੀਰ ਦੇ ਤੌਰ ਪਰ ਦਿੱਤੀ ਸੀ।"

**ਔਗੁਣ:** ਲਿਖਾਰੀ ਨੇ ਜਿੱਥੇ ਮਹਾਰਾਜਾ ਰਣਜੀਤ ਸਿੰਘ ਦੇ ਇੰਨੇ ਗੁਣਾਂ ਦਾ ਜ਼ਿਕਰ ਕੀਤਾ ਹੈ ਉੱਥੇ ਔਗੁਣਾਂ ਦਾ ਵੀ ਬਿਆਨ ਕੀਤਾ ਹੈ: ਮਹਾਰਾਜਾ ਰਣਜੀਤ ਸਿੰਘ ਬੇਸ਼ੱਕ ਐਨੇ ਗੁਣਾਂ ਦਾ ਮਾਲਕ ਸੀ ਪਰ ਉਸ ਵਿਚ ਵੀ ਔਗੁਣ ਸਨ ਜਿਨ੍ਹਾਂ ਵਿੱਚੋਂ ਦੋ ਅਜਿਹੇ ਹਨ ਜੋ ਕਿਸੇ ਦੇਸ਼ ਦੇ ਮਹਾਰਾਜੇ ਲਈ ਹਾਨੀਕਾਰਕ ਮੰਨੇ ਜਾ ਸਕਦੇ ਹਨ। ਪਹਿਲੇ, ਉਹ ਜਿਸ 'ਤੇ ਇਕ ਵਾਰੀ ਭਰੋਸਾ ਕਰ ਲੈਂਦਾ ਸੀ, ਉਸ ਨੂੰ ਉਹ ਸਾਰੀ ਉਮਰ ਲਈ ਭਰੋਸੇਯੋਗ ਮੰਨ ਲੈਂਦਾ ਸੀ। ਇਸ ਕਾਰਨ ਕਈ ਨਮਕ-ਹਰਾਮ ਲੋਕਾਂ ਨੇ ਇਸ ਦਾ ਅਯੋਗ ਲਾਭ ਉਠਾਇਆ। ਦੂਸਰੇ, ਉਸ ਦੇ ਕਈ ਦਰਬਾਰੀ ਜ਼ੁਬਾਨੀ ਸਬਜ਼ਬਾਗ ਵਿਖਾ ਕੇ ਉਸ ਤੋਂ ਨਜ਼ਾਇਜ਼ ਕੰਮ ਕਢਵਾ ਲੈਂਦੇ ਸਨ। ਉਹ ਹੱਦ ਦਰਜੇ ਦਾ ਲਿਹਾਜ਼ੀ ਹੋਣ ਕਾਰਨ ਅਹਿਲਕਾਰਾਂ ਦੇ ਧੋਖਿਆਂ ਨੂੰ ਸਮਝਦਾ ਹੋਇਆ ਵੀ ਚੁੱਪ ਵੱਟੀ ਰੱਖਦਾ ਸੀ। ਡੋਗਰਿਆਂ ਨੇ ਰਾਜੇ ਦੇ ਇਸ ਔਗੁਣ ਦਾ ਨਜ਼ਾਇਜ਼ ਲਾਭ ਉਠਾਇਆ ਤੇ ਚਾਲਾਂ ਵਿਚ ਕਾਮਯਾਬ ਰਹੇ।

ਉਪਰੋਕਤ ਵਿਚਾਰ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਦੀ ਪੁਸਤਕ ਵਿਚ ਜਿੱਥੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਸੰਬੰਧੀ ਅਨੇਕਾਂ ਤੱਥਾਂ 'ਤੇ ਚਾਨਣਾ ਪੈਂਦਾ ਹੈ, ਉੱਥੇ ਮਹਾਰਾਜੇ ਦੀ ਬਹੁ-ਪੱਖੀ ਪ੍ਰਤਿਭਾ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਵੀ ਪਾਠਕਾਂ ਦੇ ਸਾਹਮਣੇ ਉਘੜ ਕੇ ਆਉਂਦੀ ਹੈ। ■

# ਗੁਰਸਿੱਖ ਦੇ ਜੀਵਨ ਵਿਚ ਅਰਦਾਸ ਦਾ ਮਹੱਤਵ

*-ਡਾ. ਜਸਵੰਤ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਦੇ ਮਾਰਗ-ਦਰਸ਼ਕ ਹਨ। ਸਿੱਖ ਗੁਰੂ ਸਾਹਿਬਾਨ ਨੇ ਲੋਕ ਕਲਿਆਣ ਦੀ ਦ੍ਰਿਸ਼ਟੀ ਨੂੰ ਮੁੱਖ ਰੱਖਦਿਆਂ ਇਸ 'ਮਾਲਾ ਰੂਪੀ ਗ੍ਰੰਥ' ਵਿਚ ਵੱਖ-ਵੱਖ ਧਰਮਾਂ, ਜ਼ਾਤਾਂ, ਬੋਲੀਆਂ ਤੇ ਖੇਤਰਾਂ ਨੂੰ ਇਕ ਧਾਗੇ ਵਿਚ ਪਰੋਇਆ। ਗੁਰੂ ਸਾਹਿਬਾਨ ਦੀ ਜੋਤ ਦੇ ਸਮੁੱਚੇ ਪਾਸਾਰਾਂ ਨੂੰ ਜਾਣ ਕੇ ਸਹਿਜੇ ਹੀ ਸਮਝ ਆ ਜਾਂਦੀ ਹੈ ਕਿ ਇਸ ਨਿਰਾਲੇ ਪੰਥ ਦਾ ਧਰਤੀ 'ਤੇ ਉਤਾਰਨ ਦਾ ਮਕਸਦ ਹੀ ਪ੍ਰਾਣੀ ਮਾਤਰ ਦੀ ਭਲਾਈ ਸੀ। ਜਿਸ ਨੂੰ ਸਾਕਾਰ ਰੂਪ ਵਿਚ ਅਸੀਂ ਗੁਰੂ ਸਾਹਿਬਾਨ ਦੇ ਜੀਵਨ ਤੇ ਵਿਚਾਰਧਾਰਾ ਵਿੱਚੋਂ ਨਿਹਾਰ ਸਕਦੇ ਹਾਂ।

ਸਿੱਖ ਧਰਮ ਵਿਚ ਅਰਦਾਸ ਦੀ ਭਾਵਨਾ ਦੀ ਬਹੁਤ ਮਹੱਤਤਾ ਹੈ ਜੋ ਕਿ ਸਿੱਖਾਂ ਦੀ ਸਮਾਜਿਕ, ਰਾਜਨੀਤਿਕ, ਮਾਨਸਿਕ, ਮਨੋਵਿਗਿਆਨਕ ਅਤੇ ਅਧਿਆਤਮਿਕ ਅਵਸਥਾ ਦੀ ਤਰਜਮਾਨੀ ਕਰਦੀ ਹੈ। ਇਹ ਸਿੱਖ ਅੰਦਰ ਦੁਨਿਆਵੀ ਗੁਣਾਂ ਦੇ ਸੰਚਾਰ ਦੇ ਨਾਲ-ਨਾਲ ਉਸ ਨੂੰ ਸਮੁੱਚੀ ਧਰਤੀ ਦੀ ਸੇਵਾ ਲਈ ਵੀ ਤਤਪਰ ਕਰਦੀ ਹੈ। ਇਸੇ ਲਈ 'ਸਿੱਖ ਅਰਦਾਸ' ਦੀ ਰੂਪ-ਰੇਖਾ ਵਿਦਵਾਨਾਂ ਨੇ ਇਸ ਤਰ੍ਹਾਂ ਤਿਆਰ ਕੀਤੀ ਹੈ ਕਿ ਉਸ ਵਿਚ ਅਕਾਲ ਪੁਰਖ, ਗੁਰੂ ਸਾਹਿਬਾਨ ਅਤੇ ਸਮੁੱਚੇ ਸਿੱਖ ਸ਼ਹੀਦਾਂ ਨੂੰ ਨਤਮਸਤਕ ਹੋਇਆ ਜਾਂਦਾ ਹੈ। ਗੁਣਾਂ ਦੀ ਮੰਗ ਕਰਦਿਆਂ ਅਰਦਾਸ ਦੀ ਸਮਾਪਤੀ ਸਰਬੱਤ ਦੇ ਭਲੇ ਦੇ ਨਾਅਰੇ ਨਾਲ ਕੀਤੀ ਜਾਂਦੀ ਹੈ।

ਬੇਸ਼ੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਹੀ ਜੀਵ ਦੀ ਪਰਮਾਤਮਾ ਨਾਲ ਮਿਲਾਪ ਦੀ ਅਰਦਾਸ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਰਦਾਸ ਲਈ ਅਰਦਾਸਿ, ਅਰਦਾਸੁ, ਅਰਦਾਸੇ, ਬਿਨਉ, ਬਿਨਤੀ, ਬੇਨੰਤੀ, ਬੇਨੰਤੀਆ ਆਦਿ ਸ਼ਬਦ ਵਰਤੇ ਗਏ ਹਨ। ਇਨ੍ਹਾਂ ਸ਼ਬਦਾਂ ਰਾਹੀਂ ਪਰਮਾਤਮਾ ਅੱਗੇ ਜ਼ਿਆਦਾਤਰ ਪਰਮਾਰਥ ਦੀ ਮੰਗ ਹੀ ਹੈ, ਪਰ ਕਿਤੇ-ਕਿਤੇ ਇਸ ਰਾਹ 'ਤੇ ਚੱਲਣ ਵਿਚ ਕੋਈ ਰੁਕਾਵਟ ਨਾ ਆਵੇ, ਉੱਥੇ ਕਈ ਵਾਰ ਪਦਾਰਥਕ ਮੰਗਾਂ ਲਈ ਵੀ ਅਰਦਾਸ ਦਾ ਆਸਰਾ ਲਿਆ ਹੈ। ਜਿਵੇਂ ਜਿੱਥੇ 'ਨਾਮ' ਦੀ ਗੱਲ ਹੋ ਰਹੀ ਹੈ ਇੱਥੇ ਨਾਮ ਜਪਣਾ ਜਾਂ ਜਪਾਉਣਾ ਵੀ ਕਿਸੇ ਨਾ ਕਿਸੇ ਰੂਪ ਵਿਚ ਅਰਦਾਸ ਦਾ ਹਿੱਸਾ ਬਣਦਾ ਹੈ।

"ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਰਦਾਸ ਕਿਸ ਮਨੋਰਥ ਲਈ ਕੀਤੀ ਜਾਣੀ ਚਾਹੀਦੀ ਹੈ? ਇਕ ਸਿੱਖ ਦਾ ਜੀਵਨ ਸਰਵਪੱਖੀ ਹੈ। ਉਹ ਅਧਿਆਤਮਿਕ ਮਾਰਗ ਦਾ ਪਾਂਧੀ ਹੁੰਦਾ ਹੋਇਆ ਨਾਲ-ਨਾਲ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਹੈ। ਸਿੱਖ ਸੰਤ ਵੀ ਹੈ, ਸਿਪਾਹੀ ਵੀ, ਜੋਗੀ ਵੀ ਹੈ, ਘਰਬਾਰੀ ਵੀ,

**ਪ੍ਰਿੰਸੀਪਲ, ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ- ੧੪੪੬੨੬; ਮੋ. ੯੪੬੩੦-੯੪੦੧੭*

ਕਿਰਤ ਵੀ ਕਰਦਾ ਹੈ, ਮਾਇਆ ਵੀ ਕਮਾਉਂਦਾ ਹੈ ਅਤੇ ਬੱਚਿਆਂ ਦੀ ਪਾਲਣਾ ਵੀ ਕਰਦਾ ਹੈ। ਇਹ ਸਾਰੇ ਕਾਰਜ ਕਰਦਿਆਂ ਉਸ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੋਖੀਆਂ ਵੱਲੋਂ ਉਸ ਨੂੰ ਦੁਖੀ ਕੀਤਾ ਜਾਂਦਾ, ਕਦਮ-ਕਦਮ 'ਤੇ ਉਸ ਨੂੰ ਪ੍ਰੀਖਿਆ ਵਿੱਚੋਂ ਲੰਘਣਾ ਪੈਂਦਾ ਹੈ। ਇਨ੍ਹਾਂ ਸਾਰੇ ਅਵਸਰਾਂ 'ਤੇ ਆਪਣੀ ਮਨੋਰਥ ਸਿੱਧੀ ਲਈ, . . . ਕਰਮ ਖੇਤਰ ਵਿਚ ਸਫ਼ਲ ਹੋਣ ਲਈ, ਜੀਵ ਨੂੰ ਅਰਦਾਸ ਦੀ ਓਟ ਲੈਣੀ ਪੈਂਦੀ ਹੈ। ਮਾਣ-ਤਾਣ, ਦੁੱਧ-ਪੁੱਤ, ਧਨ-ਦੌਲਤ ਆਦਿ ਦੀ ਪ੍ਰਾਪਤੀ ਲਈ ਅਕਾਲ ਪੁਰਖ ਅੱਗੇ ਜੋਦੜੀ ਕਰਨ ਦੀ ਲੋੜ ਪੈਂਦੀ ਹੈ।"[੧]

ਸਿੱਖ ਪੰਥ ਵਿਚ ਜੀਵਨ ਦੇ ਹਰ ਪੜਾਅ 'ਤੇ ਅਰਦਾਸ ਦਾ ਹੀ ਆਸਰਾ ਹੈ। ਸਿੱਖ ਦਾ ਗ੍ਰਿਹਸਥ, ਧਰਮ, ਮੁਕਤੀ ਆਦਿ ਸਾਰਾ ਕੁਝ ਅਰਦਾਸ ਦੇ ਆਸਰੇ ਚੱਲਦਾ ਹੈ। ਸਿੱਖ ਹਰ ਰੋਜ਼ ਧਾਰਮਿਕ ਤੌਰ 'ਤੇ ਦੋ ਵਾਰ ਸਵੇਰੇ ਤੇ ਸ਼ਾਮ ਅਰਦਾਸ ਕਰਦਾ ਹੈ ਜਿਸ ਵਿਚ ਸਰਬੱਤ ਦਾ ਭਲਾ ਮੰਗਣਾ ਜ਼ਰੂਰੀ ਹੈ। ਸਿੱਖ ਕੌਮ ਹੀ ਦੁਨੀਆ ਦੀ ਅਜਿਹੀ ਕੌਮ ਹੈ ਜੋ ਸਾਰਿਆਂ ਦਾ ਭਲਾ ਹਰ ਰੋਜ਼ ਅਰਦਾਸ ਵਿਚ ਮੰਗਦੀ ਹੈ। ਹਰ ਇਕ ਮੁਸ਼ਕਿਲ ਵਿਚ ਅਰਦਾਸ ਦੇ ਸਹਾਰੇ ਹੀ ਪਾਰ ਹੋਇਆ ਜਾ ਸਕਦਾ ਹੈ।

ਸਿੱਖ ਧਰਮ ਤਾਂ ਹੈ ਹੀ ਸਰਬੱਤ ਦੇ ਭਲੇ ਲਈ। ਸਿੱਖ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਦੇ ਦਰਸ਼ਨ ਕਰਦਿਆਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਜੀਵਨ ਦੀ ਇੱਕ-ਇੱਕ ਘਟਨਾ ਕਿਸੇ ਨਿੱਜੀ ਲਾਭ ਵਿਚ ਨਾ ਹੋ ਕੇ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਹੈ। ਉਦਾਹਰਨ ਦੇ ਤੌਰ 'ਤੇ ਸੰਗਤ, ਪੰਗਤ, ਲੰਗਰ, ਸਰੋਵਰ ਦਾ ਇਸ਼ਨਾਨ, ਹਰਿਮੰਦਰ ਸਾਹਿਬ ਦੀ ਉਸਾਰੀ, ਮੀਰੀ-ਪੀਰੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਖਾਲਸਾ, ਅੰਮ੍ਰਿਤ ਸੰਸਕਾਰ ਆਦਿ ਇਹ ਗੱਲਾਂ ਮਨੁੱਖਤਾ ਦੇ ਭਲੇ ਹਿੱਤ ਸ਼ੁਰੂ ਕੀਤੀਆਂ ਗਈਆਂ ਸਨ ਜੋ ਅੱਜ ਵੀ ਸਾਡੇ ਸਾਹਮਣੇ ਮੌਜੂਦ ਹਨ। ਸਿੱਖ ਪੰਥ ਦੀ ਲੰਗਰ ਸੰਸਥਾ ਅਜੋਕੇ ਸਮਾਜ ਵਿਚ ਜਿੱਥੇ ਬਰਾਬਰਤਾ ਦਾ ਸੰਦੇਸ਼ ਦਿੰਦੀ ਹੈ, ਉੱਥੇ ਲੋੜਵੰਦ ਮਨੁੱਖਾਂ ਦਾ ਪੇਟ ਭਰਨਾ ਵੀ ਭਲੇ ਦਾ ਕਾਰਜ ਹੈ।

ਸਿੱਖ ਅਰਦਾਸ ਦੀ ਇਹੋ ਵਿਲੱਖਣਤਾ ਹੈ ਕਿ ਇਹ ਬਹੁਤ ਹੀ ਸਰਲ, ਸਪੱਸ਼ਟ ਅਤੇ ਢੁਕਵੀਂ ਸ਼ਬਦਾਵਲੀ ਵਿਚ ਆਪਣੇ ਦਸਾਂ ਗੁਰੂ ਸਾਹਿਬਾਨ ਨੂੰ ਯਾਦ ਕਰਦਿਆਂ, ਉਨ੍ਹਾਂ ਤੋਂ ਦਾਤਾਂ ਮੰਗਦਿਆਂ ਉਨ੍ਹਾਂ ਦੀ ਉਸਤਤ ਕਰਦਿਆਂ ਬੜੇ ਹੀ ਚੋਣਵੇਂ ਸ਼ਬਦਾਂ ਵਿਚ ਬਿਆਨ ਕੀਤੀ ਗਈ ਹੈ। ਸ਼ਾਇਦ ਹੀ ਇੰਨੀ ਭਾਵਪੂਰਿਤ ਅਰਦਾਸ ਕਿਸੇ ਹੋਰ ਧਰਮ ਵਿਚ ਹੋਵੇ ਜਿਸ ਵਿਚ ਸਾਰੇ ਪੰਥ ਦੇ ਸਫ਼ਰ ਨੂੰ ਬਿਆਨ ਕੀਤਾ ਜਾਵੇ ਅਤੇ ਅੰਤ ਵਿਚ ਸਰਬੱਤ ਦਾ ਭਲਾ ਵੀ ਮੰਗਿਆ ਜਾਵੇ।

"ਅਰਦਾਸ ਦੇ ਅਲੌਕਿਕ ਅੱਖਰਾਂ ਦੀ ਬਣਤਰ, ਸ਼ਹੀਦਾਂ ਦੀ ਯਾਦ, ਗੁਰਧਾਮਾਂ ਦੇ ਪਵਿੱਤਰ ਦਰਸ਼ਨਾਂ ਦਾ ਸੰਕਲਪ, ਪੰਜ ਪਿਆਰਿਆਂ ਦੇ ਆਤਮ-ਸਮਰਪਣ ਦੀ ਗੌਰਵ-ਗਾਥਾ, ਚਾਲੀ ਮੁਕਤਿਆਂ ਦੀ ਲਾਸਾਨੀ ਅਤੇ ਲਾਫਾਨੀ ਕੁਰਬਾਨੀ, ਮਨ ਨੂੰ ਨੀਵਾਂ ਅਤੇ ਮੱਤ ਨੂੰ ਉੱਚਾ ਰੱਖਣ ਵਾਲਾ ਅਦਭੁੱਤ ਆਦਰਸ਼ ਅਤੇ ਸਰਬੱਤ ਦੇ ਭਲੇ

ਲਈ ਕੀਤੀ ਗਈ ਯਾਚਨਾ ਅਰਦਾਸ ਕਰਨ ਵਾਲੇ ਦੇ ਦਿਲ ਤੋਂ ਦਿਮਾਗ ਨੂੰ ਟੁੰਬਦੀ ਇਕ ਨਵੀਂ ਰੂਹ ਫੂਕ ਦਿੰਦੀ ਹੈ। ਮਨ ਉਤਸ਼ਾਹ ਨਾਲ ਭਰਪੂਰ ਅਤੇ ਵਲਵਲੇ ਨਾਲ ਲਬਰੇਜ਼ ਹੋ ਜਾਂਦਾ ਹੈ। ਅਰਦਾਸ ਕਰਨ ਵਾਲੇ ਦੀ ਮਾਨਸਿਕ ਦਸ਼ਾ 'ਚੜ੍ਹੀਐ ਹੋਇ ਇਕੀਸ' ਦੀ ਸਰਵ-ਉੱਚ ਸਿਖ਼ਰ 'ਤੇ ਪੁੱਜ ਖਲੋਂਦੀ ਹੈ। ਕਠਿਨ ਤੋਂ ਕਠਿਨ ਪ੍ਰਸਥਿਤੀ ਦਾ ਮੁਕਾਬਲਾ ਕਰਦੇ ਹੋਏ ਧਰਮ ਦੇਸ਼, ਕੌਮ ਤੇ ਰਾਜ ਲਈ ਜੂਝਦੇ ਹੋਏ ਪ੍ਰਾਣਾਂ ਨੂੰ ਨਿਛਾਵਰ ਕਰ ਦੇਣ ਤੋਂ ਵੀ ਰਤਾ ਸੰਕੋਚ ਨਹੀਂ ਕਰਦਾ।"[੨]

ਅਰਦਾਸ ਰਾਹੀਂ ਕੌਮ ਵਿਚ ਹੋਏ ਪੁਰਾਤਨ ਅਤੇ ਵਰਤਮਾਨ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ। ਅਰਦਾਸ ਦੇ ਸ਼ਬਦ ਹੀ ਅਜਿਹੇ ਘੜੇ ਗਏ ਹਨ ਕਿ ਉਸ ਦੀ ਮਹਾਨਤਾ ਨੂੰ ਸੁਣ ਕੇ ਭਵਿੱਖ ਵਿਚ ਵੀ ਸ਼ਹਾਦਤ ਦਾ ਜਾਮ ਪੀਣ ਵਾਲੇ ਮਰਜੀਵੜੇ ਤਿਆਰ ਹੁੰਦੇ ਹਨ, ਕਿਉਂਕਿ ਸਿੱਖ ਪੰਥ ਦਾ ਇਲਾਹੀ ਰੂਪ ਪੰਜ ਪਿਆਰਿਆਂ, ਚਾਲੀ ਮੁਕਤਿਆਂ ਨੂੰ ਅਤੇ ਬੇਅੰਤ ਸ਼ਹੀਦਾਂ ਦੀ ਕਰਣੀ ਨੂੰ ਯਾਦ ਕਰ ਕੇ ਉਨ੍ਹਾਂ ਦੇ ਅੰਦਰ ਧਰਮ ਪ੍ਰੇਮ ਉਤਪੰਨ ਹੁੰਦਾ ਹੈ। ਇਸ ਵਿਚ ਗੁਰਧਾਮਾਂ ਦੇ ਦਰਸ਼ਨਾਂ ਦੀ ਗੱਲ ਵੀ ਆਉਂਦੀ ਹੈ ਜੋ ਕਿ ਹਰ ਇਕ ਸਿੱਖ ਨੂੰ ਆਪਣੇ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਨ ਲਈ ਅਤੇ ਉੱਥੋਂ ਦੇ ਇਤਿਹਾਸ ਨਾਲ ਜੁੜਨ ਲਈ ਪ੍ਰੇਰਦੀ ਹੈ। ਇਸ ਵਿਚ ਮਨ ਅਤੇ ਮੱਤ ਨੂੰ ਠੀਕ ਦਿਸ਼ਾ ਵਿਚ ਰੱਖਣ ਦੀ ਤਾਕੀਦ ਹੈ ਅਤੇ ਜਦੋਂ ਮਨੁੱਖੀ ਮਨ ਠੀਕ ਦਿਸ਼ਾ ਵਿਚ ਚੱਲ ਪਵੇ ਤਾਂ ਸਾਰੇ ਕਾਰਜ ਆਪਣੇ ਆਪ ਠੀਕ ਹੋ ਜਾਂਦੇ ਹਨ।

"ਸੰਸਾਰ ਦੀ ਕੋਈ ਹੋਰ ਅਰਦਾਸ ਜਾਂ ਰਚਨਾ ਇਤਨੇ ਜ਼ਫ਼ਰ ਨਾਲ ਨਹੀਂ ਕੀਤੀ ਗਈ ਜਿਤਨੀ ਘਾਲਣਾ ਨਾਲ ਇਹ ਰਚਨਾ ਕੀਤੀ ਗਈ ਹੈ। ਫਿਰ ਇਸ ਵਿਚ ਇਤਨੀ ਸਮਰੱਥਾ ਹੈ ਜੋ ਅਸਚਰਜ ਦੀ ਹੀ ਗੱਲ ਹੈ। ਸ਼ਾਇਦ ਹੀ ਵਾਰਤਕ ਦਾ ਇਤਨਾ ਜ਼ੋਰਦਾਰ ਹੋਰ ਕੋਈ ਟੁੱਕੜਾ ਸੰਸਾਰ ਸਾਹਿਤਾਂ ਵਿਚ ਆਇਆ ਹੋਵੇ, ਜਿਤਨਾ ਸਾਹਿਤ ਦਾ ਇਹ ਟੁੱਕੜਾ ਹੈ। ਸ਼ਾਇਦ ਹੀ ਕਿਸੇ ਇਤਿਹਾਸਕਾਰ ਨੇ ਆਪਣੀ ਕੌਮ ਦਾ ਇਤਿਹਾਸ ਤੇ ਚਿਤਰਨ 'ਤੇ ਇਤਨੀ ਥੋੜੀ ਥਾਂ ਲਗਾਈ ਹੋਵੇ ਜਿਤਨੀ ਸਮੂਹ ਖਾਲਸਾ ਜੀ ਨੇ ਇਹ ਇਤਿਹਾਸ ਚਿਤਰਨ 'ਤੇ ਲਗਾਈ ਹੈ। ਸ਼ਾਇਦ ਹੀ ਕਿਸੇ ਕੌਮ ਦੀਆਂ ਸਾਰੀਆਂ ਆਸ਼ਾਵਾਂ ਨੂੰ ਰੂਪਮਾਨ ਕਰਨ ਲਈ ਕਿਸੇ ਲੇਖਕ ਨੇ ਕਦੇ ਇਤਨੇ ਸਾਹਸ ਦਾ ਪ੍ਰਮਾਣ ਦਿੱਤਾ ਹੋਵੇ, ਜਿਤਨਾ ਖਾਲਸਾ ਜੀ ਨੇ ਆਪਣੇ ਆਦਰਸ਼ ਦੀਆਂ ਉੱਚੀਆਂ ਟੀਸੀਆਂ ਨੂੰ ਰੂਪਮਾਨ ਕਰਨ ਲਈ ਅਰਦਾਸ ਵਿਚ ਸਾਹਸ ਕੀਤਾ ਹੈ। ਕਾਵਿ ਵਾਰਤਕ ਦਾ ਸੰਸਾਰ ਸਾਹਿਤਾਂ ਵਿੱਚੋਂ ਅਤਿ ਉੱਤਮ ਨਮੂਨਾ ਹੈ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਭਾਈ ਮਨੀ ਸਿੰਘ ਅਤੇ ਪੰਥ ਖਾਲਸਾ ਜੀ ਦੀ ਸਾਂਝੀ ਰਚਨਾ ਹੈ ਜਿਸ ਰਚਨਾ ਨੂੰ ਸੰਪੂਰਨ ਹੋ ਗਿਆ ਕਦੇ ਨਹੀਂ ਕਿਹਾ ਜਾਏਗਾ, ਕਿਉਂਕਿ ਜਿਉਂ ਜਿਉਂ ਖਾਲਸਾ ਜੀ ਦਾ ਇਤਿਹਾਸ ਅੱਗੇ ਤੁਰਦਾ ਜਾਏਗਾ, ਉਤਨੇ ਚਿੰਨ੍ਹ ਇੱਥੇ ਅਤਿ ਸੂਖਮ ਸੰਕੇਤਾਂ ਵਿਚ ਸਦਾ ਦਰਸਾਏ ਜਾਂਦੇ ਰਹਿਣਗੇ। ਇਹ ਰਚਨਾ ਸਾਡੀ ਸਮਰਣੀ ਹੈ, ਚਿੰਨ੍ਹਾਤਮਕ ਤੇ ਸੰਕੇਤਾਮਕ ਹੈ ਇਹ ਕੌਮ ਦਾ ਤੁਰਦਾ ਜੀਵਨ ਹੈ। ਇਹ ਰਚਨਾ ਦੀ

ਆਖਰੀ ਸਤਰ ਵਿਚ ਪੰਥ ਤੇ ਨਾਨਕ ਇਕ ਮਿਕ ਹਨ, ਕਿਉਂਕਿ ਪੰਥ ਨੇ 'ਨਾਨਕ' ਨਾਂ ਦੀ ਮੋਹਰ ਵਰਤੀ ਹੈ ਅਤੇ ਪੰਥ ਨੂੰ ਇਹ ਹੱਕ ਸਦਾ ਪ੍ਰਾਪਤ ਹੈ। "[੩]

ਸਿੱਖ ਅਰਦਾਸ ਵਿਚ ਇੰਨਾ ਜੋਸ਼ ਅਤੇ ਜਲਾਲ ਹੈ ਕਿ ਇਸ ਦੇ ਆਸਰੇ ਨਾਲ ਹੀ ਸਿੱਖ ਪੰਥ ਵਿਚ ਮਹਾਨ ਕਾਰਜ ਸੰਪੂਰਨ ਹੋਏ। ਜਦੋਂ ਵੀ ਕਿਸੇ ਸਿੱਖ ਨੇ ਕਿਸੇ ਮੰਜ਼ਿਲ ਵੱਲ ਵਧਣਾ ਉਸ ਨੇ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਅਤੇ ਜਦੋਂ ਸਿੱਖ ਨੇ ਇਕ ਵਾਰ ਅਰਦਾਸ ਕਰ ਲਈ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ, ਅਜਿਹੀਆਂ ਇਤਿਹਾਸ ਵਿਚ ਅਨੇਕ ਘਟਨਾਵਾਂ ਦਰਜ ਹਨ। ਭਾਵੇਂ ਉਹ ਅਕਾਲੀ ਫੂਲਾ ਸਿੰਘ ਵੱਲੋਂ ਕੀਤੀ ਗਈ ਅਰਦਾਸ ਹੋਵੇ ਜਾਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਅਟਕ ਦਰਿਆ ਅੱਗੇ ਕੀਤੀ ਗਈ ਹੋਵੇ। ਅਰਦਾਸ ਵਿਚ ਦਰਜ ਸ਼ਹੀਦਾਂ ਅਤੇ ਸ਼ਹਾਦਤਾਂ ਦਾ ਜ਼ਿਕਰ ਕਰਨ ਦਾ ਮਤਲਬ ਹੀ ਇਹ ਹੈ ਕਿ ਸੁਣਨ ਵਾਲੇ ਨੂੰ ਅਹਿਸਾਸ ਹੋਵੇ ਕਿ ਸਿੱਖ ਪੰਥ ਵਿਚ ਕਿੰਨੇ ਮਹਾਨ ਯੋਧੇ ਹੋਏ ਜਿਸ ਨਾਲ ਹਰ ਰੋਜ਼ ਇਕਾਗਰ ਮਨ ਨਾਲ ਅਰਦਾਸ ਕਰਨ ਵਾਲੇ ਦੇ ਦਿਲ ਵਿਚ ਹੌਲੀ-ਹੌਲੀ ਇਹ ਅਹਿਸਾਸ ਘਰ ਕਰ ਜਾਂਦੇ ਹਨ ਕਿ ਉਸ ਦਾ ਜੀਵਨ ਪਰਮਾਤਮਾ ਵੱਲੋਂ ਬਖ਼ਸ਼ੀ ਹੋਈ ਦਾਤ ਹੈ ਜਿਸ ਨੂੰ ਉਹ ਸਰਬੱਤ ਦੇ ਭਲੇ ਵਿਚ ਲਾਵੇਗਾ।

ਬੇਸ਼ੱਕ ਸੰਸਾਰ ਦੇ ਇਤਿਹਾਸ ਅਤੇ ਸਾਹਿਤ ਵਿਚ ਕੋਈ ਹੋਰ ਮਿਸਾਲ ਕੁਰਬਾਨੀਆਂ ਦੀ ਨਹੀਂ ਮਿਲ ਸਕਦੀ ਅਤੇ ਉਨ੍ਹਾਂ ਨੂੰ ਇੰਨੇ ਸੰਖੇਪ ਵਿਚ ਲਿਖਣਾ ਵੀ ਕਿਤੇ ਨਹੀਂ ਮਿਲਦਾ। ਸੱਚਮੁੱਚ ਅਜਿਹਾ ਨਮੂਨਾ ਵਿਸ਼ਵ ਸਾਹਿਤ ਵਿਚ ਨਹੀਂ ਲੱਭਿਆ ਜਾ ਸਕਦਾ। ਇੰਨੀ ਥੋੜ੍ਹੀ ਸ਼ਬਦਾਵਲੀ ਵਿਚ ਪੰਥ ਦੀ ਮਹਾਨਤਾ ਨੂੰ ਬਿਆਨ ਕਰਨਾ ਭਾਵ ਸਮੁੱਚੇ ਪੰਥ ਦੇ ਇਤਿਹਾਸ ਨੂੰ ਪਰੋਣਾ ਬੜਾ ਔਖਾ ਕਾਰਜ ਹੈ। ਖਾਲਸਾ ਜੀ ਦੇ ਮਹਾਨ ਕਾਰਨਾਮੇ ਬੜੇ ਹੀ ਭਾਵਪੂਰਤ ਅਤੇ ਸੰਖੇਪ ਰੂਪ ਵਿਚ ਅੰਕਿਤ ਕੀਤੇ ਹਨ। ਇਹ ਰਚਨਾ ਦਸਮ ਪਿਤਾ ਦੁਆਰਾ ਸ਼ੁਰੂ ਕੀਤੀ ਗਈ ਹੈ ਅਤੇ ਇਸ ਨੂੰ ਪੰਥ ਸੰਪੂਰਨ ਕਰ ਰਿਹਾ ਹੈ। ਖਾਲਸਾ ਜੀ ਨੇ ਇਤਿਹਾਸ ਵਿਚ ਮੀਲ ਪੱਥਰ ਗੱਡਦੇ ਰਹਿਣਾ ਹੈ ਜੋ ਅਰਦਾਸ ਦਾ ਸ਼ਿੰਗਾਰ ਬਣਦੇ ਰਹਿਣਗੇ, ਕਿਉਂਕਿ ਇਹ ਫ਼ਲਸਫ਼ਾ ਮਉਲਦਾ ਰਹਿਣਾ ਹੈ। ਇਸ ਰਚਨਾ ਵਿਚ ਵੀ ਗੁਰੂ ਤੇ ਪੰਥ ਇਕਮਿਕ ਹਨ। ਇਸੇ ਕਰਕੇ ਸਿੱਖ ਪੰਥ ਆਪਣੇ ਸ਼ਹੀਦਾਂ 'ਤੇ ਮਾਣ ਮਹਿਸੂਸ ਕਰਦਾ ਹੈ, ਕਿਉਂਕਿ ਸੰਸਾਰ ਭਰ ਵਿਚ ਅਜਿਹਾ ਇਤਿਹਾਸ ਸਿਰਜਣਾ ਅਕਾਲ ਪੁਰਖ ਵੱਲੋਂ ਸਿੱਖਾਂ ਦੇ ਹਿੱਸੇ ਹੀ ਆਇਆ ਹੈ ਅਤੇ ਉਸ ਇਤਿਹਾਸ ਨੂੰ ਮਾਲਾ ਦੇ ਮਣਕਿਆਂ ਵਾਂਗ ਪਰੋ ਕੇ ਉਸ ਦੀ ਰਚਨਾ ਕਰਨ ਵਾਲਿਆਂ ਨੇ ਵੀ ਕਮਾਲ ਵਿਖਾਇਆ ਹੈ। ਇਸ ਅਰਦਾਸ ਨੂੰ ਜਦੋਂ ਦੂਜੇ ਧਰਮ ਦੇ ਲੋਕ ਪੜ੍ਹਦੇ ਹਨ ਉਨ੍ਹਾਂ ਨੂੰ ਜਿੱਥੇ ਸਿੱਖ ਪੰਥ ਦੀ ਮਹਾਨਤਾ ਦੀ ਜਾਣਕਾਰੀ ਹੁੰਦੀ ਹੈ, ਉੱਥੇ ਨਾਲ ਹੀ ਪਰਮਾਤਮਾ, ਸਰਬੱਤ ਦਾ ਭਲਾ ਅਤੇ ਸਿੱਖਾਂ ਦੇ ਸਬਰ ਸ਼ੁਕਰ ਵਾਲੇ ਜੀਵਨ ਦੀ ਵੀ ਜਾਣਕਾਰੀ ਮਿਲਦੀ ਹੈ।

**ਹਵਾਲੇ**


੧. ਸ. ਮਹਿੰਦਰ ਸਿੰਘ, *ਸਿੱਖ ਸੰਸਕਾਰ ਅਤੇ ਮਰਯਾਦਾ*, ਪੰਨਾ ੧੧੮

੨. ਸ. ਇਕਬਾਲ ਸਿੰਘ, *ਗੁਰਮਤਿ ਮੰਥਨ*, ਪੰਨਾ ੯੦.

੩. ਡਾ. ਤਾਰਨ ਸਿੰਘ, *ਨੇਮ ਤੇ ਪ੍ਰੇਮ*, ਪੰਨਾ ੧੯੦

# ਚੜ੍ਹਦੀ ਕਲਾ ਦਾ ਪ੍ਰਤੀਕ : ਕਰਤਾਰਪੁਰ ਸਾਹਿਬ

*-ਡਾ. ਗੁਰਬਾਜ ਸਿੰਘ**

ਕਰਤਾਰਪੁਰ ਦਾ ਅਰਥ ਹੈ —'ਕਰਤਾਰ ਦਾ ਘਰ' ਅਰਥਾਤ ਜਿੱਥੇ ਅਕਾਲ ਪੁਰਖ ਦਾ ਵਾਸ ਹੋਵੇ। ਕਰਤਾਰਪੁਰ ਕਰਤਾਰ ਦੀ ਕਿਰਤ ਹੈ। ਇਹ ਵਿਸਮਾਦੀ ਕਿਰਤ ਕਰਤਾਰ ਦੇ ਹੁਕਮ ਵਿਚ ਹੋਈ, ਜੋ ਚੜ੍ਹਦੀ ਕਲਾ ਦਾ ਸਰਵੋਤਮ ਕੇਂਦਰ ਹੈ। ਕਰਤਾਰ ਦੇ ਨਾਮ ਤੋਂ ਹੀ ਇਸ ਅਸਥਾਨ ਦਾ ਨਾਮ ਕਰਤਾਰਪੁਰ ਪਿਆ ਹੈ, ਜਿਸ ਦਾ ਮਨੋਰਥ ਕਲਜੁਗੀ ਜੀਵਾਂ ਦੀ ਅਗਿਆਨਤਾ ਦੀ ਧੁੰਦ ਮਿਟਾ ਕੇ ਉਨ੍ਹਾਂ ਨੂੰ ਢਹਿੰਦੀ ਕਲਾ ਤੋਂ ਚੜ੍ਹਦੀ ਕਲਾ ਵੱਲ ਲਿਆਉਣਾ ਸੀ। ਪਰਮਾਤਮਾ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਧਰਤੀ 'ਤੇ ਮਨੁੱਖ ਨੂੰ ਚੜ੍ਹਦੀ ਕਲਾ ਦਾ ਪੈਗ਼ਾਮ ਦੇਣ ਲਈ ਭੇਜਦਾ ਹੈ। ਗੁਰੂ ਜੀ ਇਸ ਪਾਵਨ ਅਸਥਾਨ 'ਤੇ ਇਲਾਹੀ ਬਾਣੀ ਦਾ ਜਸ ਕੀਰਤਨ ਰੂਪ ਵਿਚ ਸੰਗਤ ਵਿਚ ਬੈਠ ਕੇ ਨਿਤਾਪ੍ਰਤੀ ਕਰਦੇ ਸਨ। ਇਹ ਸਤਸੰਗਤ ਰੂਪੀ ਸੱਚਖੰਡ ਬਣ ਗਿਆ, ਜਿੱਥੇ ਸਤਿ ਸਰੂਪ ਪਰਮਾਤਮਾ ਨੂੰ ਜਪਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਲਾਵਲੁ ਰਾਗ ਵਿਚ ਕਰਤਾਰਪੁਰ ਦੀ ਸਿਫ਼ਤ ਕਰਦਿਆਂ ਫੁਰਮਾਇਆ ਹੈ ਕਿ ਕਰਤਾਰਪੁਰ ਵਿਚ ਕਰਤਾਰ ਆਪ ਸੰਤ-ਜਨਾਂ ਦੇ ਅੰਗ-ਸੰਗ ਵੱਸਦਾ ਹੈ। ਜਿਹੜੇ ਮਨੁੱਖ ਇਸ ਦਰ 'ਤੇ ਆ ਕੇ ਅਰਦਾਸ ਕਰਦੇ ਹਨ, ਉਨ੍ਹਾਂ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਇੱਥੇ ਪਰਮਾਤਮਾ ਆਪ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ। ਜਿਹੜੇ ਸਾਧਕ ਕਰਤਾਰ ਦੀ ਧਰਮਸਾਲ ਵਿਚ ਆ ਕੇ ਕਰਤਾਰ ਨੂੰ ਸਿਮਰਦੇ ਹਨ, ਉਹ ਸੁਖੀ ਰਹਿੰਦੇ ਹਨ। ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਤੋਟ ਨਹੀਂ ਰਹਿੰਦੀ। ਇਹ ਸਾਧ-ਸੰਗਤ ਲਈ ਉਹ ਸਥਾਨ ਹੈ, ਜਿੱਥੇ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦੇ ਭੰਡਾਰ ਹਮੇਸ਼ਾ ਸੰਗਤ ਦੀ ਝੋਲੀ ਵਿਚ ਪੈਂਦੇ ਹਨ :

*ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ॥*
*ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥੧॥ ਰਹਾਉ॥*
*ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ॥*
*ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥*
*ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ॥*
*ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ॥੨॥*
*ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ॥*
*ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ॥੩॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੧੬)*

**ਮੁਖੀ, ਧਰਮ ਅਧਿਐਨ ਵਿਭਾਗ, ਮਾਤਾ ਗੁਜਰੀ ਕਾਲਜ, ਫ਼ਤਿਹਗੜ੍ਹ ਸਾਹਿਬ। ਮੋ. ੯੬੯੯੫-੪੯੮੬੦*

ਭਗਤ ਰਵਿਦਾਸ ਜੀ ਦੀ ਬਾਣੀ ਵਿਚਲੇ 'ਬੇਗਮਪੁਰਾ' ਦੇ ਸਿਧਾਂਤ ਦੇ ਦਰਸ਼ਨ 'ਕਰਤਾਰਪੁਰ' ਵਿਚ ਕੀਤੇ ਜਾ ਸਕਦੇ ਹਨ। ਚੜ੍ਹਦੀ ਕਲਾ ਵਾਲੇ ਕਰਤਾਰ ਦੇ ਨਗਰ ਵਿਚ ਰਹਿਣ ਵਾਲੇ ਸਾਧਕ ਕਿਸੇ ਗ਼ਮ, ਫਿਕਰ, ਦੁੱਖ, ਚਿੰਤਾ, ਘਬਰਾਹਟ ਵਿਚ ਨਹੀਂ ਜਿਉਂਦੇ, ਕਿਉਂਕਿ ਉਹ ਅਧਿਆਤਮਿਕ ਪੱਖ ਤੋਂ ਤਰੱਕੀ ਕਰ ਲੈਂਦੇ ਹਨ। ਉਹ ਅਜਿਹੀ ਅਵਸਥਾ ਦੇ ਮਾਲਕ ਬਣ ਜਾਂਦੇ ਹਨ, ਜਿੱਥੇ ਕੋਈ ਪਾਪ ਨਹੀਂ ਹੁੰਦਾ, ਕੋਈ ਜਿਸਮਾਨੀ ਤੇ ਮਾਲੀ ਖ਼ਤਰਾ ਨਹੀਂ, ਕਿਸੇ ਆਰਥਿਕ ਮੰਦੀ ਦਾ ਡਰ ਨਹੀਂ। ਇਸ ਅਵਸਥਾ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ ਹੁੰਦਾ। ਆਤਮਿਕ ਅਵਸਥਾ ਉੱਚ ਹੋਣ ਕਾਰਨ ਭਗਤਾਂ ਦਾ ਜੀਵਨ ਪਾਤਸ਼ਾਹਾਂ ਵਰਗਾ ਬਣ ਜਾਂਦਾ ਹੈ। ਇੱਥੇ ਵੱਸਣ ਵਾਲੇ ਸਦਾ ਸੁਖੀ ਹੀ ਰਹਿੰਦੇ ਹਨ। ਅਜਿਹੇ ਸ਼ਹਿਰ ਦਾ ਵਾਸੀ ਸੰਸਾਰ ਦਾ ਹਰ ਪ੍ਰਾਣੀ ਬਣਨਾ ਚਾਹੁੰਦਾ ਹੈ, ਜਿੱਥੇ ਕਦੇ ਵੀ ਢਹਿੰਦੀ ਕਲਾ ਨਹੀਂ ਵਾਪਰਦੀ। ਜਿਹੜੇ ਕਰਤਾਰਪੁਰ ਵਿਚ ਸਤਸੰਗਤ ਮਾਣਦੇ ਹਨ, ਉਹ ਹਮ-ਸ਼ਹਿਰੀ ਬਣ ਜਾਂਦੇ ਹਨ। ਸਾਧਕ ਸਥਿਰ ਅਵਸਥਾ ਵਿਚ ਜਿਉਂਦੇ ਹਨ, ਚਿੰਤਾ ਤੋਂ ਦੂਰ ਹੁੰਦੇ ਹਨ ਅਤੇ ਸ਼ਬਦ ਹੀ ਉਨ੍ਹਾਂ ਦੀ ਉੱਚੀ ਸੁਰਤ ਦਾ ਆਧਾਰ ਹੁੰਦਾ ਹੈ:

*ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੮)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੇਗਮਪੁਰੇ ਨੂੰ ਵਿਹਾਰਕ ਰੂਪ ਵਿਚ ਕਰਤਾਰਪੁਰ ਦੀ ਧਰਤੀ 'ਤੇ ਸੱਚ ਕਰ ਵਿਖਾਇਆ ਹੈ। ਕਰਤਾਰੀ ਝਲਕਾਰੇ ਵਾਲੀ ਚੜ੍ਹਦੀ ਕਲਾ ਲਈ ਸੰਗਤ ਗੁਰੂ ਜੀ ਦੇ ਇਰਦ-ਗਿਰਦ ਇਵੇਂ ਇਕੱਠੀ ਹੁੰਦੀ ਸੀ, ਜਿਵੇਂ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ 'ਤੇ ਟਿਕੀਆਂ ਰਹਿੰਦੀਆਂ ਹਨ:

*ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੬)*

ਚੜ੍ਹਦੀ ਕਲਾ ਦੇ ਘਰ ਕਰਤਾਰਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਛੇਕੜਲਾ ਹਿੱਸਾ ਵੀ ਚੜ੍ਹਦੀ ਕਲਾ ਵਿਚ ਹੀ ਬਿਤਾਇਆ। ਉਨ੍ਹਾਂ ਦਾ ਇਲਾਹੀ ਜੀਵਨ ਐਸਾ ਸੀ ਕਿ ਜੋ ਉਨ੍ਹਾਂ ਨੂੰ ਇਕ ਵਾਰ ਮਿਲ ਲੈਂਦਾ, ਉਨ੍ਹਾਂ ਦਾ ਮੁਰੀਦ ਹੋ ਜਾਂਦਾ ਸੀ। ਗੁਰੂ ਜੀ ਸੰਗਤ ਵਿਚ ਰਹਿ ਕੇ ਵਧੇਰੇ ਪ੍ਰਸੰਨ ਰਹਿੰਦੇ ਸਨ। ਉਹ ਆਪਣੇ ਸੇਵਕਾਂ ਨਾਲ ਵਾਰਤਾਲਾਪ ਕਰਦੇ ਰਹਿੰਦੇ ਸਨ, ਜਿਸ ਨਾਲ ਉਨ੍ਹਾਂ ਸੇਵਕਾਂ ਦੀ ਢਿੱਲ-ਮੱਠ ਦੂਰ ਹੋ ਜਾਂਦੀ ਸੀ। ਗੁਰੂ ਜੀ ਉਨ੍ਹਾਂ ਨੂੰ ਧਰਮ ਦੀ ਵਿਲੱਖਣ ਖੇਡ ਤੋਂ ਜਾਣੂ/ਸੁਚੇਤ ਕਰਵਾਉਂਦੇ, ਜੋ ਕਿ ਪ੍ਰੇਮ ਨਾਲ ਖੇਡੀ ਜਾਂਦੀ ਹੈ। ਜਦੋਂ ਭਗਤ ਨੂੰ ਇਸ ਪ੍ਰੇਮ ਤੋਂ ਵਿਛੋੜਿਆ ਜਾਂਦਾ ਹੈ ਤਾਂ ਉਹ ਆਪਣੀ ਸਿਰ-ਧੜ ਦੀ ਬਾਜ਼ੀ ਲਾ ਕੇ ਸਰੀਰ ਦਾ ਬਲੀਦਾਨ ਤਾਂ ਦੇ ਦਿੰਦਾ ਹੈ, ਪਰ ਪਰਮਾਤਮਾ ਨਾਲ ਪ੍ਰੇਮ ਤੋਂ ਉਪਜੀ ਚੜ੍ਹਦੀ ਕਲਾ ਤੋਂ ਦੂਰ ਰਹਿਣਾ ਪਸੰਦ ਨਹੀਂ ਕਰਦਾ:

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥*

*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਗੁਰੂ ਜੀ ਮਨੁੱਖ ਨੂੰ ਚੜ੍ਹਦੀ ਕਲਾ ਵਾਲਾ ਜੀਵਨ ਪ੍ਰਦਾਨ ਕਰਨ ਲਈ ਕੁੜਿਆਰ ਦੇ ਰਸਤੇ ਤੋਂ ਹਟਾ ਕੇ ਸਚਿਆਰ ਦਾ ਮਾਰਗ ਬਖ਼ਸ਼ਦੇ ਸਨ। ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ, ਪੰਗਤ, ਲੰਗਰ, ਕੀਰਤਨ, ਸੇਵਾ, ਸੰਵਾਦ, ਨਾਮ, ਕਿਰਤ, ਧਰਮਸਾਲ ਆਦਿ ਵਿਲੱਖਣ ਸਿਧਾਂਤਾਂ ਦੀ ਸਿਰਜਣਾ ਕੀਤੀ ਅਤੇ ਵਿਹਾਰਕ ਰੂਪ ਵਿਚ ਕਰਤਾਰਪੁਰ ਵਿਖੇ ਅਮਲੀ ਜਾਮਾ ਵੀ ਪਹਿਨਾਇਆ। ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣਾ, ਮੋਦੀਖਾਨੇ ਵਿਚ ਨੌਕਰੀ ਕਰਨਾ, ਮੱਝਾਂ ਚਰਾਉਣਾ, ਕਿਰਸਾਨੀ ਕਰਨੀ, ਉਦਾਸੀਆਂ ਦੌਰਾਨ ਗਿਆਨ ਵੰਡਣਾ, ਬਿਨਾਂ ਕਿਸੇ ਧਾਰਮਿਕ ਅਤੇ ਜਾਤੀ ਵਿਤਕਰੇ ਤੋਂ ਸੰਵਾਦ ਰਚਾਉਣਾ ਆਦਿ ਉਦਾਹਰਨਾਂ ਵਿੱਚੋਂ ਗੁਰੂ ਸਾਹਿਬ ਜੀ ਦੇ ਸਿਧਾਂਤਾਂ ਦਾ ਵਿਹਾਰਕ ਪੱਖ ਨਜ਼ਰ ਆਉਂਦਾ ਹੈ। ਗੁਰੂ ਜੀ ਨੇ ਧਰਮਸਾਲ ਨੂੰ ਸੰਗਤ ਦੀ ਇਕੱਤਰਤਾ ਦਾ ਉਹ ਅਸਥਾਨ ਬਣਾਇਆ, ਜਿੱਥੇ ਧੁਰ ਕੀ ਬਾਣੀ ਦਾ ਅਨੰਦ ਸੰਗਤ ਬਿਨਾਂ ਕਿਸੇ ਵਿਤਕਰੇ ਤੋਂ ਇਕ-ਸਮਾਨ ਪ੍ਰਾਪਤ ਕਰਦੀ ਹੈ। ਪੰਗਤ ਦਾ ਸਿਧਾਂਤ ਇਕ-ਸਮਾਨ ਬੈਠਣ ਦਾ ਅਧਿਕਾਰ ਅਤੇ ਲੰਗਰ ਦਾ ਸਿਧਾਂਤ ਇਕ-ਸਮਾਨ ਭੋਜਨ ਛਕਣ ਦਾ ਅਧਿਕਾਰ ਸਮਾਜ ਦੇ ਹਰ ਮਨੁੱਖ ਨੂੰ ਦਿੰਦਾ ਹੈ। ਲੰਗਰ ਬਿਨਾਂ ਕਿਸੇ ਮੁੱਲ ਤੋਂ ਲੋੜਵੰਦਾਂ ਦਾ ਪੇਟ ਵੀ ਭਰਦਾ ਹੈ। ਗੁਰੂ ਸਾਹਿਬ ਜੀ ਦੇ ਸਮਾਜ ਸਿਰਜਕ ਸਿਧਾਂਤ ਮਨੁੱਖ ਦੀ ਉੱਤਮ ਘਾੜਤ ਲਈ ਵਰਦਾਨ ਸਾਬਤ ਹੋਏ। ਸੇਵਾ ਨਿਸ਼ਕਾਮ ਭਾਵਨਾ ਨਾਲ ਕੀਤਾ ਕਾਰਜ ਹੈ, ਜੋ ਸਮਾਜ ਦੇ ਵਿਕਾਸ ਵਿਚ ਸਹਾਈ ਸਿੱਧ ਹੁੰਦਾ ਹੈ। ਪਰਮਾਤਮਾ ਦਾ ਜਸ ਗਾਉਣ ਲਈ ਕੀਰਤਨ ਅਤੇ ਨਾਮ ਦਾ ਸਹਾਰਾ ਦਿੱਤਾ ਗਿਆ। ਸੰਵਾਦ ਨਾਨਕ ਨਿਰਮਲ ਪੰਥ ਦੇ ਸਿਧਾਂਤਾਂ ਦੇ ਸੰਚਾਰ ਦਾ ਨਾਮ ਹੈ, ਜਿਸ ਰਾਹੀਂ ਧੁਰ ਕੀ ਬਾਣੀ ਘਰ-ਘਰ ਪਹੁੰਚ ਜਾਂਦੀ ਹੈ। ਸਰੀਰਕ ਤੰਦਰੁਸਤੀ ਅਤੇ ਅਰਥ ਸ਼ਾਸਤਰ ਦੀ ਚਾਲ ਨੂੰ ਕੁਸ਼ਲਤਾ ਸਹਿਤ ਚਲਾਉਣ ਲਈ ਸਮਾਜ ਨੂੰ ਕਿਰਤ ਦੇ ਨਾਲ ਜੋੜਿਆ। ਕਿਰਤ ਦੀ ਕਮਾਈ ਨੂੰ ਵੰਡ ਕੇ ਛਕਣ ਦੀ ਪ੍ਰੇਰਨਾ ਵੀ ਕੀਤੀ ਗਈ। ਜਿਹੜਾ ਮਨੁੱਖ ਚੜ੍ਹਦੀ ਕਲਾ ਵਿਚ ਜਿਊਣਾ ਚਾਹੁੰਦਾ ਹੈ, ਉਹ ਗੁਰੂ ਸਾਹਿਬ ਦੁਆਰਾ ਦਿੱਤੇ ਅਜਿਹੇ ਸਿਧਾਂਤਾਂ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਂਦਾ ਹੈ। ਇਹ ਸਿਧਾਂਤ ਜਿੱਥੇ ਹਲਤ ਵਿਚ ਮਨੁੱਖ ਦੀ ਸ਼ਖ਼ਸੀਅਤ ਦੀ ਉਸਾਰੀ ਕਰਦੇ ਹਨ, ਉੱਥੇ ਹੀ ਪਲਤ ਵਿਚ ਵੀ ਰੱਖਿਅਕ ਸਾਬਿਤ ਹੁੰਦੇ ਹਨ। ਗੁਰੂ ਸਾਹਿਬ ਜੀ ਨੇ ਕਰਤਾਰਪੁਰ ਵਿਚ ਚੜ੍ਹਦੀ ਕਲਾ ਦੇ ਇਨ੍ਹਾਂ ਸੋਮਿਆਂ ਨੂੰ ਲੋਕਾਈ ਦੇ ਸਾਹਮਣੇ ਰੱਖਿਆ, ਜਿਸ ਨਾਲ ਸਮਾਜ ਵਿਚ ਕ੍ਰਾਂਤੀਕਾਰੀ ਬਦਲਾਅ ਆਏ। ਇਸ ਤਰ੍ਹਾਂ ਗੁਰੂ ਸਾਹਿਬ ਜੀ ਦੁਆਰਾ ਵਸਾਇਆ ਕਰਤਾਰਪੁਰ ਸਮੁੱਚੇ ਵਿਸ਼ਵ ਵਿਚ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਗਿਆ।

ਕਰਤਾਰਪੁਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਉਹ ਧਰਤੀ ਹੈ,

ਜੋ ਕਿ ਤਹਿਸੀਲ ਸ਼ੱਕਰਗੜ੍ਹ, ਜ਼ਿਲ੍ਹਾ ਨਾਰੋਵਾਲ, ਲਹਿੰਦਾ ਪੰਜਾਬ, ਪਾਕਿਸਤਾਨ ਵਿਚ ਰਾਵੀ ਦਰਿਆ ਦੇ ਸੱਜੇ ਕੰਢੇ 'ਤੇ ਰਮਣੀਕ ਅਸਥਾਨ 'ਤੇ ਸੁਸ਼ੋਭਿਤ ਹੈ। ਕਰਤਾਰਪੁਰ ਸੁਰਤ ਦੀ ਘਾੜਤ ਦੀ ਅਜਿਹੀ ਇਲਾਹੀ ਟਕਸਾਲ ਹੈ, ਜਿੱਥੇ ਸ਼ਬਦ ਅਤੇ ਸੁਰਤ ਦੇ ਮਿਲਾਪ ਦਾ ਸਮੁੰਦਰ ਵਹਿੰਦਾ ਹੈ। ਜਿਨ੍ਹਾਂ ਉੱਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਹ ਨਿਹਾਲ ਹੋ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਇਸੇ ਟਕਸਾਲ ਵਿਚ ਘੜਿਆ ਸੀ ਅਤੇ ਭਾਈ ਲਹਿਣਾ ਤੋਂ ਸ੍ਰੀ ਗੁਰੂ ਅੰਗਦ ਦੇਵ ਬਣਾ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਬ, ਉੱਤਰ, ਦੱਖਣ ਅਤੇ ਪੱਛਮ ਦੀਆਂ ਉਦਾਸੀਆਂ ਤੋਂ ਬਾਅਦ ੧੫੨੨ ਈ. ਵਿਚ ਕਰਤਾਰਪੁਰ ਵਿਚ ਪਰਵਾਰ ਸਮੇਤ ਨਿਵਾਸ ਕੀਤਾ। ਗੁਰੂ ਸਾਹਿਬ ਨੇ ਕਰਤਾਰਪੁਰ ਵਿਚ ਲੱਗਭਗ ੧੮ ਸਾਲ ਰਹਿ ਕੇ ਲੋਕਾਈ ਨੂੰ ਅਧਿਆਤਮਿਕ ਰੰਗ ਵਿਚ ਰੰਗਿਆ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਕੀਤਾ ਹੈ:

*ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।*
*ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।* *(ਵਾਰ ੧:੩੮)*

ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਵਸਾਇਆ ਅਜਿਹਾ ਨਗਰ ਹੈ, ਜਿੱਥੇ ਸਿੱਖ ਧਰਮ ਦੀ ਪਹਿਲੀ ਧਰਮਸਾਲ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਭ ਤੋਂ ਵੱਡੀ ਧਰਮਸਾਲ) ਉਸਾਰੀ ਗਈ, ਜੋ ਗੁਰਸਿੱਖੀ ਦਾ ਕੇਂਦਰੀ ਸਥਾਨ ਬਣਿਆ। ਗੁਰੂ ਸਾਹਿਬ ਦੀ ਉਪਮਾ ਸੁਣ ਕੇ ਦੂਰੋਂ-ਨੇੜਿਓਂ ਸੰਗਤ ਵਹੀਰਾਂ ਘੱਤ ਕੇ ਗੁਰੂ ਜੀ ਦੇ ਦੀਦਾਰ ਕਰਨ ਆਉਂਦੀ ਸੀ। ਕਰਤਾਰਪੁਰ ਵਿਚ ਸੰਗਤ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੀ ਅਤੇ ਪਹੁ ਫੁਟਾਲੇ ਤੋਂ ਪਹਿਲਾਂ ਜਪੁਜੀ ਸਾਹਿਬ ਦਾ ਪਾਠ ਤੇ ਆਸਾ ਦੀ ਵਾਰ ਦਾ ਕੀਰਤਨ ਕਰਦੀ ਸੀ। ਸੰਧਿਆ ਵੇਲੇ ਸੋਦਰੁ ਅਤੇ ਆਰਤੀ ਗਾਈ ਜਾਂਦੀ ਸੀ।

*ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।*
*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ॥* *(ਵਾਰ ੧:੩੮)*

ਗੁਰੂ ਸਾਹਿਬ ਸਵੇਰ ਅਤੇ ਸ਼ਾਮ ਦਾ ਸਮਾਂ ਸੰਗਤ ਵਿਚ ਬਿਤਾਉਂਦੇ ਅਤੇ ਵਿਚਕਾਰਲਾ ਸਮਾਂ ਖੇਤੀ ਕਰਨ ਵਿਚ ਗੁਜ਼ਾਰਦੇ ਸਨ। ਸਵੇਰ ਅਤੇ ਸ਼ਾਮ ਸਤਸੰਗ ਮਗਰੋਂ ਸਾਰੀ ਸੰਗਤ ਨੂੰ ਲੰਗਰ ਮਿਲਦਾ ਸੀ। ਕਰਤਾਰਪੁਰ ਵਿਚ ਰਹਿੰਦਿਆਂ ਗੁਰੂ ਸਾਹਿਬ ਨੇ ਕਈ ਬਾਣੀਆਂ ਦੀ ਰਚਨਾ ਕੀਤੀ। ਸੰਗਤ ਗੁਰੂ ਜੀ ਦੇ ਮੁਖ਼ਾਰਬਿੰਦ ਤੋਂ ਬਾਣੀ ਨੂੰ ਸੁਣਦੀ, ਪੜ੍ਹਦੀ ਅਤੇ ਆਪਣੇ ਹਿਰਦਿਆਂ ਵਿਚ ਵਸਾ ਲੈਂਦੀ ਸੀ।

ਇਸ ਪਾਵਨ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਸੁਨਹਿਰੀ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਇਆ, ਜਿਸ ਵਿਚ ਚੜ੍ਹਦੀ ਕਲਾ ਦਾ ਰਹੱਸ ਛੁਪਿਆ ਹੋਇਆ ਹੈ। ਗੁਰੂ ਸਾਹਿਬ ਆਪਣੇ ਖੇਤਾਂ ਵਿਚ ਹਲ ਚਲਾਉਂਦੇ, ਫ਼ਸਲ ਨੂੰ ਬੀਜਣ, ਸੰਭਾਲਣ ਅਤੇ ਕੱਟਣ ਵਿਚ ਤੀਬਰ ਪ੍ਰਸੰਨਤਾ ਪ੍ਰਗਟ

ਕਰਦੇ ਸਨ। ਜੋ ਅਨਾਜ ਪੈਦਾ ਹੁੰਦਾ, ਉਸ ਨਾਲ ਜਿੱਥੇ ਆਪਣੇ ਪਰਵਾਰ ਦਾ ਪੇਟ ਪਾਲਦੇ ਸਨ, ਉੱਥੇ ਲੰਗਰ ਦੇ ਭੰਡਾਰ ਲਈ ਵੀ ਅਨਾਜ ਦਿੰਦੇ ਸਨ। ਸਾਰਾ ਦਿਨ ਲੰਗਰ ਚੱਲਦਾ ਰਹਿੰਦਾ ਅਤੇ ਹਰ ਕੋਈ ਗੁਰੂ ਜੀ ਦੇ ਭੰਡਾਰ ਵਿੱਚੋਂ ਭਰ ਪੇਟ ਭੋਜਨ ਪ੍ਰਾਪਤ ਕਰਦਾ ਸੀ। ਦਰਸ਼ਨ ਲਈ ਆਉਣ ਵਾਲੀ ਸੰਗਤ ਗੁਰੂ ਜੀ ਦੇ ਵਿਚਾਰਾਂ ਤੋਂ ਸੰਤੁਸ਼ਟ ਹੋ ਕੇ ਜਾਂਦੀ ਸੀ। ਰੋਗੀ ਅਤੇ ਸੋਗੀ ਸਭ ਰਾਜੀ ਹੋ ਕੇ ਜਾਂਦੇ ਸਨ। ਇੱਥੇ ਇਹ ਵੀ ਸਿੱਧ ਹੁੰਦਾ ਹੈ ਕਿ ਗੁਰੂ ਵਿਹਲੜ ਨਹੀਂ ਹੁੰਦਾ, ਬਲਕਿ ਉਹ ਆਪ ਵੀ ਕਿਰਤ ਕਰਦਾ ਹੈ ਅਤੇ ਸਿੱਖਾਂ ਨੂੰ ਕਿਰਤ ਕਰਨ ਦੀ ਪ੍ਰੇਰਨਾ ਕਰਦਾ ਹੈ। ਸਿਰਫ਼ ਕਿਰਤ ਕਰਨ ਤਕ ਹੀ ਆਪਣੇ ਆਪ ਨੂੰ ਸੀਮਤ ਨਹੀਂ ਰੱਖਿਆ, ਬਲਕਿ ਕਿਰਤ ਨੂੰ ਵੰਡ ਕੇ ਛਕਣਾ ਵੀ ਸਿਖਾਇਆ। ਅਜਿਹੇ ਕਿਰਤੀਆਂ ਨੂੰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦਾ ਪਾਠ ਪੜ੍ਹਾਇਆ।

ਕਰਤਾਰਪੁਰ ਵਿਖੇ ਗੋਸ਼ਟੀਆਂ ਦੇ ਪ੍ਰਵਾਹ ਵੀ ਚੱਲਦੇ ਰਹਿੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਦੇਸ਼ਾਂ-ਵਿਦੇਸ਼ਾਂ ਦਾ ਭ੍ਰਮਣ ਕੀਤਾ ਅਤੇ ਚੜ੍ਹਦੀ ਕਲਾ ਦਾ ਪੈਗ਼ਾਮ ਵੰਡਿਆ। ਪੀਰ ਬਹਾਉਦੀਨ ਨੇ ਵੀ ਚੜ੍ਹਦੀ ਕਲਾ ਦੇ ਕੇਂਦਰ ਕਰਤਾਰਪੁਰ ਵੱਲ ਮੁਖ ਕਰ ਕੇ ਸਿੱਜਦਾ ਕੀਤਾ ਸੀ। ਪ੍ਰੋ. ਪੂਰਨ ਸਿੰਘ ਦੀ ਲਿਖਤ 'ਦਸ ਗੁਰ ਦਰਸ਼ਨ' ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਆਏ ਤਾਂ ਮਹਾਨ ਸੂਫ਼ੀ ਆਗੂ ਪੀਰ ਬਹਾਉਦੀਨ ਨੇ ਕਰਤਾਰਪੁਰ ਵੱਲ ਮੂੰਹ ਕਰ ਕੇ ਨਮਾਜ਼ ਪੜ੍ਹੀ ਅਤੇ ਸਿੱਜਦਾ ਕੀਤਾ। ਉਸ ਦੇ ਮੁਰੀਦਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਕਰਤਾਰਪੁਰ ਵੱਲ ਸਿੱਜਦਾ ਕਿਉਂ ਕਰ ਰਹੇ ਹੋ ਤਾਂ ਉਸ ਉੱਤਰ ਦਿੱਤਾ ਸੀ ਅੱਜ ਰੱਬ ਦਾ ਨੂਰ ਇਸੇ ਪਾਸੇ ਦਿੱਸ ਰਿਹਾ ਹੈ।

ਸੰਸਾਰ ਦਾ ਉੱਧਾਰ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਤੋਂ ਹੀ ਅੱਚਲ ਵਟਾਲਾ ਅਤੇ ਮੁਲਤਾਨ ਅਸਥਾਨਾਂ 'ਤੇ ਧਰਮ ਪ੍ਰਚਾਰ ਲਈ ਗਏ।

ਭਾਈ ਲਹਿਣਾ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਪਹਿਲੀ ਮੁਲਾਕਾਤ ਕਰਤਾਰਪੁਰ ਵਿਖੇ ਹੋਈ ਸੀ, ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਬਾਰੇ ਤਾਂ ਪਹਿਲਾਂ ਹੀ ਸੁਣਿਆ ਹੋਇਆ ਸੀ, ਪਰ ਅੱਜ ਉਹ ਜਥੇ ਨੂੰ ਰਸਤੇ ਵਿਚ ਰੋਕ ਕੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਚਲੇ ਗਏ। ਕਰਤਾਰਪੁਰ ਦੇ ਨੇੜੇ ਪਹੁੰਚ ਕੇ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਰਾਹ ਪੁੱਛਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਦੀ ਘੋੜੀ ਦੀ ਲਗਾਮ ਫੜ੍ਹ ਕੇ ਧਰਮਸਾਲ ਲੈ ਗਏ। ਜਦੋਂ ਭਾਈ ਲਹਿਣਾ ਨੂੰ ਪਤਾ ਲੱਗਿਆ ਕਿ ਜਿਸ ਸ਼ਖ਼ਸੀਅਤ ਨੇ ਉਨ੍ਹਾਂ ਦੀ ਘੋੜੀ ਦੀ ਲਗਾਮ ਫੜ੍ਹੀ ਸੀ, ਉਹ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਭਾਈ ਲਹਿਣਾ ਨੂੰ ਪਛਤਾਵਾ ਹੋਇਆ ਕਿ ਜੇਕਰ ਉਨ੍ਹਾਂ ਨੂੰ ਪਤਾ ਹੁੰਦਾ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਘੋੜੀ 'ਤੇ ਬਿਠਾ ਕੇ ਲਿਆਉਂਦੇ ਅਤੇ ਖ਼ੁਦ ਘੋੜੀ ਦੀ ਲਗਾਮ ਫੜ੍ਹਦੇ। ਭਾਈ ਲਹਿਣਾ ਜੀ ਦਾ ਹਿਰਦਾ

ਵਿੰਨ੍ਹਿਆ ਗਿਆ, ਉਨ੍ਹਾਂ ਨੇ ਪਹਿਲਾਂ ਕਦੇ ਅਜਿਹੇ ਗੁਰੂ ਦੇ ਦਰਸ਼ਨ ਨਹੀਂ ਕੀਤੇ ਸੀ, ਜੋ ਇੰਨੀ ਮਾਣ ਅਤੇ ਵਡਿਆਈ ਬਖ਼ਸ਼ਦਾ ਹੋਵੇ।

ਇਕ ਵਾਰ ਭਾਈ ਲਹਿਣਾ ਜੀ ਬੁਖਾਰੇ ਦਾ ਰੇਸ਼ਮ ਪਹਿਨ ਕੇ ਕਰਤਾਰਪੁਰ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੇ। ਉਸ ਵੇਲੇ ਗੁਰੂ ਜੀ ਖੇਤਾਂ ਵਿਚ ਨਦੀਨ ਕੱਢ ਰਹੇ ਸਨ। ਉਨ੍ਹਾਂ ਨੇ ਭਾਈ ਲਹਿਣਾ ਨੂੰ ਸਿਰ 'ਤੇ ਨੁਚੜਦੇ ਚਿੱਕੜ ਦੀ ਨਦੀਨ ਦੀ ਪੰਡ ਚੁਕਾ ਦਿੱਤੀ, ਜਿਸ ਨਾਲ ਭਾਈ ਲਹਿਣਾ ਜੀ ਦੇ ਰੇਸ਼ਮੀ ਕੱਪੜੇ ਲਿੱਬੜ ਗਏ। ਘਰ ਪਹੁੰਚਣ 'ਤੇ ਮਾਤਾ ਸੁਲੱਖਣੀ ਜੀ ਨੇ ਕਿਹਾ ਕਿ ਭਾਈ ਲਹਿਣਾ ਜੀ ਤਾਂ ਉਨ੍ਹਾਂ ਨੂੰ ਮਿਲਣ ਲਈ ਆਏ ਸਨ, ਪਰ ਉਨ੍ਹਾਂ ਦੇ ਕੱਪੜੇ ਗੰਦੇ ਹੋ ਗਏ ਹਨ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਭਾਈ ਲਹਿਣਾ ਜੀ ਨੇ ਦੁਖੀ ਮਨੁੱਖਤਾ ਦਾ ਭਾਰ ਚੁੱਕਿਆ ਹੋਇਆ ਹੈ। ਉਹ ਚਿੱਕੜ ਨਾਲ ਲਿੱਬੜੇ ਹੋਏ ਨਹੀਂ, ਬਲਕਿ ਪਰਮਾਤਮਾ ਨੇ ਉਨ੍ਹਾਂ ਨੂੰ ਕੇਸਰ ਦਾ ਤਿਲਕ ਲਾਇਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਜਪੁਜੀ ਸਾਹਿਬ ਦੇ ਪਾਠ ਦੀ ਮਹਾਨਤਾ ਬਾਰੇ ਦੱਸਿਆ ਕਿ— ਜੋ ਅੰਮ੍ਰਿਤ ਵੇਲੇ ਪੜ੍ਹੇਗਾ ਸੋ ਸਾਧ ਸੰਗਤ ਮੇਂ ਵਾਸਾ ਪਾਵੇਗਾ। ਕਰਤਾਰਪੁਰ ਵਿਖੇ ਭਾਈ ਲਹਿਣਾ ਨੂੰ ਅਨੇਕਾਂ ਪ੍ਰੀਖਿਆਵਾਂ ਦੇਣੀਆਂ ਪਈਆਂ, ਜਿਸ ਵਿਚ ਉਹ ਹਰ ਵਾਰ ਸਫਲ ਹੋਵੇ। ਜਿਵੇਂ ਦੋਵੇਂ ਗੁਰੂ ਪੁੱਤਰਾਂ ਦੁਆਰਾ ਇਨਕਾਰ ਕਰਨ ਤੋਂ ਬਾਅਦ ਭਾਈ ਲਹਿਣਾ ਜੀ ਦੁਆਰਾ ਗੰਦੇ ਪਾਣੀ ਵਿੱਚੋਂ ਕਟੋਰਾ ਕੱਢ ਕੇ ਲਿਆਉਣਾ, ਰਾਤ ਨੂੰ ਮੀਂਹ ਵਿਚ ਕੰਧ ਦੀ ਉਸਾਰੀ ਕਰਨਾ, ਕਿੱਕਰ ਦੇ ਦਰੱਖਤ ਨੂੰ ਝੂਟਾ ਦੇ ਕੇ ਖਾਣ ਵਾਲੇ ਸੁਆਦਲੇ ਪਦਾਰਥ ਸੰਗਤ ਦੀ ਝੋਲੀ ਪਾਉਣਾ ਆਦਿ। ਭਾਈ ਲਹਿਣਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੁਕਮ ਮੋੜਦੇ ਨਹੀਂ ਸਨ, ਕਿਉਂਕਿ ਉਨ੍ਹਾਂ ਨੇ ਵੀ ਚੜ੍ਹਦੀ ਕਲਾ ਦੇ ਘਰ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ।

੧੫੩੯ ਈ. ਵਿਚ ਇਸੇ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਨੂੰ ਗੁਰੂ ਬਣਾ ਕੇ ਇਕ ਅਨੋਖੀ ਰੀਤ ਚਲਾਈ ਅਤੇ ਗੁਰਿਆਈ ਦਾ ਨਵਾਂ ਸਿਧਾਂਤ ਵੀ ਦਿੱਤਾ। ਇੱਥੇ ਹੀ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਕੇ ਆਪਣਾ ਹੀ ਅੰਗ ਬਣਾ ਲਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ 'ਲਹਿਣਾ' ਦੇ ਦਿੱਤਾ ਸੀ, ਜੋ ਉਹ ਕਰਤਾਰਪੁਰ ਦੀ ਧਰਤੀ 'ਤੇ ਲੈਣ ਲਈ ਆਏ ਸਨ। ਇਹ ਵੀ ਇੱਥੇ ਹੀ ਸਿੱਧ ਹੋਇਆ ਕਿ ਗੁਰਿਆਈ ਉਸ ਨਿਮਾਣੇ ਸੇਵਕ ਨੂੰ ਮਿਲਦੀ ਹੈ, ਜੋ ਸੇਵਾ ਦਾ ਪੁੰਜ ਹੁੰਦਾ ਹੈ। ਗੁਰਿਆਈ ਜੱਦੀ ਮਲਕੀਅਤ ਨਹੀਂ ਹੁੰਦੀ, ਜੋ ਪੁੱਤਰਾਂ ਨੂੰ ਹੀ ਮਿਲੇ। ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਸਵੱਟੀ 'ਤੇ ਖਰੇ ਨਹੀਂ ਉਤਰੇ, ਇਸ ਲਈ ਉਨ੍ਹਾਂ ਨੂੰ ਗੁਰਿਆਈ ਨਹੀਂ ਮਿਲੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ (ਸ੍ਰੀ) ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇ ਕੇ ਖਡੂਰ ਸਾਹਿਬ ਜਾਣ ਦਾ ਹੁਕਮ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ

ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਸ੍ਰੀ ਚੰਦ ਨੇ ਆਪਣੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਗੁਰਿਆਈ ਕਿਉਂ ਨਹੀਂ ਦਿੱਤੀ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ— ਸੁਣੋ ਬੇਟਾ ਇਹ ਵਡਿਆਈ ਦੀ ਦਾਤ ਤਾਂ ਕਿਸੇ ਦੇ ਹੱਥ ਨਾਹੀ। ਜਿਸੇ ਪਰਮੇਸ਼ਰ ਦੇਵੇ ਉਸ ਨੂੰ ਮਿਲਦੀ ਹੈ। ਜੇ ਕੋਈ ਕਹੇ ਜੋ ਮੈਂ ਯਤਨ ਕਰਕੇ ਲਵਾਂ ਤਾਂ ਨਹੀਂ ਮਿਲਦੀ।

ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਲਈ ਆਪ ਖਡੂਰ ਸਾਹਿਬ ਜਾਂਦੇ ਸਨ। ੧੫੩੯ ਈ. ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਜੋਤੀ ਜੋਤ ਸਮਾ ਗਏ। ਗੁਰੂ ਅਤੇ ਸੰਗਤ ਦੇ ਅਥਾਹ ਪ੍ਰੇਮ ਨੂੰ ਇਸ ਗੱਲੋਂ ਜਾਣਿਆ ਜਾ ਸਕਦਾ ਹੈ ਕਿ ਹਿੰਦੂ, ਸਿੱਖ ਅਤੇ ਮੁਸਲਮਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਅਤੇ ਪੀਰ ਸਮਝਦੇ ਸਨ। ਇਸ ਲਈ ਰਾਵੀ ਦਰਿਆ ਦੇ ਕੰਢੇ ’ਤੇ ਹਿੰਦੂਆਂ ਅਤੇ ਮੁਸਲਮਾਨਾਂ ਵੱਲੋਂ ਸਾਂਝੀ ਸਮਾਧ ਅਤੇ ਮਕਬਰੇ ਦੀ ਉਸਾਰੀ ਕਰਵਾਈ ਗਈ। ਇਸ ਸਬੰਧੀ ਡਾ. ਸਰੂਪ ਸਿੰਘ ਅਲੱਗ ਨੇ ਪੁਸਤਕ ‘ਧਨੁ ਨਾਨਕ ਤੇਰੀ ਵਡੀ ਕਮਾਈ’ ਵਿਚ ਬੜਾ ਸੁੰਦਰ ਲਿਖਿਆ ਹੈ ਕਿ ਰਾਵੀ ਦਰਿਆ ਨੇ ੧੮ ਸਾਲ ਲਗਾਤਾਰ ਬਾਬੇ ਦੀ ਕੀਰਤੀ ਦੇ ਜਲਵੇ ਦੇਖੇ ਸਨ, ਕੀਰਤਨ ਅਤੇ ਸਿਮਰਨ ਦੀਆਂ ਧੁਨਾਂ ਦਾ ਆਨੰਦ ਮਾਣਿਆ ਸੀ, ਇਹ ਬਰਦਾਸ਼ਤ ਨਾ ਕਰ ਸਕੀ ਕਿ ਮਹਾਨ ਬਾਬੇ ਨੂੰ ਮੜ੍ਹੀਆਂ ਤੇ ਮਕਬਰਿਆਂ ਦੀ ਚਾਰਦੀਵਾਰੀ ਵਿਚ ਸੰਜੋ ਦਿੱਤਾ ਜਾਵੇ। ਬਾਬਾ ਸਾਰੀ ਦੁਨੀਆ ਦਾ ਸਿਰਤਾਜ ਸੀ, ਹਰ ਥਾਂ ਆਜ਼ਾਦੀ ਵਿਚ ਵਿਚਰਦਾ ਸੀ। ਰਾਵੀ ਨੇ ਬਾਬੇ ਦੇ ਇਸ ਸੁਭਾਉ ਨੂੰ ਜਾਣਦਿਆਂ ਰਾਤ ਦੇ ਹਨ੍ਹੇਰੇ ਵਿਚ ਉਸ ਕੱਚੀ ਯਾਦਗਾਰ ਨੂੰ ਆਪਣੇ ਵਿਚ ਸਮੋ ਕੇ ਬਾਬੇ ਨੂੰ ਇਲਾਹੀ ਸਰੂਪ ਦਾ ਸੁਆਮੀ ਬਣੇ ਰਹਿਣ ਲਈ ਆਪਣਾ ਨਿਗੂਣਾ ਜਿਹਾ ਰੋਲ ਅਦਾ ਕਰ ਦਿੱਤਾ। ਹੁਣ ਬਾਬਾ ਮਾਨਵਤਾ ਦੇ ਹਿਰਦਿਆਂ ਵਿਚ ਜੀਵਤ ਹੈ, ਜੋ ਉਸ ਦੀ ਦਰਗਾਹੀ ਥਾਂ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਕਰਤਾਰਪੁਰ ਕਰਤਾਰ ਦੇ ਧਿਆਨ ਦਾ ਕੇਂਦਰ ਬਣਿਆ, ਜਿੱਥੇ ਸੰਗਤ ਨੂੰ ਚੜ੍ਹਦੀ ਕਲਾ ਵਿਚ ਰਹਿਣ ਲਈ ਇਲਾਹੀ ਰਸ ਦੀ ਦਾਤ ਮਿਲਦੀ ਹੈ। ਕਰਤਾਰਪੁਰ ਵਿਖੇ ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਆਉਂਦਾ, ਉਸ ਨੂੰ ਵੀ ਕਰਤਾਰ ਦੇ ਦੇਸ਼ ਦੇ ਦੀਦਾਰ ਨਸੀਬ ਹੋ ਜਾਂਦੇ ਸਨ। ਗੁਰੂ ਜੀ ਨੇ ਸਿੱਖ ਨੂੰ ਕਰਤਾਰਪੁਰ ਦਾ ਵਾਸੀ ਬਣਾਇਆ ਹੈ। ਗੁਰੂ ਜੀ ਦਾ ਮਨੋਰਥ ਪੈਰੋਕਾਰਾਂ ਨੂੰ ਕਰਤਾਰ ਦੀ ਝਲਕ ਦਾ ਆਨੰਦ ਦੇਣਾ ਸੀ। ਕਰਤਾਰੀ ਸੁਰਤ ਦੇ ਮੁਰੀਦ ਕਰਤਾਰਪੁਰ ਰਹਿਣ ਦੀ ਲੋਚਾ ਰੱਖਦੇ ਹਨ, ਇਸ ਲਈ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਇਸ ਧਰਤੀ ’ਤੇ ਹੀ ਵਸਾ ਦਿੱਤਾ। ■

# ਭਾਈ ਦਇਆ ਸਿੰਘ ਜੀ ਪਿਆਰਾ

-ਡਾ. ਹਰਪ੍ਰੀਤ ਕੌਰ*

ਆਮ ਸਿੱਖ ਸੰਗਤ ਸਾਹਮਣੇ ਭਾਈ ਦਇਆ ਸਿੰਘ ਦਾ ਨਾਂ ੧੬੯੯ ਈ. ਦੀ ਵੈਸਾਖੀ ਸਮੇਂ ਸੀਸ ਭੇਟ ਕਰਨ ਸਮੇਂ ਹੀ ਆਉਂਦਾ ਹੈ। ਪਰ ਸਿੱਖ ਇਤਿਹਾਸਿਕ ਸ੍ਰੋਤਾਂ ਵਿੱਚੋਂ ਉਨ੍ਹਾਂ ਦੇ ਜੀਵਨ ਨੂੰ ਵਾਚਣ ਉਪਰੰਤ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਕਾਫੀ ਸਮਾਂ ਪਹਿਲਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਸ੍ਰੀ ਅਨੰਦਪੁਰ ਸਾਹਿਬ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੂੰ ਖਾਲਸਾ ਸਿਰਜਣਾ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਸੀਸ ਭੇਟ ਕਰਨ ਵਾਲੇ ਪਹਿਲੇ ਪਿਆਰੇ ਹੋਣ ਦਾ ਮਾਣ ਹਾਸਲ ਹੈ। ਗਿਆਨੀ ਠਾਕਰ ਸਿੰਘ ਰਚਿਤ 'ਸ੍ਰੀ ਗੁਰਦੁਆਰੇ ਦਰਸ਼ਨ' ਅਨੁਸਾਰ ਉਨ੍ਹਾਂ ਦਾ ਜਨਮ ੧੨ ਭਾਦੋਂ ੧੭੧੮ ਸੰਮਤ (੧੬੬੧ ਈ.) ਨੂੰ ਲਾਹੌਰ ਵਿਚ ਹੋਇਆ।[੧] ਰਤਨ ਸਿੰਘ ਭੰਗੂ ਰਚਿਤ 'ਸ੍ਰੀ ਗੁਰ ਪੰਥ ਪ੍ਰਕਾਸ਼' ਅਨੁਸਾਰ:

*ਪ੍ਰਿਥਮ ਦਯਾ ਸਿੰਘ ਸੋਫਤੀ ਜਾਤ । ਬਸਤ ਲਾਹੌਰ ਹੁਤੇ ਬਖ਼ਯਾਤ।*[੨]

ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਸੁਧਾ ਅਤੇ ਮਾਤਾ ਦਾ ਨਾਂ ਦਿਆਲੀ ਸੀ। ਉਨ੍ਹਾਂ ਦਾ ਪਹਿਲਾ ਨਾਂ ਦਇਆ ਰਾਮ ਸੀ। ਭਾਈ ਸੁਧਾ ਵਪਾਰ ਦੇ ਕਿੱਤੇ ਨਾਲ ਜੁੜੇ ਹੋਣ ਕਰਕੇ ਆਰਥਿਕ ਪੱਖ ਤੋਂ ਖੁਸ਼ਹਾਲ ਸਨ। ਉਨ੍ਹਾਂ ਵੱਲੋਂ ਆਪਣੇ ਪੁੱਤਰ ਦੀ ਸਿੱਖਿਆ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ ਗਿਆ। ਤੀਖਣ ਬੁੱਧੀ ਦੇ ਮਾਲਕ ਭਾਈ ਦਇਆ ਰਾਮ ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦੇ ਮਾਹਿਰ ਸਨ। ਭਾਈ ਸੁਧਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਿੱਖ ਸਨ। ਨਵੰਬਰ ੧੬੭੫ ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਹਾਦਤ ਦੀ ਖ਼ਬਰ ਲਾਹੌਰ ਪਹੁੰਚਦਿਆਂ ਹੀ ਭਾਈ ਸੁਧਾ ਆਪਣੀ ਪਤਨੀ ਅਤੇ ਪੁੱਤਰ ਭਾਈ ਦਇਆ ਸਿੰਘ ਸਮੇਤ ਸ੍ਰੀ ਅਨੰਦਪੁਰ ਸਾਹਿਬ ਰਵਾਨਾ ਹੋ ਗਏ।[੩] ਭਾਈ ਦਇਆ ਸਿੰਘ ਨੇ ਸੰਮਤ ੧੭੩੪ ਬਿਕ੍ਰਮੀ ਨੂੰ ਸ੍ਰੀ ਅਨੰਦਪੁਰ ਸਾਹਿਬ ਜਾਣ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸੰਗਤ ਦੀ ਸੇਵਾ ਵਿਚ ਆਪਣਾ ਸਮਾਂ ਗੁਜ਼ਾਰਨਾ ਸ਼ੁਰੂ ਕਰ ਦਿੱਤਾ।[੪] ਗੁਰ ਦਰਬਾਰ ਦੀ ਹਾਜ਼ਰੀ ਉਪਰੰਤ ਉਹ ਗੁਰਬਾਣੀ ਕੰਠ, ਸ਼ਸ਼ਤਰ ਵਿੱਦਿਆ, ਨਾਮ ਸਿਮਰਨ ਦਾ ਅਭਿਆਸ ਕਰਦੇ ਸਨ। ਕੁਝ ਹੀ ਸਮੇਂ ਵਿਚ ਉਹ ਸੈਨਿਕ ਸਿਖ਼ਲਾਈ ਪ੍ਰਾਪਤ ਕਰ ਕੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਹੋ ਗਏ। ਉਨ੍ਹਾਂ ਦੀ ਤੀਰਅੰਦਾਜ਼ੀ ਅਤੇ ਬੰਦੂਕ ਚਲਾਉਣ ਵਿਚ ਵਿਸ਼ੇਸ਼ ਦਿਲਚਸਪੀ ਸੀ। ਉਹ ੧੬੯੯ ਈ. ਦੀ ਵੈਸਾਖੀ ਤੋਂ ਪਹਿਲਾਂ

*ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੬੪੬੭-੮੫੯੯੮

ਹੋਏ ਯੁੱਧਾਂ ਵਿਚ ਵੀ ਹਿੱਸਾ ਲੈਂਦੇ ਰਹੇ। ਭਾਈ ਦਇਆ ਰਾਮ ਭੰਗਾਣੀ ਦੇ ਜੁੱਧ ਦੌਰਾਨ ਬੀਰਤਾ ਨਾਲ ਜੂਝੇ ਸਨ।[੫]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ-ਦੁਰਾਡੇ ਸਿੱਖ ਸੰਗਤ ਨੂੰ ਹੁਕਮਨਾਮੇ ਭੇਜ ਕੇ ੧੬੯੯ ਈ. ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਇਕ ਵਿਸ਼ੇਸ਼ ਇਕੱਠ ਬੁਲਾਇਆ। ਇਸ ਇਕੱਠ ਵਿਚ ਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਇਕ ਸੀਸ ਦੀ ਮੰਗ ਕੀਤੀ। ਗੁਰੂ ਜੀ ਦੁਆਰਾ ਤੀਜੀ ਵਾਰ ਸੀਸ ਦੀ ਮੰਗ ਕਰਨ 'ਤੇ ਭਾਈ ਦਇਆ ਰਾਮ ਜੀ ਸਭ ਤੋਂ ਪਹਿਲਾਂ ਆਪਣਾ ਸੀਸ ਭੇਟ ਕਰਨ ਲਈ ਹਾਜ਼ਰ ਹੋਏ। 'ਸ੍ਰੀ ਗੁਰ ਪੰਥ ਪ੍ਰਕਾਸ਼' ਅਨੁਸਾਰ:

*ਪ੍ਰਿਥਮ ਦਯਾ ਸਿੰਘ ਸੋਫਤੀ ਜਾਤ।*[੬]

'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਵੀ ਸਾਨੂੰ ਇਸ ਦੀ ਗਵਾਹੀ ਇੰਝ ਮਿਲਦੀ ਹੈ:

*ਦਯਾ ਸਿੰਘ ਇਕ ਬਸੈ ਲਹੌਰ॥ ਛੱਤ੍ਰੀ ਸਭਿ ਸਿੰਘਨਿ ਸਿਰਮੌਰ॥...*
*ਬਿਨਤੀ ਭਨੀ ਜੋਰਿ ਜੁਗ ਕਰ ਕੋ॥ 'ਲੀਜਹਿ ਸਤਿਗੁਰ ਮੇਰੇ ਸਿਰ ਕੋ'॥*
*ਸੁਨਿ ਕਲਗੀਧਰ ਤਜਯੋ ਪ੍ਰਜੰਕਾ॥ 'ਦੇਨੋ ਸਿਰ ਤੋ ਆਇ ਨਿਸ਼ੰਕਾ'॥*[੭]

ਹਜ਼ਾਰਾਂ ਦੀ ਸੰਗਤ ਦੇ ਇਕੱਠ ਵਿਚ ਗੁਰੂ ਜੀ ਦੁਆਰਾ ਇੱਕ ਸੀਸ ਦੀ ਮੰਗ ਕਰਨਾ ਤੇ ਆਪਣੇ ਜੀਵਨ ਦੀ ਬਿਨਾਂ ਪਰਵਾਹ ਕੀਤਿਆਂ ਗੁਰੂ ਦੇ ਅੱਗੇ ਆਪਣਾ ਆਪ ਨਿਛਾਵਰ ਕਰ ਦੇਣਾ ਇਹ ਭਾਈ ਦਇਆ ਰਾਮ ਦੇ ਹਿੱਸੇ ਆਇਆ। ਉਹ ਸਭ ਤੋਂ ਪਹਿਲਾਂ ਆਪਣਾ ਸੀਸ ਭੇਂਟ ਕਰਨ ਉਪਰੰਤ ਗੁਰੂ ਦੀ ਦਇਆ ਦੇ ਪਾਤਰ ਬਣ ਕੇ ਦਇਆ ਰਾਮ ਤੋਂ ਭਾਈ ਦਇਆ ਸਿੰਘ ਬਣ ਗਏ। ਦੁਬਾਰਾ ਗੁਰੂ ਜੀ ਦੁਆਰਾ ਸੀਸ ਦੀ ਮੰਗ ਕਰਨ ਉੱਤੇ ਹਸਤਿਨਾਪੁਰ ਦੇ ਧਰਮ ਦਾਸ, ਦੁਆਰਕਾ ਦੇ ਮੁਹਕਮ ਚੰਦ, ਬਿਦਰ ਦੇ ਸਾਹਿਬ ਚੰਦ ਤੇ ਜਗਨਨਾਥ ਪੁਰੀ ਦੇ ਹਿੰਮਤ ਰਾਇ ਨੇ ਆਪਣਾ ਸੀਸ ਭੇਂਟ ਕੀਤਾ। ਗੁਰੂ ਜੀ ਨੇ ਇਨ੍ਹਾਂ ਪੰਜਾਂ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਸਿੰਘ ਬਣਾ ਦਿੱਤਾ। ਇਸ ਤਰ੍ਹਾਂ ਭਾਈ ਦਇਆ ਸਿੰਘ ਪੰਜ ਪਿਆਰਿਆਂ ਵਿਚ ਪਹਿਲਾ ਸਥਾਨ ਰੱਖਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅੰਮ੍ਰਿਤਪਾਨ ਕਰਾਉਣ ਪਿੱਛੋਂ ਭਾਈ ਦਇਆ ਸਿੰਘ ਨੂੰ ਪੰਜ ਪਿਆਰਿਆਂ ਦਾ ਜਥੇਦਾਰ ਨਿਯੁਕਤ ਕੀਤਾ ਗਿਆ।[੮]

ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਬੀਰ ਆਸਨ ਵਿਚ ਬਿਠਾ ਕੇ ਖੰਡੇ ਦੀ ਪਾਹੁਲ ਦੇਣ ਉਪਰੰਤ ਰਹਿਤ ਮਰਯਾਦਾ ਦ੍ਰਿੜ ਕਰਵਾਈ।[੯]

ਸਿੱਖ ਇਤਿਹਾਸ ਦੇ ਸ੍ਰੋਤਾਂ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਜ਼ਰ ਵਿਚ ਭਾਈ ਦਇਆ ਸਿੰਘ ਦੀ ਸਤਿਕਾਰਯੋਗ ਸ਼ਖ਼ਸੀਅਤ ਦ੍ਰਿਸ਼ਟੀਗੋਚਰ ਹੁੰਦੀ ਹੈ। ਜਦੋਂ ਸਿੱਖਾਂ ਨੇ ਗੁਰੂ ਜੀ ਨੂੰ ਕਰਮਾਂ ਦੇ ਬੰਧਨਾਂ ਤੋਂ ਮੁਕਤ ਹੋਣ ਸੰਬੰਧੀ ਪ੍ਰਸ਼ਨ ਪੁੱਛਿਆ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਭਾਈ ਦਇਆ ਸਿੰਘ ਕੋਲ ਆਪਣੇ ਸ਼ੰਕੇ ਨਿਵਿਰਤ ਕਰਨ ਲਈ ਭੇਜ ਦਿੱਤਾ।

ਭਾਈ ਸੰਤੋਖ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਸਾਹਿਬ ਨੂੰ ਆਪਣਾ ਰੂਪ ਮੰਨਦੇ ਸਨ ਅਤੇ ਸਿੱਖਾਂ ਨੂੰ ਉਨ੍ਹਾਂ ਨਾਲ ਆਪਣੇ ਪ੍ਰਸ਼ਨ ਸਾਂਝੇ ਕਰਨ ਲਈ ਆਖਦੇ ਸਨ:

*ਸ੍ਰੀ ਮੁਖ ਤੇ ਸਭਿਹੂੰਨਿ ਉਚਾਰਾ। 'ਦਇਆ ਸਿੰਘ ਮਮ ਰੂਪ ਉਦਾਰਾ॥*
*ਕਰਹੁ ਪ੍ਰਸ਼ਨ ਜੇਤਕ ਰੁਚਿ ਹੋਇ। ਉੱਤਰ ਕਹੈ ਸਕਲ ਹੀ ਸੋਇ'॥*[੧੦]

'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਭਾਈ ਦਇਆ ਸਿੰਘ ਦੁਆਰਾ ਸਿੱਖਾਂ ਨਾਲ ਕਰਮ ਸਿਧਾਂਤ, ਮਾਇਆ, ਅਵਿਦਿਆ ਆਦਿ ਬਾਰੇ ਕੀਤੀ ਗਈ ਵਿਸਥਾਰਪੂਰਵਕ ਚਰਚਾ ਮਿਲਦੀ ਹੈ।[੧੧] ਭਾਈ ਸਾਹਿਬ ਨੇ ਕਰਮਾਂ ਦੇ ਬੰਧਨ ਤੋਂ ਮੁਕਤ ਹੋਣ ਲਈ ਸੰਗਤ ਨੂੰ ਆਪਣੀ ਨੇਕ ਕਮਾਈ ਵਿੱਚੋਂ ਸਿੱਖਾਂ ਨੂੰ ਬਸਤਰ ਲੈ ਕੇ ਦੇਣ, ਭੋਜਨ ਛਕਾਉਣ, ਕੱਪੜੇ ਧੋਣ ਦੀ ਸੇਵਾ ਕਰਨ, ਪੱਖਾ ਫੇਰਨ, ਲੋੜਵੰਦਾਂ ਦੀ ਮਦਦ ਕਰਨ, ਸੱਚ ਬੋਲਣ, ਸੰਤੋਖ ਰੱਖਣ ਅਤੇ ਹੰਕਾਰ ਆਦਿ ਵਿਕਾਰਾਂ ਤੋਂ ਨਿਵਿਰਤ ਰਹਿਣ ਦਾ ਉਪਦੇਸ਼ ਦਿੱਤਾ।[੧੨] ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਨੂੰ ਭਾਈ ਦਇਆ ਸਿੰਘ ਉੱਪਰ ਅਥਾਹ ਵਿਸ਼ਵਾਸ ਸੀ।

ਕਿਲ੍ਹਾ ਅਨੰਦਗੜ੍ਹ ਨੂੰ ਕਾਫੀ ਲੰਮੇ ਸਮੇਂ ਤੋਂ ਘੇਰਾ ਪਿਆ ਹੋਇਆ ਸੀ। ਰਸਦ ਦੇ ਭੰਡਾਰ ਵੀ ਮੁੱਕਣੇ ਸ਼ੁਰੂ ਹੋ ਗਏ ਸਨ। ਪਹਾੜੀ ਰਾਜਿਆਂ ਤੇ ਮੁਗ਼ਲਾਂ ਵੱਲੋਂ ਗੁਰੂ ਜੀ ਅੱਗੇ ਪ੍ਰਸਤਾਵ ਰੱਖਿਆ ਗਿਆ ਕਿ ਤੁਸੀਂ ਕਿਲ੍ਹਾ ਛੱਡ ਜਾਓ ਤੁਹਾਨੂੰ ਕੁਝ ਨਹੀਂ ਕਿਹਾ ਜਾਵੇਗਾ। ਅਨੰਦਗੜ੍ਹ ਦਾ ਕਿਲ੍ਹਾ ਛੱਡਣ ਲਈ ਆਏ ਪ੍ਰਸਤਾਵ ਸੰਬੰਧੀ ਵਿਚਾਰ ਵੀ ਗੁਰੂ ਜੀ ਦੁਆਰਾ ਭਾਈ ਦਇਆ ਸਿੰਘ ਆਦਿ ਸਿੰਘਾਂ ਨਾਲ ਕੀਤੀ ਗਈ:

*ਸਤਿਗੁਰਾਂ ਭਾਈ ਦਯਾ ਸਿੰਘ ਆਦਿ ਮੁਖੀਏ ਸਿਘਾਂ ਕੇ ਸਾਮ੍ਹੇਂ*
*ਇਹ ਆਈ ਪਤ੍ਰਿਕਾ ਰਾਖੀ ਕਿ ਹੁਣ ਕਿਆ ਕਰਨਾ ਚਾਹੀਏ।*[੧੩]

ਇਸ ਤਰ੍ਹਾਂ ਗੁਰੂ ਜੀ ਨੇ ਭਾਈ ਦਇਆ ਸਿੰਘ ਵਰਗੇ ਮੁਖੀ ਸਿੱਖਾਂ ਨਾਲ ਸਲਾਹ ਕਰ ਕੇ ਹੀ ਅਨੰਦਗੜ੍ਹ ਦਾ ਕਿਲ੍ਹਾ ਛੱਡਿਆ ਸੀ। ਕਿਲ੍ਹਾ ਅਨੰਦਗੜ੍ਹ ਤੋਂ ਰਵਾਨਗੀ ਸਮੇਂ ਭਾਈ ਦਇਆ ਸਿੰਘ ਤੇ ਭਾਈ ਉਦੇ ਸਿੰਘ ਉਨ੍ਹਾਂ ਦੇ ਸਾਹਮਣੇ ਤੁਰ ਰਹੇ ਸਨ।[੧੪] ਗੁਰੂ ਜੀ ਨੇ ਆਪਣੇ ਸਿੰਘਾਂ ਤੇ ਪਰਵਾਰ ਸਮੇਤ ਅਨੰਦਗੜ੍ਹ ਦਾ ਕਿਲ੍ਹਾ ਛੱਡ ਦਿੱਤਾ। ਅਜੇ ਗੁਰੂ ਜੀ ਕੀਰਤਪੁਰ ਹੀ ਲੰਘੇ ਸਨ ਕਿ ਪਹਾੜੀ ਅਤੇ ਮੁਗ਼ਲ ਫੌਜਾਂ ਨੇ ਆਪਣੀਆਂ ਕਸਮਾਂ ਭੁਲਾ ਕੇ ਵਹੀਰ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ 'ਤੇ ਗੁਰੂ ਜੀ ਦਾ ਸਾਰਾ ਪਰਵਾਰ ਵਿਛੜ ਗਿਆ। ਗੁਰੂ ਜੀ ਕੋਟਲਾ ਨਿਹੰਗ ਖਾਂ ਤੋਂ ਹੁੰਦੇ ਹੋਏ ਆਪਣੇ ਸਿੰਘਾਂ ਸਮੇਤ ਅਨੇਕ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਚਮਕੌਰ ਦੀ ਗੜ੍ਹੀ ਵਿਚ ਪਹੁੰਚੇ। ਮੁਗ਼ਲ ਫੌਜਾਂ ਦਾ ਟਾਕਰਾ ਕਰਨ ਲਈ ਗੁਰੂ ਜੀ ਨੇ ਸਿੰਘਾਂ ਨੂੰ ਜਥਿਆਂ ਵਿਚ ਵੰਡ ਦਿੱਤਾ। ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਦੀ ਡਿਊਟੀ ਦਰਵਾਜ਼ੇ ਉੱਪਰ ਲਗਾਈ ਗਈ। 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਨੁਸਾਰ ਗੁਰੂ ਜੀ ਆਪਣੇ ਦੋ ਸਾਹਿਬਜ਼ਾਦਿਆਂ ਸਮੇਤ ਭਾਈ ਦਇਆ ਸਿੰਘ ਅਤੇ ਭਾਈ ਸੰਤ

ਸਿੰਘ ਨੂੰ ਕੋਲ ਰੱਖਦੇ ਹਨ:

*ਦੋਨਹੁ ਸੁਤ ਦਯਾ ਸਿੰਘ ਸੰਤ ਸਿੰਘ ਪਾਸ ਰਾਖੇ।*[੧੫]

ਚਮਕੌਰ ਸਾਹਿਬ ਦੀ ਪਾਵਨ ਧਰਤੀ 'ਤੇ ਜੰਗ ਦੇ ਮੈਦਾਨ ਵਿਚ ਜੂਝਦਿਆਂ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਤਿੰਨ ਪਿਆਰੇ ਅਤੇ ਹੋਰ ਸਿੰਘ ਸ਼ਹੀਦ ਹੋਏ ਸਨ। ਭਾਈ ਦਇਆ ਸਿੰਘ ਸਮੇਤ ਪੰਜ ਸਿੰਘਾਂ ਨੇ ਗੁਰਮਤਾ ਕੀਤਾ ਕਿ ਗੁਰੂ ਜੀ ਚਮਕੌਰ ਦੀ ਗੜ੍ਹੀ ਛੱਡ ਜਾਣ। ਸਿੰਘਾਂ ਦਾ ਵਿਚਾਰ ਸੀ ਕਿ ਗੁਰੂ ਜੀ ਦੇ ਇੱਥੋਂ ਜਿਊਂਦਾ ਜਾਣ ਨਾਲ ਉਹ ਹੋਰ ਵੀ ਲੱਖਾਂ ਸਿੱਖ ਪੈਦਾ ਕਰ ਲੈਣਗੇ। ਗੁਰੂ ਜੀ ਨੇ ਪੰਜ ਸਿੰਘਾਂ ਦਾ ਹੁਕਮ ਪ੍ਰਵਾਨ ਕੀਤਾ ਤੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਆਦਿ ਸਿੰਘਾਂ ਨੂੰ ਨਾਲ ਲੈ ਕੇ ਗੜ੍ਹੀ ਵਿੱਚੋਂ ਨਿਕਲ ਗਏ। ਰਸਤੇ ਵਿਚ ਅਲੱਗ ਹੋਣ ਤੋਂ ਬਾਅਦ ਇਹ ਗੁਰੂ ਜੀ ਨੂੰ ਦੁਬਾਰਾ ਮਾਛੀਵਾੜੇ ਦੀ ਧਰਤੀ ਉੱਪਰ ਮਿਲੇ ਸਨ। ਜਦੋਂ ਗਨੀ ਖਾਂ ਤੇ ਨਬੀ ਖਾਂ ਆਦਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾ ਕੇ ਪਾਲਕੀ ਵਿਚ ਲਿਜਾ ਰਹੇ ਸਨ ਤਾਂ ਉਸ ਸਮੇਂ ਭਾਈ ਦਇਆ ਸਿੰਘ ਗੁਰੂ ਜੀ ਉੱਪਰ ਚੌਰ ਕਰ ਰਹੇ ਸਨ।[੧੬]

ਕਈ ਅਸਥਾਨਾਂ 'ਤੇ ਠਹਿਰਾਅ ਕਰਦੇ ਹੋਏ ਗੁਰੂ ਜੀ ਦੀਨਾ ਕਾਂਗੜ ਪਹੁੰਚੇ। ਇੱਥੇ ਹੀ ਉਨ੍ਹਾਂ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ। ਗੁਰੂ ਜੀ ਦੁਆਰਾ ਇਸ ਜ਼ਫ਼ਰਨਾਮੇ ਨੂੰ ਔਰੰਗਜ਼ੇਬ ਤਕ ਅਹਿਮਦਨਗਰ ਵਿਖੇ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਭਾਈ ਦਇਆ ਸਿੰਘ ਆਦਿ ਸਿੰਘਾਂ ਨੂੰ ਸੌਂਪੀ ਸੀ:

*ਸੁ ਨੁਰੰਗੈ ਵਲ ਦਈ ਘਲਾਇ।*
*ਦਯਾ ਸਿੰਘ ਲੈ ਪਹੁੰਚਯੋ ਜਾਇ।*[੧੭]

ਭਾਈ ਦਇਆ ਸਿੰਘ ਦੇ ਨਾਲ ਦੂਜੇ ਪਿਆਰੇ ਭਾਈ ਧਰਮ ਸਿੰਘ ਵੀ ਸਨ। ਇਹ ਦੋਵੇਂ ਪਿਆਰੇ ਜ਼ਫ਼ਰਨਾਮਾ ਲੈ ਕੇ ਅਹਿਮਦਨਗਰ ਪਹੁੰਚਦੇ ਹਨ। ਕਵੀ ਸੈਨਾਪਤਿ ਅਨੁਸਾਰ ਭਾਈ ਦਇਆ ਸਿੰਘ ਜੀ ਨੂੰ ਇਹ ਜ਼ਫ਼ਰਨਾਮਾ ਔਰੰਗਜ਼ੇਬ ਤਕ ਪਹੁੰਚਾਉਣ ਵਿਚ ਕਾਫੀ ਮੁਸ਼ਕਿਲ ਆ ਰਹੀ ਸੀ। ਉਨ੍ਹਾਂ ਗੁਰੂ ਜੀ ਨੂੰ ਪੱਤਰ ਲਿਖ ਕੇ ਅੰਗ-ਸੰਗ ਸਹਾਈ ਹੋਣ ਲਈ ਬੇਨਤੀ ਕੀਤੀ:

*ਅਨਿਕ ਉਪਾਵ ਸਿੰਘ ਨੇ ਕਰੈ। ਛੰਦ ਬੰਦ ਕਛੁ ਨੇਕ ਨ ਸਰੇ।*
*ਲਿਖੀ ਕਥਾ ਪ੍ਰਭ ਪਾਸ ਪਠਾਈ। ਦਯਾ ਕਰੋ ਇਮ ਹੋਹੁ ਸਹਾਈ।*[੧੮]

**ਸੋਰਠਾ**

*ਦਯਾ ਸਿੰਘ ਅਰਦਾਸ ਲਿਖਿ ਭੇਜੀ ਪ੍ਰਭ ਕੋ ਤਬੈ।*
*ਆਪਨ ਕਾਜ ਸੁਧਾਰ ਹੁਇ ਸਹਾਇ ਅਬ ਪ੍ਰਭੁ ਜੀ।*[੧੯]

ਭਾਈ ਦਇਆ ਸਿੰਘ ਵੱਲੋਂ ਇਸ ਸੰਬੰਧੀ ਕੋਈ ਖ਼ਬਰ ਨਾ ਪਹੁੰਚਣ ਕਰਕੇ ਗੁਰੂ ਜੀ ਵੱਲੋਂ ਹੋਰ ਸਿੱਖਾਂ ਨੂੰ ਦੱਖਣ ਵੱਲ ਕੂਚ ਕਰਨ ਲਈ ਕਿਹਾ:

*ਦਯਾ ਸਿੰਘ ਦੱਛਨ ਦਿਸਾ ਲਾਗੀ ਬਹੁਤ ਅਵਾਰੇ।*

*ਸਿੰਘਨ ਕੋ ਸਾਹਿਬ ਕਹਿਓ ਸਬੈ ਹੋਹੁ ਤਈਯਾਰ।*[੨੦]

'ਗੁਰੂ ਕੀਆਂ ਸਾਖੀਆਂ' ਅਨੁਸਾਰ ਭਾਈ ਦਇਆ ਸਿੰਘ ਦੁਆਰਾ ਇਸ ਮੁਸ਼ਕਿਲ ਸਥਿਤੀ ਬਾਰੇ ਸੂਚਿਤ ਕਰਨ ਲਈ ਭਾਈ ਧਰਮ ਸਿੰਘ ਨੂੰ ਗੁਰੂ ਜੀ ਕੋਲ ਭੇਜਿਆ ਗਿਆ। ਭਾਈ ਧਰਮ ਸਿੰਘ ਗੁਰੂ ਜੀ ਦੁਆਰਾ ਦਿੱਤਾ ਹੋਇਆ ਪੱਤਰ ਲੈ ਕੇ ਭਾਈ ਦਇਆ ਸਿੰਘ ਕੋਲ ਪਹੁੰਚਦੇ ਹਨ। ਇਸ ਪੱਤਰ ਵਿਚ ਗੁਰੂ ਜੀ ਨੇ ਬਾਦਸ਼ਾਹ ਦੇ ਮਿਲਣ ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਸਨ:

*ਗੁਰੂ ਜੀ ਕੀ ਦੀ ਹੋਈ ਪਾਤੀ ਭਾਈ ਦਯਾ ਸਿੰਘ ਕੇ ਹਾਥ ਮੇਂ ਦਈ। ਦਯਾ ਸਿੰਘ ਨੇ ਪ੍ਰਿਥਮੇਂ ਇਸੇ ਸੀਨੇ, ਫੇਰ ਮਸਤਕ ਤੇ ਲਗਾਇ ਬੋਲ ਕੇ ਵਾਚਾ। ਜਿਸ ਮੇਂ ਲਿਖਾ ਹੂਆ ਥਾ ਕਿ ਦਯਾ ਸਿੰਘਾ! ਅਸਾਂ ਕੇ ਲਿਖੇ ਹੂਏ ਪਾਂਚ ਬਚਨਾਂ ਤੇ ਅਮਲ ਕਰਨਾਂ, ਤੁਸਾਂ ਕਾ ਮੇਲ ਬਾਦਸ਼ਾਹ ਸੇ ਅਵੱਸ਼ ਹੋਇ ਜਾਏਗਾ।*[੨੧]

ਇਸ ਤੋਂ ਉਪਰੰਤ ਭਾਈ ਦਇਆ ਸਿੰਘ ਅਰਦਾਸ ਕਰਦੇ ਹਨ ਅਤੇ ਕੁਝ ਸਿੱਖਾਂ ਨਾਲ ਔਰੰਗਜ਼ੇਬ ਨੂੰ ਮਿਲਣ ਵਿਚ ਸਫ਼ਲ ਹੋ ਜਾਂਦੇ ਹਨ। ਔਰੰਗਜ਼ੇਬ ਦਾ ਮੁਨਸ਼ੀ ਉਸ ਨੂੰ ਗੁਰੂ ਸਾਹਿਬ ਦੁਆਰਾ ਮੁਲਾਕਾਤ ਦੇ ਸੱਦੇ ਬਾਰੇ ਦੱਸਦਾ ਹੈ, ਪਰ ਉਹ ਸਿਹਤ ਨਾ ਠੀਕ ਹੋਣ ਕਾਰਨ ਗੁਰੂ ਜੀ ਨੂੰ ਅਹਿਮਦਨਗਰ ਹੀ ਬੁਲਾਉਣਾ ਚਾਹੁੰਦਾ ਹੈ। ਬਾਦਸ਼ਾਹ ਦਾ ਸੱਦਾ ਲੈ ਕੇ ਕਾਜ਼ੀ, ਗੁਰਜਬਰਦਾਰ, ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਤੁਰ ਪੈਂਦੇ ਹਨ। ਕਵੀ ਸੈਨਾਪਤਿ ਅਨੁਸਾਰ:

*ਗੁਰਜ਼ਦਾਨ ਫ਼ਰਮਾਨ ਲੈ ਦਯਾ ਸਿੰਘ ਕੇ ਸੰਗਿ।*
*ਬਿਦਾ ਕੀਏ ਤਾਹੀ ਸਮੈ ਬਾਦਸ਼ਾਹ ਔਰੰਗ।*
*ਗੁਰਜ਼ਦਾਰ ਆਰ ਸਿੰਘ ਤਾਂ ਤੇ ਸਿਧਾਏ।*
*ਲਿਖੇ ਪਾਂਚ ਦਰਬਾਰ ਤੇ ਹੁਕਮ ਆਏ।*[੨੨]

ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦਾ ਗੁਰੂ ਜੀ ਨਾਲ ਮਿਲਾਪ ਰਾਜਸਥਾਨ ਵਿਚ ਕੁਲਾਇਤ ਦੇ ਸਥਾਨ ਉੱਪਰ ਹੁੰਦਾ ਹੈ।[੨੩] ਭਾਈ ਦਇਆ ਸਿੰਘ ਗੁਰੂ ਜੀ ਨੂੰ ਔਰੰਗਜ਼ੇਬ ਨਾਲ ਹੋਈ ਮੁਲਾਕਾਤ ਬਾਰੇ ਦੱਸਦੇ ਹਨ। ਗੁਰੂ ਜੀ ਦਾ ਅਗਲਾ ਪੜਾਅ ਨਰਾਇਣਾ ਦੇ ਸਥਾਨ 'ਤੇ ਹੁੰਦਾ ਹੈ। ਇੱਥੇ ਗੁਰੂ ਜੀ ਦੁਆਰਾ ਸਿੱਖਾਂ ਦੀ ਪਰਖ ਕਰਨ ਲਈ ਤੀਰ ਨਾਲ ਦਾਦੂ ਪੀਰ ਦੀ ਸਮਾਧ ਨੂੰ ਨਮਸਕਾਰ ਕਰਨ ਉਪਰੰਤ ਭਾਈ ਦਇਆ ਸਿੰਘ ਆਦਿ ਸਿੰਘਾਂ ਦੁਆਰਾ ਗੁਰੂ ਜੀ ਨੂੰ ਤਨਖਾਹ ਲਗਾਈ ਗਈ।[੨੪]

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿਚ ਗੱਦੀ ਨੂੰ ਲੈ ਕੇ ਝਗੜਾ ਸ਼ੁਰੂ ਹੋ ਗਿਆ। ਉਸ ਦਾ ਵੱਡਾ ਲੜਕਾ ਸ਼ਹਿਜ਼ਾਦਾ ਮੁਅਜ਼ਮ (ਬਹਾਦਰ ਸ਼ਾਹ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵਾਕਫ ਸੀ। ਇਸ ਲਈ ਉਸ ਨੇ ਇਸ ਸੰਬੰਧ ਵਿਚ ਆਪਣਾ ਦੂਤ ਭੇਜ ਕੇ ਗੁਰੂ ਜੀ ਕੋਲੋਂ ਮਦਦ ਮੰਗੀ:

*ਦਿੱਲੀ ਨਿਕਟਿ ਆਪ ਜਬ ਆਯੋ। ਲਿਖਾ ਕੀਓ ਪ੍ਰਭ ਪਾਸ ਪਠਾਇਓ॥...*

*ਕਰਿ ਜੋਰੇ ਐਸੇ ਕਹਿਓ ਨਿਮਖ ਬਿਲਮ ਨਹੀ ਲਾਇ।*
*ਇਹ ਸੁਲਤਾਨੀ ਜੰਗ ਮੈ ਤੁਮ ਪ੍ਰਭ ਹੋਹੁ ਸਹਾਇ।*[੨੫]

ਸ਼ਹਿਜ਼ਾਦਾ ਮੁਅਜ਼ਮ (ਬਹਾਦਰ ਸ਼ਾਹ) ਦੀ ਆਪਣੇ ਭਰਾ ਤਾਰਾ ਆਜ਼ਮ ਨਾਲ ਇਹ ਲੜਾਈ ਚੰਬਲ ਨਦੀ ਦੇ ਕਿਨਾਰੇ ਜਾਜਉ ਦੇ ਮੈਦਾਨ ਵਿਚ ਹੋਈ ਸੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਜੀ ਨੇ ਭਾਈ ਦਇਆ ਸਿੰਘ ਦੀ ਅਗਵਾਈ ਵਿਚ ਪੰਝੀ ਸਿੰਘਾਂ ਨੂੰ ਭੇਜਿਆ ਤੇ ਆਪ ਬਾਅਦ ਵਿਚ ਬਾਕੀ ਸਿੱਖਾਂ ਨਾਲ ਲੜਾਈ ਵਿਚ ਸ਼ਾਮਲ ਹੋਏ।[੨੬] ਸ਼ਹਿਜ਼ਾਦਾ ਮੁਅਜ਼ਮ (ਬਹਾਦਰ ਸ਼ਾਹ) ਦਾ ਭਰਾ ਤਾਰਾ ਆਜ਼ਮ ਇਸ ਲੜਾਈ ਵਿਚ ਮਾਰਿਆ ਗਿਆ ਅਤੇ ਸ਼ਹਿਜ਼ਾਦਾ ਮੁਅਜ਼ਮ ਬਹਾਦਰਸ਼ਾਹ ਵਜੋਂ ਗੱਦੀ 'ਤੇ ਬੈਠਾ। ਉਸ ਦੁਆਰਾ ਬੇਨਤੀ ਕਰਨ 'ਤੇ ਗੁਰੂ ਜੀ ਉਸ ਨੂੰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਆਦਿ ਸਿੱਖਾਂ ਨਾਲ ਆਗਰਾ ਵਿਚ ਮਿਲੇ। ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਭਾਈ ਦਇਆ ਸਿੰਘ ਨੂੰ ਬਹੁਤ ਹੀ ਜ਼ਿੰਮੇਵਾਰੀ ਵਾਲੇ ਕੰਮ ਸੌਂਪਦੇ ਰਹੇ। ਇਸੇ ਲਈ ਗੁਰੂ ਜੀ ਜਿੱਥੇ ਜ਼ਫ਼ਰਨਾਮਾ ਪਹੁੰਚਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਪੁਰਦ ਕਰਦੇ ਹਨ, ਉੱਥੇ ਜੰਗ ਲਈ ਉਨ੍ਹਾਂ ਦੀ ਅਗਵਾਈ ਵਿਚ ਸਿੰਘਾਂ ਨੂੰ ਵੀ ਭੇਜਦੇ ਹਨ। ਜਦੋਂ ਗੁਰੂ ਜੀ ਮਾਧੋ ਦਾਸ ਬੈਰਾਗੀ (ਬਾਬਾ ਬੰਦਾ ਸਿੰਘ ਬਹਾਦਰ) ਦੇ ਡੇਰੇ ਉੱਪਰ ਪਹੁੰਚਦੇ ਹਨ ਤਾਂ ਉਸ ਸਮੇਂ ਵੀ ਭਾਈ ਦਇਆ ਸਿੰਘ ਗੁਰੂ ਜੀ ਦੇ ਨਾਲ ਹੁੰਦੇ ਹਨ। ਮਾਧੋ ਦਾਸ ਨੂੰ ਖੰਡੇ ਦੀ ਪਾਹੁਲ ਦੇਣ ਤੋਂ ਪਹਿਲਾਂ ਭਾਈ ਦਇਆ ਸਿੰਘ ਉਸ ਨੂੰ ਤਿਆਰ ਹੋਣ ਲਈ ਕਹਿੰਦੇ ਹਨ।[੨੭]

ਭਾਈ ਦਇਆ ਸਿੰਘ ਦਾ ਅਕਾਲ ਚਲਾਣਾ ਨੰਦੇੜ ਵਿਖੇ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਦਇਆ ਸਿੰਘ ਸੰਮਤ ੧੭੬੫ ਨੂੰ ਅਬਿਚਲਨਗਰ ਵਿਖੇ ਅਕਾਲ ਚਲਾਣਾ ਕਰ ਗਏ।[੨੮] ਇਸ ਤਰ੍ਹਾਂ ਭਾਈ ਦਇਆ ਸਿੰਘ ਨੇ ਆਪਣਾ ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਵਿਚ ਬਿਤਾਇਆ। ਸਾਨੂੰ ਵੀ ਭਾਈ ਦਇਆ ਸਿੰਘ ਵਰਗੇ ਸਿੰਘਾਂ ਦੇ ਜੀਵਨ ਤੋਂ ਸੇਧ ਲੈ ਕੇ ਗੁਰੂ ਨੂੰ ਸਮਰਪਿਤ ਹੋ ਕੇ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

**ਹਵਾਲੇ**


੧. ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ*, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ੨੦੦੫, ਪੰਨਾ ੩੫੬.

੨. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼* (ਸੰਪਾ.) ਡਾ. ਬਲਵੰਤ ਸਿੰਘ (ਢਿੱਲੋਂ), ਸਿੰਘ ਬ੍ਰਦਰਜ਼ ਅੰਮ੍ਰਿਤਸਰ, ੨੦੦੪,ਪੰਨਾ ੩੪.

੩. ਡਾ. ਹਰਬੰਸ ਸਿੰਘ, *ਪੰਜ ਪਿਆਰੇ ਭਾਈ ਦਇਆ ਸਿੰਘ ਜੀ*, ਧਰਮ ਪ੍ਰਚਾਰ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ, ੧੯੯੬, ਪੰਨਾ ੪.

੪. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪੰਨਾ ੭੯੨

੫. ਡਾ. ਹਰਬੰਸ ਸਿੰਘ, *ਉਹੀ*, ਪੰਨਾ ੪.
੬. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ ੩੪.
੭. ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, (ਸੰਪਾ.) ਭਾਈ ਵੀਰ ਸਿੰਘ, ਜਿਲਦ ਬਾਰਵੀਂ, ਭਾਸ਼ਾ ਵਿਭਾਗ ਪੰਜਾਬ, ੨੦੧੧, ਰਿਤੂ ੩, ਅੰਸੂ ੧੭, ਪੰਨਾ ੫੦੪੯.
੮. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ ੬੨੧
੯. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (ਸੰਪਾ.), ਪਿਆਰਾ ਸਿੰਘ ਪਦਮ, ਪੰਨਾ ੧੨੪.
੧੦. ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਿਤੂ ੫ ਅੰਸੂ ੪੧, ਜਿਲਦ ਤੇਰਵੀਂ, ਪੰਨਾ ੫੬੫੦.
੧੧. *ਉਹੀ*, ਜਿਲਦ ਤੇਰਵੀਂ, ਪੰਨੇ ੫੬੫੦-੫੬੫੫.
੧੨. *ਉਹੀ*, ਜਿਲਦ ਤੇਰਵੀਂ, ਰਿਤੂ ੫ ਅੰਸੂ ੪੯, ਪੰਨਾ ੫੭੦੮ ਅਤੇ ਰਿਤੂ ੫ ਅੰਸੂ ੫੧, ਪੰਨਾ ੫੭੧੧.
੧੩. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨਾ ੧੫੨.
੧੪. Max Arthur Macauliffe, *The Sikh Religion, its Gurus, Sacred Writings And Authors,* Vol. V, S. Chand & Company LTD, New Delhi, p. 185.
੧੫. ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਦਵੀਂ, ਰੁਤ ੬, ਅੰਸੂ ੩੫, ਪੰਨਾ ੫੮੯੧.
੧੬. Harbans Singh, *Guru Gobind Singh,* Sterling Publishers, New Delhi, 1979, p. 78.
੧੭. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ ੫੯.
੧੮. ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ* (ਸੰਪਾ.), ਡਾ. ਗੰਡਾ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੬, ਪੰਨਾ ੧੩੫.
੧੯. *ਉਹੀ*, ਪੰਨਾ ੧੩੬.
੨੦. *ਉਹੀ*, ਪੰਨਾ ੧੪੦.
੨੧. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨਾ ੧੮੫.
੨੨. ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ*, ਪੰਨਾ ੧੩੭.
੨੩. Harbans Singh, The Encyclopaedia of Sikhism, Vol. I, p. 541.
੨੪. ਡਾ. ਹਰਬੰਸ ਸਿੰਘ, ਪੰਜ ਪਿਆਰੇ ਭਾਈ ਦਇਆ ਸਿੰਘ ਜੀ, ਪੰਨਾ ੧੮.
੨੫. ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ*, ਪੰਨਾ ੧੫੧.
੨੬. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨਾ ੧੯੯.
੨੭. *ਉਹੀ*, ਪੰਨਾ ੧੯੯.
੨੮. ਭਾਈ ਕਾਨ੍ਹ ਸਿੰਘ ਨਾਭਾ, *ਉਹੀ*, ਪੰਨਾ ੭੯੨.

# 'ਪ੍ਰੇਮ ਸੁਮਾਰਗ' ਵਿਚ ਸ਼ਖ਼ਸੀ ਰਹਿਤ

*-ਡਾ. ਤੇਜਿੰਦਰ ਪਾਲ ਸਿੰਘ**

ਸਿੱਖ ਇਤਿਹਾਸ, ਦਰਸ਼ਨ ਤੇ ਰਹਿਤ ਆਦਿ ਦੇ ਦੋ ਤਰ੍ਹਾਂ ਦੇ ਸਰੋਤ ਹਨ-ਮੁੱਢਲੇ ਤੇ ਗੌਣ। ਮੁੱਢਲੇ ਸਰੋਤਾਂ ਵਿਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ ਰਚਨਾਵਾਂ (ਵਾਰਾਂ ਤੇ ਕਬਿਤ ਸ੍ਵਯੇ) ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਨੂੰ ਰੱਖ ਸਕਦੇ ਹਾਂ। ਗੌਣ ਸਰੋਤਾਂ ਦੀ ਲੜੀ ਵਿਚ ੧੭ਵੀਂ-੧੯ਵੀਂ ਸਦੀ ਦੇ ਇਤਿਹਾਸਿਕ ਗ੍ਰੰਥ ਆ ਜਾਂਦੇ ਹਨ, ਜਿਵੇਂ ਗੁਰ-ਬਿਲਾਸ, ਜਨਮਸਾਖੀਆਂ, ਗੁਰ-ਪ੍ਰਣਾਲੀਆਂ, ਬੰਸਾਵਲੀਨਾਮਾ, ਮਹਿਮਾ ਪ੍ਰਕਾਸ਼, ਪੰਥ ਪ੍ਰਕਾਸ਼ ਅਤੇ ਰਹਿਤਨਾਮੇ ਆਦਿ।

ਗੌਣ ਸਰੋਤਾਂ ਦੀ ਸਿੱਖ ਸਾਹਿਤ-ਲੜੀ ਦਾ ਇਕ ਮਹੱਤਵਪੂਰਨ ਅੰਗ 'ਰਹਿਤਨਾਮਾ' ਸਾਹਿਤ ਹੈ। 'ਰਹਿਤਨਾਮਾ' ਸ਼ਬਦ ਵਿਸ਼ੇਸ਼ ਕਿਸਮ ਦੇ ਸਾਹਿਤ ਲਈ ਰੂੜ ਹੋ ਗਿਆ ਹੈ। ਇਹ ਉਨ੍ਹਾਂ ਗ੍ਰੰਥਾਂ ਜਾਂ ਲਿਖਤਾਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ, ਜਿਨ੍ਹਾਂ ਦਾ ਸਿੱਧਾ ਸਬੰਧ ਸਿੱਖ ਧਰਮ ਦੁਆਰਾ ਦ੍ਰਿੜ੍ਹ ਕਰਵਾਈ ਗਈ ਜੀਵਨ-ਜਾਚ ਨਾਲ ਹੈ। ਰਹਿਤਨਾਮਾ-ਸਾਹਿਤ ਦਾ ਪ੍ਰਮੁੱਖ ਵਿਸ਼ਾ ਸਿੱਖਾਂ ਦੀ ਜੀਵਨ-ਜਾਚ ਨੂੰ ਸਿਧਾਂਤਕ ਰੂਪ ਵਿਚ ਪੇਸ਼ ਕਰਨਾ ਹੈ। ਇਸ ਸਾਹਿਤ ਵਿਚ ਗੁਰਸਿੱਖਾਂ ਦੁਆਰਾ ਅਮਲੀ ਰੂਪ ਵਿਚ ਕੀਤੇ ਜਾਂਦੇ ਨਿੱਤ ਦੇ ਕਾਰ-ਵਿਹਾਰਾਂ ਨੂੰ ਸੂਤਰਬੱਧ ਕਰਨ ਦਾ ਜਤਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਿਰਜਣ ਉਪਰੰਤ ਵਿਸ਼ੇਸ਼ ਰੂਪ ਵਿਚ ਰਹਿਤ ਦ੍ਰਿੜ੍ਹ ਕਰਵਾਈ ਗਈ। ੧੮ਵੀਂ ਸਦੀ ਵਿਚ ਇਨ੍ਹਾਂ ਨਿਯਮਾਂ ਨੂੰ ਕ੍ਰਮਬਧ ਕਰਨ ਦੇ ਮੰਤਵ ਨਾਲ ਬਹੁਤ ਸਾਰੇ ਰਹਿਤਨਾਮੇ ਹੋਂਦ ਵਿਚ ਆਏ। ਗਿਣਤੀ ਪੱਖੋਂ ਰਹਿਤਨਾਮਾ ਸਾਹਿਤ ਵਿਚ ਸ਼ਾਮਲ ਕੀਤੇ ਜਾਂਦੇ ਗ੍ਰੰਥਾਂ ਦੀ ਸੂਚੀ ਬਹੁਤ ਜ਼ਿਆਦਾ ਲੰਮੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਿੱਖ ਧਰਮ ਦੇ ਮੁੱਖ ਰਹਿਤਨਾਮੇ ਹਨ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਜੀ, ਭਾਈ ਗੁਰਦਾਸ ਜੀ ਦੀ ਰਚਨਾ, ਭਾਈ ਨੰਦ ਲਾਲ ਜੀ ਦੀ ਰਚਨਾ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਗਿਆਨ ਰਤਨਾਵਲੀ, ਭਗਤ ਰਤਨਾਵਲੀ, ਸ੍ਰੀ ਸਰਬ ਲੋਹ ਗ੍ਰੰਥ, ਤਨਖਾਹਨਾਮਾ, ਚੌਪਾ ਸਿੰਘ ਦਾ ਰਹਿਤਨਾਮਾ, ਪ੍ਰਹਿਲਾਦ ਸਿੰਘ ਦਾ ਰਹਿਤਨਾਮਾ, ਪ੍ਰੇਮ ਸੁਮਾਰਗ, ਪ੍ਰਸ਼ਨੋਤਰ ਭਾਈ ਨੰਦ ਲਾਲ ਦਾ, ਦੇਸਾ ਸਿੰਘ ਦਾ ਰਹਿਤਨਾਮਾ, ਦਯਾ ਸਿੰਘ ਜੀ ਦਾ ਰਹਿਤਨਾਮਾ, ਸ੍ਰੀ ਗੁਰ ਸੋਭਾ, ਸਾਧ ਸੰਗਤ ਕੀ ਪ੍ਰਾਰਥਨਾ, ਰਤਨਮਾਲ (ਸੌ ਸਾਖੀ), ਵਾਜਿਬੁਲ ਅਰਜ਼, ਮਹਿਮਾ ਪ੍ਰਕਾਸ਼, ਗੁਰ ਬਿਲਾਸ ਪਾਤਸ਼ਾਹੀ, ਗੁਰ ਬਿਲਾਸ ਪਾਤਸ਼ਾਹੀ ੧੦, ਮੁਕਤਿਨਾਮਾ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਗੁਰ ਪਦ ਪ੍ਰੇਮ ਪ੍ਰਕਾਸ਼, ਵਿਮਲ ਬਿਬੇਕ ਵਾਰਿਧ ਅਤੇ ਖਾਲਸਾ ਸ਼ਤਕ।

**ਅਸਿਸਟੈਂਟ ਪ੍ਰੋਫ਼ੈਸਰ, ਯੂਨੀਵਰਸਿਟੀ ਕਾਲਜ ਮੀਰਾਂਪੁਰ (ਪਟਿਆਲਾ)- ੧੪੭੧੧੧; ਮੋ. +੯੧੯੯੮੮੦੦੪੭੩੩*

ਰਹਿਤਨਾਮਿਆਂ ਦੀ ਉਕਤ ਸੂਚੀ ਵਿੱਚੋਂ ਸਾਡਾ ਸਰੋਕਾਰ 'ਪ੍ਰੇਮ ਸੁਮਾਰਗ ਗ੍ਰੰਥ' ਨਾਲ ਹੈ। 'ਪ੍ਰੇਮ ਸੁਮਾਰਗ' ਇਕ ਪੁਰਾਤਨ ਗ੍ਰੰਥ ਹੈ, ਜਿਸ ਦਾ ਸਿਰਲੇਖ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ : ਪ੍ਰੇਮ ਅਤੇ ਸੁਮਾਰਗ। ਮਾਰਗ ਦਾ ਅਰਥ ਹੈ – ਰਸਤਾ ਜਾਂ ਪੰਥ। 'ਸ' ਅਗੇਤਰ ਲੱਗਣ ਨਾਲ ਇਸ ਦਾ ਅਰਥ ਸਹੀ ਰਸਤਾ ਜਾਂ ਸੁਹਾਵਨਾ ਰਾਹ ਬਣ ਜਾਂਦਾ ਹੈ, ਭਾਵ 'ਪ੍ਰੇਮ' ਦਾ ਸਹੀ ਰਸਤਾ। ਕਰਤਾ ਅਨੁਸਾਰ ਪ੍ਰੇਮ ਸੁਮਾਰਗ ਤੋਂ ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦ੍ਰਿੜ੍ਹ ਕਰਵਾਈ ਖਾਲਸਈ ਜੀਵਨ-ਜਾਚ ਹੈ। ਇਸ ਗ੍ਰੰਥ ਦਾ ਮੂਲ ਵਿਸ਼ਾ 'ਰਹਿਤ' ਹੈ। ਸਿੱਖ ਜੀਵਨ-ਜਾਚ ਨਾਲ ਸੰਬੰਧਿਤ ਹੋਣ ਕਾਰਨ ਇਸ ਗ੍ਰੰਥ ਦੇ ਸਿਰਲੇਖ ਦੀ ਵਿਆਖਿਆ ਇਉਂ ਕੀਤੀ ਜਾ ਸਕਦੀ ਹੈ : ਸਿੱਖੀ, ਪ੍ਰੇਮ ਦਾ ਸਹੀ ਰਸਤਾ ਹੈ। ਵਿਦਵਾਨਾਂ ਨੇ ਇਸ ਦਾ ਅੰਗਰੇਜ਼ੀ ਤਰਜ਼ਮਾ The Beautiful way of Love ਕੀਤਾ ਹੈ।[੧]

ਸਿਰਲੇਖ ਤੋਂ ਹੀ ਪਤਾ ਲਗਦਾ ਹੈ ਕਿ ਇਹ ਗ੍ਰੰਥ ਪ੍ਰੇਮ ਦੇ ਮਾਰਗ, ਭਾਵ ਰਸਤੇ ਦਾ ਲਖਾਇਕ ਹੈ। ਗ੍ਰੰਥ-ਕਰਤਾ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਹੈ, ਇਸ ਗੱਲ ਤੋਂ ਭਲੀ ਭਾਂਤ ਵਾਕਫ ਹੈ ਕਿ ਗੁਰੂ ਸਾਹਿਬ ਆਪਣੇ ਸਿੰਘਾਂ ਨਾਲ ਕਿੰਨਾ ਪ੍ਰੇਮ ਕਰਦੇ ਸਨ ਤੇ ਪ੍ਰੇਮ ਨੂੰ ਹੀ ਗੁਰੂ ਸਾਹਿਬ ਨੇ ਅਕਾਲ ਪੁਰਖ ਨਾਲ ਮਿਲਾਪ ਦਾ ਸਾਧਨ ਦੱਸਿਆ ਹੈ:

*ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥*[੨]

ਕਰਤਾ ਅਨੁਸਾਰ ਗੁਰੂ ਨਾਲ ਸਿੱਖ ਦਾ ਪ੍ਰੇਮ ਤਾਂ ਹੀ ਬਣ ਸਕਦਾ ਹੈ, ਜੇਕਰ ਉਹ ਬਾਣੀ/ਸ਼ਬਦ ਨਾਲ ਪਿਆਰ ਰੱਖੇ। ਇਹ ਪਿਆਰ ਅਜਿਹਾ ਹੋਣਾ ਚਾਹੀਦਾ ਹੈ ਜਿਵੇਂ ਚੰਦ ਨਾਲ ਚਕੋਰ ਦਾ ਪਿਆਰ ਹੈ; ਦੀਪਕ ਨਾਲ ਪਤੰਗੇ ਦਾ; ਲੋਭੀ ਦਾ ਮਾਲ ਨਾਲ; ਭੁੱਖ ਦਾ ਸਵਾਦ ਨਾਲ; ਕੀੜੀਆਂ ਦਾ ਦਲ ਨਾਲ ਅਤੇ ਚੁੰਬਕ ਦਾ ਲੋਹੇ ਨਾਲ ਹੈ। ਅਜਿਹੀ ਪ੍ਰੀਤ ਸਿੱਖ ਨੇ ਸਬਦ ਗੁਰੂ ਦੇ 'ਚਰਨ ਕੰਵਲ', 'ਦਰਸ਼ਨ' ਅਤੇ 'ਨਾਮ' ਨਾਲ ਕਰਨੀ ਹੈ।

ਗ੍ਰੰਥ ਦੀ ਅੰਦਰੂਨੀ ਗਵਾਹੀ ਅਨੁਸਾਰ ਇਹ ਗ੍ਰੰਥ ਕਿਸੇ ਕਵਿਤਾ ਵਿਚ ਲਿਖੇ 'ਰਹਿਤਨਾਮੇ' ਦਾ ਵਾਰਤਕ ਰੂਪ ਹੈ।[੩] ਇਸ ਦਾ ਸੰਪਾਦਨ ਭਾਈ ਰਣਧੀਰ ਸਿੰਘ ਜੀ ਨੇ ੧੯੫੩ ਈ. ਵਿਚ ਕੀਤਾ, ਜਿਸ ਦੇ ਮੁੱਢਲੇ ਸ਼ਬਦ ਡਾ. ਗੰਡਾ ਸਿੰਘ ਜੀ ਦੁਆਰਾ ਲਿਖੇ ਮਿਲਦੇ ਹਨ।

ਇਸ ਪਰਚੇ ਲਈ ਪ੍ਰੇਮ ਸੁਮਾਰਗ ਗ੍ਰੰਥ ਦੀ ਤੀਜੀ ਛਾਪ (੨੦੦੦ ਈ.) ਨੂੰ ਆਧਾਰ ਬਣਾਇਆ ਗਿਆ ਹੈ, ਜਿਹੜੀ ਕਿ ਨਿਊ ਬੁੱਕ ਕੰਪਨੀ, ਜਲੰਧਰ ਨੇ ਪ੍ਰਕਾਸ਼ਿਤ ਕੀਤੀ ਹੈ। ਪਰਚੇ ਦਾ ਮੁੱਖ ਉਦੇਸ਼ ਪ੍ਰੇਮ ਸੁਮਾਰਗ ਗ੍ਰੰਥ ਦੇ ਹਵਾਲੇ ਨਾਲ ਸ਼ਖ਼ਸੀ ਰਹਿਤ ਦ੍ਰਿੜ੍ਹ ਕਰਵਾਉਣਾ ਹੈ, ਪਰੰਤੂ ਇਸ ਦੀ ਪਿਠ-ਭੂਮੀ ਵਜੋਂ ਗ੍ਰੰਥ ਦਾ ਨਾਮਕਰਨ, ਕਰਤਾ, ਰਚਨਾਕਾਲ ਅਤੇ ਵਿਸ਼ਾ-ਵਸਤੂ ਆਦਿ ਬਾਰੇ ਸੰਖੇਪ ਵਿਚਾਰ ਦਿੱਤੀ ਗਈ ਹੈ :

**ਨਾਮਕਰਨ**

ਪ੍ਰੇਮ ਸੁਮਾਰਗ ਤੋਂ ਬਿਨਾਂ ਗ੍ਰੰਥ-ਕਰਤਾ ਨੇ ਇਸ ਦਾ ਨਾਮ 'ਸਹਜ ਜੋਗ' ਵੀ ਦਰਸਾਇਆ ਹੈ। 'ਸਹਜ ਜੋਗ' ਦੀ ਸੰਗਿਆ ਦਿੰਦੇ ਹੋਏ ਕਰਤਾ ਇਸ ਨੂੰ ਹੁਕਮ ਨਾਲ ਜੋੜਦਾ ਹੈ, ਜਿਸ ਦੀ ਵਿਆਖਿਆ ਉਹ 'ਨਾਮ' ਅਥਵਾ 'ਏਕ ਨਾਮ' ਵਜੋਂ ਕਰਦਾ ਹੈ।[੪] ਕਰਤਾ ਅਨੁਸਾਰ ਅਕਾਲ ਪੁਰਖ ਵਾਹਿਗੁਰੂ ਦੇ ਭਾਣੇ ਵਿਚ ਚੱਲਣ ਵਾਲੇ ਸਿੱਖ ਨੂੰ 'ਮਸਤ' ਕਿਹਾ ਗਿਆ ਹੈ ਅਤੇ ਹਾਲ (ਭਾਣੇ) ਵਿਚ ਰਹਿਣ ਵਾਲੇ ਸਿੱਖ ਨੂੰ ਕਿਸੇ ਪ੍ਰਕਾਰ ਦਾ ਭਉ ਨਹੀਂ ਵਿਆਪਦਾ।

'ਪ੍ਰੇਮ ਸੁਮਾਰਗ ਗ੍ਰੰਥ' ਦਾ ਇਕ ਹੋਰ ਨਾਮ 'ਪਰਮ ਮਾਰਗ' ਵੀ ਹੈ। ਗ੍ਰੰਥ ਦੇ ਅੰਤਿਮ ਦਸਵੇਂ ਅਧਿਆਇ ਦੇ ਸਮਾਪਤੀ ਵਾਲੇ ਖਸਟਮ ਬਚਨ ਵਿਚ ਕਰਤਾ ਨੇ ਉਕਤ ਨਾਮ, ਪਰਮ ਮਾਰਗ ਇਉਂ ਅੰਕਿਤ ਕੀਤਾ ਹੈ :

*ਇਤਿ ਸ੍ਰੀ ਪਰਮ ਮਾਰਗ ਗਿਰੰਥੇ ਅਧਿਆਇ ਦਸਮੋ॥*
*'ਸਹਜ ਜੋਗ' ਨਾਮ ਸਮਾਪਤੰ ਸੰਪੂਰਣੰ ਸੁਭੰਗ ਭੁਯਾਤ॥...*[੫]

ਦਿਲਚਸਪੀ ਦੀ ਗੱਲ ਇਹ ਹੈ ਕਿ ਕਰਤਾ ਨੇ ਗ੍ਰੰਥ ਦੇ ਬਚਨਾਂ ਨੂੰ ਹਰ ਕਿਸੇ ਮਨੁੱਖ ਦੇ ਸਨਮੁਖ ਪੜ੍ਹਣ ਜਾਂ ਸੁਨਾਉਣ ਲਈ ਵਰਜਿਤ ਕੀਤਾ ਹੈ। ਉਸ ਅਨੁਸਾਰ ਇਸ ਗ੍ਰੰਥ ਦੇ ਪ੍ਰਵਚਨ ਕੇਵਲ ਉੱਥੇ ਸੁਣਾਉਣੇ ਚਾਹੀਦੇ ਹਨ ਜਿੱਥੇ ਕੋਈ ਪ੍ਰੇਮ ਨਾਲ ਸੁਣੇ। ਸੁਣ ਕੇ ਆਪਣੇ ਮਨ ਵਿਚ ਇਨ੍ਹਾਂ ਪ੍ਰਤੀ ਪ੍ਰੀਤ ਉਪਜਾਵੇ। ਹਰੇਕ ਕੋਲ ਨਾ ਸੁਨਾਉਣ ਦੀ ਤਾਕੀਦ ਤਾਂ ਕੀਤੀ ਗਈ ਹੈ, ਕਿਉਂਕਿ ਕਈ ਵਾਰ ਸੁਣਨ ਵਾਲਾ ਮਨੁੱਖ ਸ਼ੰਕਾ ਕਰ ਲੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਅਕਾਲ ਪੁਰਖ ਤੋਂ ਬੇਮੁਖ ਹੋ ਜਾਂਦਾ ਹੈ।[੬]

**ਰਚਨਾਕਾਰ**

ਪ੍ਰੇਮ ਸੁਮਾਰਗ ਗ੍ਰੰਥ ਦੇ ਕਰਤੇ ਬਾਰੇ ਕਈ ਤਰ੍ਹਾਂ ਦੇ ਮਤਭੇਦ ਹਨ। ਇਸ ਗ੍ਰੰਥ ਦੇ ਪੁਰਾਤਨ ਹੱਥ-ਲਿਖਤ ਖਰੜਿਆਂ ਦੇ ਅਰੰਭ ਵਿਚ 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਲਿਖਿਆ ਹੋਣ ਕਾਰਨ ਅਤੇ ਇਸ ਦੇ ਪ੍ਰਕਾਸ਼ਿਤ ਰੂਪ ਵਿਚ ਵੀ ਸਿਰਲੇਖ ਹੇਠ 'ਪਾਤਸ਼ਾਹੀ ਦਸਵੀਂ' ਲਿਖੇ ਜਾਣ ਕਾਰਨ, ਇਸ ਨੂੰ ਦਸਵੇਂ ਪਾਤਸ਼ਾਹ ਦੀ ਰਚਨਾ ਮੰਨਿਆ ਗਿਆ ਹੈ। ਇਸੇ ਤਰ੍ਹਾਂ ਗ੍ਰੰਥ ਦੇ ਅਰੰਭ ਵਿਚ ਲਿਖਿਆ ਮਿਲਦਾ ਹੈ :

*ਅਥ ਪ੍ਰੇਮ ਸੁਮਾਰਗ ਗ੍ਰੰਥ ਲਖਯਤੇ ਪਾਤਿਸਾਹੀ ੧੦॥ ਤ੍ਵ ਪ੍ਰਸਾਦਿ*
*ਆਗਿਆ ਸ੍ਰੀ ਅਕਾਲਪੁਰਖ ਜੀ ਕੀ ਸਿਉ*[੭]

ਪਰੰਤੂ ਇਸ ਤੋਂ ਭਾਵ ਇਹ ਨਹੀਂ ਕਿ ਇਸ ਗ੍ਰੰਥ ਦੇ ਰਚਨਾਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਇਸ ਤੱਥ ਦੀ ਪੁਸ਼ਟੀ ਗ੍ਰੰਥ ਵਿਚਲੇ 'ਪਾਠ' ਤੋਂ ਵੀ ਹੋ ਜਾਂਦੀ ਹੈ, ਜਿਸ ਵਿਚ ਸਪਸ਼ਟ ਲਿਖਿਆ ਹੈ ਕਿ :-

*ਸਹੰਸ ਬਾਤ ਕੀ ਇਹ ਏਕੁ ਹੀ ਬਾਤ ਹੈ ਜੋ ਬਿਰਦੁ ਜਾਨ ਕੈ ਸਤਿਗੁਰੂ ਜੀ ਨੇ ਕਹੀ ਹੈ। ਤਬ ਬਿਰਦੁ ਜਾਨ ਕੈ ਦਸ ਜਾਮੇ ਇਨ੍ਹਾਂ ਜੀਆਂ ਦੇ ਵਾਸਤੇ ਸਤਿਗੁਰੁ ਪੈਧੇ ਸੇ; ਜੋ ਇਨ ਜੀਆ ਕੀ ਪਾਰਗਿਰਾਮੀ ਹੋਵੈ।*[੮]

**ਰਚਨਾ-ਕਾਲ**

ਪ੍ਰੇਮ ਸੁਮਾਰਗ ਦੇ ਰਚਨਾ-ਕਾਲ ਬਾਰੇ ਵਿਦਵਾਨ ਇਕ ਮਤ ਨਹੀਂ ਹਨ। ਪ੍ਰੋ. ਮੋਹਨ ਸਿੰਘ ਦੀਵਾਨਾ ਨੇ ਇਸ ਦਾ ਰਚਨਾ-ਕਾਲ ਪਿਛਲੇਰਾ ਮੁਗ਼ਲ-ਕਾਲ (ਔਰੰਗਜ਼ੇਬ ਤੋਂ ਬਾਅਦ) ਦੱਸਿਆ ਹੈ।[੯] ਡਾ. ਪਿਆਰ ਸਿੰਘ ਅਨੁਸਾਰ ਇਹ ਰਚਨਾ ਮਹਾਰਾਜਾ ਰਣਜੀਤ ਸਿੰਘ ਕਾਲ (੧੭੯੯-੧੮੩੯) ਦੀ ਹੈ।[੧੦] ਇਸ ਰਚਨਾ ਦੇ ਸੰਪਾਦਕ ਭਾਈ ਰਣਧੀਰ ਸਿੰਘ ਇਸ ਗ੍ਰੰਥ ਨੂੰ ੧੮ਵੀਂ ਸਦੀ ਦੀ ਰਚਨਾ ਮੰਨਦੇ ਹਨ, ਜੋ ਕਿ ਸਹੀ ਹੈ। ਇਸ ਬਾਰੇ ਡਾ. ਸ.ਸ. ਕੋਹਲੀ ਦਾ ਵਿਚਾਰ ਹੈ ਕਿ ਇਹ ੧੭੦੦-੩੫ ਵਿਚ ਰਚਿਆ ਗਿਆ। ਪਿਆਰਾ ਸਿੰਘ ਪਦਮ ਨੇ ਇਸ ਨੂੰ ੧੭੬੫ ਦੇ ਪਿੱਛੋਂ ਦੀ ਰਚਨਾ ਮੰਨਿਆ ਹੈ। ਭਾਈ ਰਣਧੀਰ ਸਿੰਘ ਨੇ ਇਸ ਦੇ ਰਚੈਤਾ ਨੂੰ ਅਗਿਆਤ ਮੰਨ ਕੇ ਇਸ ਦਾ ਸਮਾਂ ਸੰਮਤ ਸਤਾਰਾਂ ਸੌ ਪੈਂਹਠ ਤੋਂ ਅਠਾਰਾਂ ਸੌ ਸੋਲਾ ਬਿਕ੍ਰਮੀ (੧੭੦੮-੫੯ ਈ.) ਦੱਸਿਆ ਹੈ,[੧੧] ਜਦੋਂ ਕਿ ਭਾਈ ਕਾਨ੍ਹ ਨਾਭਾ ਨੇ ਇਸ ਦਾ ਰਚਨਾ-ਕਾਲ ੧੮੮੦-੮੫ ਬਿ. ਮੰਨਿਆ ਹੈ।[੧੨] ਇਸ ਰਚਨਾ ਦੇ ਸਮੇਂ ਨੂੰ ਡਾ. ਮੋਹਨ ਸਿੰਘ ਨੇ ਪ੍ਰੇਮ ਸੁਮਾਰਗ ਕਾਲ ਕਿਹਾ ਹੈ,[੧੩] ਕਿਉਂਕਿ ਇਸ ਵੰਨਗੀ ਦੀਆਂ ਰਚਨਾਵਾਂ 'ਪ੍ਰੇਮ ਸੁਮਾਰਗ' ਦੇ ਸਮੇਂ ਹੋਂਦ ਵਿਚ ਆਈਆਂ। ਜ਼ਿਕਰਯੋਗ ਹੈ ਕਿ ਕਰਤਾ ਨੇ ਗ੍ਰੰਥ ਸਾਹਿਬ ਲਈ ਪੋਥੀ ਸ਼ਬਦ ਵਰਤਿਆ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰੇਮ ਸੁਮਾਰਗ ਦੀ ਰਚਨਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਗੁਰਿਆਈ ਮਿਲਣ ਤੋਂ ਪਹਿਲਾਂ ਹੋ ਚੁਕੀ ਸੀ। ਬੇਸ਼ੱਕ ਅਸੀਂ ਪ੍ਰੇਮ ਸੁਮਾਰਗ ਦਾ ਰਚਨਾ-ਸਮਾਂ ਨਿਸ਼ਚਿਤ ਨਹੀਂ ਕਰ ਸਕਦੇ, ਪਰੰਤੂ ਇਹ ਗੱਲ ਯਕੀਨਨ ਕਹੀ ਜਾ ਸਕਦੀ ਹੈ ਕਿ ਇਸ ਦੀ ਰਚਨਾ ਅਠਾਰ੍ਹਵੀਂ ਸਦੀ ਵਿਚ ਹੋਈ।

**ਬਣਤਰ**

ਪ੍ਰੇਮ ਸੁਮਾਰਗ ਦੇ ਕੁੱਲ ਦਸ ਅਧਿਆਇ ਹਨ, ਜਿਨ੍ਹਾਂ ਨੂੰ 'ਧਿਆਉ' ਦੀ ਸੰਗਿਆ ਦਿੱਤੀ ਗਈ ਹੈ। ਹਰੇਕ ਅਧਿਆਇ ਅੱਗੋਂ ਕਈ 'ਬਚਨਾਂ' ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਦੀ ਕੁੱਲ ਗਿਣਤੀ ੯੨ ਹੈ। ਹਰੇਕ 'ਬਚਨ' ਦਾ ਆਪਣਾ ਪ੍ਰਕਰਨ ਹੈ, ਜਿਨ੍ਹਾਂ ਵਿੱਚੋਂ ਕੁਝ ਦਾ ਵੇਰਵਾ ਇਸ ਪ੍ਰਕਾਰ ਹੈ : ਨਿਤ ਕ੍ਰਿਆ (ਰਹਿਤ); ਅੰਮ੍ਰਿਤ ਛਕਾਉਣ ਦੀ ਬਿਧਿ; ਅਰਦਾਸ ਕਰਨ ਦੀ ਬਿਧਿ; ਜਨਮ, ਵਿਆਹ ਤੇ ਮਿਰਤਕ ਸੰਸਕਾਰ; ਸੰਜੋਗ (ਵਿਆਹ) ਕੀ ਬਿਧਿ; ਸੰਤਾਨ ਬਾਰੇ; ਲੰਗਰ ਬਾਰੇ ਨਿਯਮ; ਘਰ ਬਾਰੇ; ਕਿਰਤ; ਖਾਣ-ਪੀਣ ਦੀ ਬਿਧਿ; ਖਾਲਸਾ-ਰਾਜ ਵਿਧਾਨ ਅਤੇ ਨਿਆਂ ਪ੍ਰਬੰਧ ਆਦਿ।

ਉਕਤ ਵਿਸ਼ਿਆਂ ਨੂੰ ਹੇਠ ਲਿਖੇ ਦਸ ਅਧਿਆਇਆਂ ਵਿਚ ਵੰਡਿਆ ਗਿਆ ਹੈ:-

*ਧਿਆਉ ਪਹਿਲਾ : ਉਪਦੇਸ਼ ਬੰਦਗੀ ਸਿਮਰਨ ਕੀ ਰਹਿਤ*
*ਧਿਆਉ ਦੁਤੀਆ : ਨਾਮ ਦਾਨ ਸਿੱਖੀ ਅਕਾਲ ਪੁਰਖੁ ਜੀ ਦਾ*
*ਧਿਆਉ ਤ੍ਰਿਤੀਆ : ਜਨਮ ਕਾ*

*ਧਿਆਉ ਚਤੁਰਥ : ਸੰਜੋਗ ਬਿਆਹ ਕਾ*
*ਧਿਆਉ ਪੰਜਵਾਂ : ਪ੍ਰਸਾਦਿ ਖਾਣੇ ਕੀ ਬਿਧਿ-ਜੁਗਤਿ ਰਹਿਤ ਦਾ*
*ਧਿਆਉ ਛਟਵਾਂ : ਦੇਹੀ ਦੀ ਰਹਿਤ ਕ੍ਰਿਤ ਦਾ*
*ਧਿਆਉ ਸਤਵਾਂ : ਜੁਗਤਿ ਕ੍ਰਿਆ ਚਲਨੇ ਮ੍ਰਿਤ ਲੋਕ ਤੇ*
*ਧਿਆਉ ਅਠਵਾਂ : ਰਾਮ ਲਛਣ ਮਾਰਗ ਕਾ*
*ਧਿਆਉ ਨਉਵਾਂ : ਨਿਆਉਕਰਣ ਪ੍ਰਜਾ ਕੇ ਨਮਿਤ*
*ਧਿਆਉ ਦਸਮੋ : ਸਹਜ ਜੋਗ ਮਾਰਗ ਕਾ*

**ਵਿਸ਼ਾ-ਵਸਤੂ**

ਪ੍ਰੇਮ ਸੁਮਾਰਗ ਦਾ ਪ੍ਰਮੁੱਖ ਵਿਸ਼ਾ 'ਰਹਿਤ' ਹੈ। ਕਰਤਾ ਦਾ ਮਨੋਰਥ ਗੁਰਸਿੱਖਾਂ ਨੂੰ ਰੋਜ਼ਾਨਾ ਜੀਵਨ ਵਿਚਲੀ 'ਰਹਿਤ' ਦ੍ਰਿੜ੍ਹ ਕਰਵਾਉਣਾ ਹੈ। ਗੁਰਸਿੱਖ ਨੂੰ ਆਪਣੇ ਜੀਵਨ ਵਿਚ ਕਈ ਤਰ੍ਹਾਂ ਦੇ ਕਾਰਜ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ ਅਤੇ ਕਈ ਕੰਮਾਂ ਤੋਂ ਵਰਜਿਆ ਗਿਆ ਹੈ। ਸੰਖੇਪ ਵਿਚ ਕਿਹਾ ਜਾਵੇ ਤਾਂ ਇਸ ਗ੍ਰੰਥ ਵਿਚ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤਕ, ਜ਼ਿੰਦਗੀ ਦੇ ਸਾਰੇ ਪੜਾਵਾਂ ਸਬੰਧੀ 'ਰਹਿਤ' ਦਰਸਾਈ ਗਈ ਹੈ। ਜ਼ਿਕਰਯੋਗ ਹੈ ਕਿ ਕਰਤਾ ਨੇ ਮਨੁੱਖਾ ਜੀਵਨ ਦੇ ਪਰਵਾਰਿਕ, ਸਮਾਜਿਕ, ਆਰਥਿਕ, ਰਾਜਨੀਤਿਕ ਆਦਿ ਪੱਖਾਂ ਦਾ ਵਰਣਨ ਕਰਦੇ ਹੋਏ ਅਧਿਆਤਮਿਕ ਪੱਖ ਨੂੰ ਸਰਵ-ਉੱਚ ਰੱਖਿਆ ਹੈ। ਉਸ ਨੇ ਹਰੇਕ ਪੱਖ ਤੋਂ ਰਹਿਤ ਦ੍ਰਿੜ੍ਹ ਕਰਵਾਉਂਦੇ ਹੋਏ 'ਬਾਣੀ' ਪੜ੍ਹਨ ਦੀ ਪ੍ਰੇਰਨਾ ਨਾਲੋ-ਨਾਲ ਦਿੱਤੀ ਹੈ। ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਗ੍ਰੰਥ-ਕਰਤਾ ਦਾ ਉਦੇਸ਼ ਜਿੱਥੇ ਜੀਵਨ-ਜਾਚ ਦ੍ਰਿੜ੍ਹ ਕਰਵਾਉਣਾ ਹੈ, ਉੱਥੇ ਉਹ ਗੁਰਸਿੱਖਾਂ ਨੂੰ ਬਾਣੀ ਨਾਲ ਵੀ ਜੋੜਨਾ ਚਾਹੁੰਦਾ ਹੈ। ਅਸਲ ਵਿਚ 'ਬਾਣੀ' ਦੀ ਓਟ ਨਾਲ ਹੀ ਸਰੀਰਕ ਰਹਿਤ ਰੱਖੀ ਜਾ ਸਕਦੀ ਹੈ, ਨਹੀਂ ਤਾਂ ਕਈ ਵਾਰ ਇਹ ਫੋਕਟ ਕਰਮ-ਕਾਂਡ ਵੀ ਬਣ ਜਾਂਦੀ ਹੈ।

**ਪ੍ਰੇਮ ਸੁਮਾਰਗ ਵਿਚ ਸ਼ਖ਼ਸੀ ਰਹਿਤ**

'ਰਹਿਤ' ਸ਼ਬਦ ਪੰਜਾਬੀ ਭਾਸ਼ਾ ਦੇ ਸ਼ਬਦ 'ਰਹਿਣਾ' ਤੋਂ ਬਣਿਆ ਹੈ ਜਿਸ ਦੇ ਅਰਥ ਹਨ, ਰਹਿਣ ਦੀ ਕਿਰਿਆ। ਰਹਿਤ ਦੁਨੀਆ ਦੇ ਹਰੇਕ ਧਰਮ ਦਾ ਵਿਲੱਖਣ ਅਤੇ ਅਟੁੱਟ ਅੰਗ ਹੁੰਦਾ ਹੈ। ਮੂਲ ਰੂਪ ਵਿਚ ਰਹਿਤ ਦਾ ਸਬੰਧ ਗੁਰੂ ਦੀ ਸਿੱਖਿਆ ਨਾਲ ਹੈ। ਅਸਲ ਵਿਚ ਸਿੱਖ ਉਹ ਹੀ ਹੈ ਜਿਹੜਾ ਆਪਣੀ ਰਹਿਣੀ, ਬਹਿਣੀ, ਕਹਿਣੀ ਅਤੇ ਸਹਿਣੀ ਗੁਰੂ ਦੀ ਸਿੱਖਿਆ ਅਨੁਸਾਰ ਬਣਾ ਲਵੇ। ਇਸ ਪ੍ਰਥਾਇ ਗੁਰ ਫੁਰਮਾਨ ਹੈ :

*ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥*
*ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥*
*ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ॥*[੧੪]

ਰਹਿਤ, ਇਕ ਨਿਯਮਬੱਧ ਧਾਰਮਿਕ ਅਤੇ ਸਮਾਜਿਕ ਜੀਵਨ ਜਿਊਣ ਦਾ ਤਰੀਕਾ ਵੀ ਹੈ, ਜਿਸ ਨਾਲ ਗੁਰਸਿੱਖ ਵਿਕਾਰਾਂ ਤੋਂ ਬਚ ਕੇ ਆਤਮਿਕ ਉੱਨਤੀ ਪ੍ਰਾਪਤ ਕਰਦਾ

ਹੈ। ਇਸ ਪ੍ਰਥਾਇ ਬਾਵਨ ਅਖਰੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜਾ ਜੀਵ ਪੂਰੇ ਗੁਰੂ ਦੇ ਹੁਕਮਾਂ ਦੀ ਰਹਿਤ ਵਿਚ ਰਹੇਗਾ, ਉਸ ਦੇ ਸਾਰੇ ਵਿਕਾਰ ਰਹਿੰਦੇ ਰਹਿੰਦੇ ਰਹਿ ਜਾਣਗੇ, ਭਾਵ ਘਟਦੇ-ਘਟਦੇ ਖਤਮ ਹੋ ਜਾਣਗੇ :

*ਰਹਤ ਰਹਤ ਰਹਿ ਜਾਹਿ ਬਿਕਾਰਾ॥*
*ਗੁਰ ਪੂਰੇ ਕੈ ਸਬਦਿ ਅਪਾਰਾ॥...*[੧੫]

ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਿੱਖ ਸਿਧਾਂਤਾਂ ਦਾ ਆਧਾਰ ਹੈ। ਗੁਰਬਾਣੀ ਦੀ ਕਸਵੱਟੀ ਉੱਤੇ ਹੀ ਧਾਰਮਿਕ ਸਾਹਿਤ ਨੂੰ ਪਰਖਿਆ ਜਾਂਦਾ ਹੈ। ਸਿੱਖ ਰਹਿਤ ਦਾ ਅਰੰਭ ਵੀ ਗੁਰਬਾਣੀ ਤੋਂ ਹੀ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਲੋਕਾਈ ਦਾ ਭਲਾ ਕਰਨ ਹਿੱਤ ਜਿੱਥੇ ਵੀ ਗਏ ਉਨ੍ਹਾਂ ਨੇ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਦੀ ਬਾਣੀ ਵਿੱਚੋਂ ਇਸ ਤਰ੍ਹਾਂ ਦੀ ਰਹਿਤ ਦੇ ਦਰਸ਼ਨ ਹੁੰਦੇ ਹਨ :

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*[੧੬]

ਅਥਵਾ :

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*[੧੭]

ਸਿੱਖ ਪੰਥ ਵੱਲੋਂ ਸਰਬ-ਪ੍ਰਵਾਨਿਤ ਰਹਿਤ ਮਰਯਾਦਾ, ਭਾਵ ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੀ ਦੋ ਪ੍ਰਕਾਰ ਦੀ ਰਹਿਤ ਦਾ ਵਰਣਨ ਮਿਲਦਾ ਹੈ : ਸ਼ਖ਼ਸੀ ਤੇ ਪੰਥਕ। ਸ਼ਖ਼ਸੀ ਰਹਿਣੀ ਦਾ ਸੰਬੰਧ ਅੰਦਰੂਨੀ ਜਾਂ ਰੂਹਾਨੀ ਰਹਿਤ ਨਾਲ ਹੈ ਅਤੇ ਪੰਥਕ ਰਹਿਣੀ ਦਾ ਸਰੋਕਾਰ ਬਾਹਰੀ ਕਿਰਿਆ ਜਾਂ ਸਿੱਖ ਪੰਥ ਦੇ ਜਥੇਬੰਦਕ ਢਾਂਚੇ ਨਾਲ ਹੈ। ਰਹਿਤ ਦੇ ਇਹ ਦੋਵੇਂ ਪੱਖ ਇਕ ਦੂਜੇ ਦੇ ਪੂਰਕ ਹਨ। ਅੰਦਰੂਨੀ ਰਹਿਤ ਤੋਂ ਹੀਨੀ ਬਾਹਰੀ ਰਹਿਤ ਕੇਵਲ ਕਰਮ-ਕਾਂਡ ਬਣ ਕੇ ਰਹਿ ਜਾਂਦੀ ਹੈ ਅਤੇ ਪੰਥਕ ਜਜ਼ਬੇ ਤੋਂ ਬਿਨਾਂ ਅੰਦਰੂਨੀ ਰਹਿਤ ਕਿਸੇ ਕੰਮ ਦੀ ਨਹੀਂ।

ਪ੍ਰੇਮ ਸੁਮਾਰਗ ਦੇ ਪ੍ਰਥਮ ਅਧਿਆਇ ਦੇ ਸਿਰਲੇਖ 'ਉਪਦੇਸ ਬੰਦਗੀ ਸਿਮਰਨ ਕੀ ਰਹਿਤ ਕਾ ਚਲਿਆ' ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਗ੍ਰੰਥ ਦਾ ਸਰੋਕਾਰ ਜਿੱਥੇ ਬਾਹਰਲੀ ਰਹਿਤ ਦ੍ਰਿੜ ਕਰਵਾਉਣਾ ਹੈ, ਉੱਥੇ ਇਸ ਦਾ ਸਿੱਧਾ ਸਬੰਧ ਅੰਦਰੂਨੀ ਰਹਿਤ ਨਾਲ ਵੀ ਹੈ। ਜ਼ਿਕਰਯੋਗ ਹੈ ਕਿ ਬਾਹਰੀ ਰਹਿਤ 'ਵਾੜ' ਦੀ ਨਿਆਈ ਹੁੰਦੀ ਹੈ, ਜਿਹੜੀ ਅੰਦਰੂਨੀ ਰਹਿਤ ਰੱਖਣ ਸਦਕਾ ਇਕਠੇ ਕੀਤੇ 'ਰਤਨ-ਜਵਾਹਰ-ਮਾਣਿਕ' ਦੀ ਰੱਖਿਆ ਕਰਦੀ ਹੈ।

ਗ੍ਰੰਥ ਕਰਤਾ ਪਹਿਲੇ ਅਧਿਆਇ ਵਿਚ ਮੰਗਲਾਚਰਣ ਵਜੋਂ ਸ੍ਰੀ ਅਕਾਲ ਪੁਰਖ ਜੀ ਤੋਂ ਆਗਿਆ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਦੀ ਜਾਚਨਾ ਕਰਦਾ ਹੋਇਆ ਦੱਸਦਾ ਹੈ ਕਿ ਪਰਮਾਤਮਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਰੂਪ

ਬਣਾ ਕੇ ਸੰਸਾਰ ਵਿਚ ਪੰਥ ਪ੍ਰਚੁਰ ਕਰਨ ਲਈ ਭੇਜਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆ ਕੇ ਧਰਮ ਦਾ ਪ੍ਰਕਾਸ਼ ਕਰ ਕੇ ਕੁਬੁਧੀ ਦਾ ਨਾਸ਼ ਕੀਤਾ ਅਤੇ ਸਬੁਧਿ ਦਾ ਪ੍ਰਗਾਸ ਕੀਤਾ।[੧੮] ਅਕਾਲ ਪੁਰਖ ਸਰਬਤ ਖਲਕਤ ਦਾ ਖਾਲਕ ਹੈ ਅਤੇ ਖਾਲਸਾ ਪੰਥ ਦਾ ਸਿਰਜਣਹਾਰ ਹੈ, ਉਸ ਨੇ ਆਪਣੇ ਰੂਪ ਤੋਂ ਹੀ ਇਸ ਨੂੰ ਬਣਾਇਆ ਹੈ:

*ਅਕਾਲ ਪੁਰਖ ਵਾਚ ... ਹੇ ਪੁਤਰ! ਤੇਰਾ ਰੂਪ ਮੈਂ ਅਪਨੇ ਰੂਪ ਤੇ ਸਾਜਿ ਸਵਾਰਿ ਨਿਵਾਜਿਆ ਹੈ!... ਕਿਉਂ ਜੋ ਪੰਥ ਮੈਂ ਪ੍ਰਗਟ ਕੀਤਾ ਹੈ... ਅਰੁ ਮੈਂ ਜੋ ਹੌਂ ਪਰਮ ਪੁਰਖੁ, ਸੋ ਸਭ ਘਟਿ ਬਿਖੈ ਬਿਆਪਿ ਰਹਿਆ ਹੋਂ।*[੧੯]

ਪ੍ਰੇਮ ਸੁਮਾਰਗ ਵਿਚ ਦਰਸਾਈ ਗਈ ਸ਼ਖ਼ਸੀ ਰਹਿਤ ਦਾ ਕੇਂਦਰੀ ਧੁਰਾ 'ਗੁਰੂ' ਹੈ। ਗ੍ਰੰਥ ਕਰਤਾ ਨੇ ਪ੍ਰਥਮ ਅਧਿਆਇ ਦੇ ਮੁਢ ਵਿਚ ਹੀ ਗੁਰੂ-ਉਪਮਾ ਬੜੀ ਦ੍ਰਿੜ੍ਹਤਾ ਨਾਲ ਪੇਸ਼ ਕੀਤੀ ਹੈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੇ ਉਨ੍ਹਾਂ ਦੇ ਉਦੇਸ਼ ਦਾ ਵਰਣਨ ਮਿਲਦਾ ਹੈ। ਕਰਤਾ ਦੱਸਦਾ ਹੈ ਕਿ ਅਕਾਲ ਪੁਰਖ ਨੇ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਆਪਣੇ ਆਪ ਨੂੰ ਲੋਕਾਂ ਦੇ ਉੱਧਾਰ ਵਾਸਤੇ ਪ੍ਰਗਟ ਕੀਤਾ। ਇਨ੍ਹਾਂ ਦਸ ਜਾਮਿਆਂ ਵਿਚ ਗੁਰੂ ਸਾਹਿਬਾਨ ਨੇ 'ਸਬਦ' ਦਾ ਉਪਦੇਸ਼ ਦਿੱਤਾ, ਪਰੰਤੂ ਲੋਕਾਂ ਦੀ ਕੁਬੁਧਿ ਦੂਰ ਨਾ ਹੋ ਸਕੀ। ਕਰਤਾਨੁਸਾਰ ਇਸ ਦਾ ਇੱਕੋ ਇਕ ਕਾਰਨ 'ਸਬਦੁ' ਦੀ ਆਗਿਆ ਨਾ ਮੰਨਣਾ ਹੈ।[੨੦] ਦੰਭੀ ਦੇਹਧਾਰੀ ਗੁਰੂਆਂ ਦੇ ਲੱਛਣ ਦੱਸਦੇ ਹੋਏ ਕਰਤਾ ਸਚੇ ਗੁਰੂ ਦਾ ਵਰਣਨ ਕਰਦਾ ਹੈ। ਕਰਤਾ ਦੱਸਦਾ ਹੈ ਕਿ ਕਲਿਜੁਗ ਵਿਚ ਕਈ ਮਲੇਛ ਪੰਥ ਚੱਲ ਰਹੇ ਹਨ, ਜਿਨ੍ਹਾਂ ਦਾ ਪ੍ਰਗਾਸ ਦਿਨੋਂ ਦਿਨ ਵਧ ਰਿਹਾ ਹੈ। ਮਲੇਛ ਪੰਥ ਦੇ ਪ੍ਰਭਾਵ ਤੋਂ ਬਚਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਕਿਰਪਾ ਸਦਕਾ ਖਾਲਸਾ ਪ੍ਰਗਟ ਕੀਤਾ ਹੈ।[੨੧] ਕਰਤਾ ਦਾਅਵਾ ਕਰਦਾ ਹੈ ਕਿ ਜੇਕਰ ਕੋਈ ਵੀ ਸਜਣ 'ਖਾਲਸਾ-ਪੰਥ' ਦੀ ਸ਼ਰਨ ਵਿਚ ਆਵੇਗਾ, ਉਸਦਾ ਧਰਮ ਰਹੇਗਾ, ਨਹੀਂ ਤਾਂ ਕਲਿਜੁਗ ਉਸ ਨੂੰ ਨਿਗਲ ਜਾਵੇਗਾ :

*. . .ਜੋ ਕੋਈ ਇਸ ਪੰਥ ਵਿਖੇ ਆਵੈਗਾ ਸੋ ਅਪਨੇ ਧਰਮ ਬਿਖੈ ਰਹੈਗਾ। ਨਹੀਂ ਤਾਂ ਕਲਿਜੁਗ ਗਿਰਾਸ ਲਏਗਾ।*[੨੨]

ਪ੍ਰੇਮ ਸੁਮਾਰਗ ਲਿਖਣ ਦਾ ਮਨੋਰਥ ਹੀ ਗੁਰੂ ਦੀ ਸ਼ਰਨ ਵਿਚ ਪਏ ਲੋਕਾਂ ਨੂੰ ਰਹਿਤ ਦ੍ਰਿੜ੍ਹ ਕਰਵਾਉਣਾ ਹੈ। ਇਸ ਰਹਿਤ ਦੇ ਮੰਨਣ ਨਾਲ ਲੋਕਾਂ ਦਾ ਉੱਧਾਰ ਹੋਵੇਗਾ। ਕਰਤਾ ਸਪੱਸ਼ਟ ਕਰਦਾ ਹੈ ਕਿ ਜਿਹੜਾ ਵੀ ਕੋਈ ਮਨੁੱਖ ਇਸ ਰਹਿਤ ਨੂੰ ਮੰਨੇਗਾ, ਸੁਣੇਗਾ, ਕਮਾਵੇਗਾ, ਉਸ ਦਾ ਉੱਧਾਰ ਹੋਵੇਗਾ :

*ਤਿਨ ਹੀ ਕੇ ਪ੍ਰਥਾਇ ਇਹ ਗਿਰੰਥ-ਰਹਿਤਾਂ ਚਲਣਾਂ ਕਾ ਹੋਇਆ ਹੈ। ਜਿਸਦੇ ਮੰਨੇ ਤੇ ਉਧਾਰ ਹੋਇਗਾ ਅਰੁ ਸੁਖਾਲਾ ਹੀ ਰਹੈਗਾ, ਜੇ ਕੋਈ ਮੰਨੇਗਾ। ਸ੍ਰੀ ਅਕਾਲ ਪੁਰਖੁ ਕੀ ਆਗਿਆ ਸੋ ਦਾਨ ਇਨਾਂ ਜੀਆਂ ਨੋ ਹੋਇਆ ਹੈ। ਜੋ ਕੋਈ ਮੰਨੈਗਾ, ਸੁਣੈਗਾ, ਕਮਾਵੈਗਾ, ਸੋ ਉਧਰੈਗਾ।*[੨੩]

## ਹਵਾਲੇ ਅਤੇ ਟਿੱਪਣੀਆਂ

੧. S.S Hans, 'Prem Sumarg-A Modern Forgery', *Punjab History Confer-*

*ence,* 16th Session, March 12-14, 1982, Punjabi University, Patiala, p.180
੨. ਰਤਨ ਸਿੰਘ ਜੱਗੀ (ਸੰਪਾ.), *ਸ੍ਰੀ ਦਸਮ-ਗ੍ਰੰਥ ਸਾਹਿਬ : ਪਾਠ-ਸੰਪਾਦਨ ਅਤੇ ਵਿਆਖਿਆ* (ਭਾਗ ਪਹਿਲਾ), ਗੋਬਿੰਦ ਸਦਨ, ਨਵੀਂ ਦਿੱਲੀ, ੧੯੯੯, ਪੰਨਾ ੪੦.
੩. ਰਣਧੀਰ ਸਿੰਘ (ਸੰਪਾ.), *ਪ੍ਰੇਮ ਸੁਮਾਰਗ,* ਨਿਊ ਬੁੱਕ ਕੰਪਨੀ, ਜਲੰਧਰ, ੨੦੦੦ (ਤੀਜੀ ਵਾਰ), ਪੰਨਾ ੫੨.
੪. *ਉਹੀ,* ਪੰਨਾ ੯੧.
੫. *ਉਹੀ.*
੬. *ਉਹੀ.*
੭. *ਉਹੀ,* ਪੰਨਾ ੧.
੮. *ਉਹੀ,* ਪੰਨੇ ੧-੨.
੯. *Introduction to Panjabi Literature,* pp 121-23.
੧੦. *ਪੰਜਾਬੀ ਸਾਹਿਤ ਦਾ ਇਤਿਹਾਸ,* (ਭਾਗ ਦੂਜਾ), ਭਾਸ਼ਾ ਵਿਭਾਗ ਪੰਜਾਬ (ਪਟਿਆਲਾ), ਪੰਨਾ ੭੮੪ ; S.S Hans ਨੇ ਵੀ ਇਸ ਗ੍ਰੰਥ ਨੂੰ ਰਣਜੀਤ ਕਾਲ ਤੋਂ ਬਾਅਦ ਦੀ ਰਚਨਾ ਮੰਨਿਆ ਹੈ (*'Prem Sumarg-A Modern Forgery',* Punjab History Conference, 16th Session, March 12-14, 1982, Punjabi University, Patiala, p.180.)
੧੧. *ਪ੍ਰੇਮ ਸੁਮਾਰਗ,* ਪੰਨਾ ੬੦.
੧੨. ਭਾਈ ਕਾਨ੍ਹ ਸਿੰਘ 'ਨਾਭਾ', *ਗੁਰਮਤ ਸੁਧਾਕਰ,* ਪੰਨਾ ੨੬੮.
੧੩. ਪ੍ਰੋ. ਮੋਹਨ ਸਿੰਘ 'ਪੰਜਾਬੀ ਸਾਹਿਤ ਦੀ ਜਾਣ ਪਛਾਣ' ਅੰਗਰੇਜੀ, ਉਧਰਿਤ, ਡਾ. ਕਿਰਪਾਲ ਸਿੰਘ ਕਸੇਲ ਆਦਿ *'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ'* ਪੰਨਾ ੨੯੬.
੧੪. *ਸ੍ਰੀ ਗੁਰੂ ਗ੍ਰੰਥ ਸਾਹਿਬ,* ੩੧੪.
੧੫. *ਉਹੀ,* ੨੫੯.
੧੬. *ਉਹੀ,* ੧੨੪੫.
੧੭. *ਉਹੀ,* ੮.
੧੮. *ਪ੍ਰੇਮ ਸੁਮਾਰਗ,* ਪੰਨਾ ੧.
੧੯. *ਉਹੀ.*
੨੦. *ਉਹੀ.*
੨੧. *ਉਹੀ.*
੨੨. ਪ੍ਰੇਮ ਸੁਮਾਰਗ, ਪੰਨਾ ੨; ਇੱਥੇ ਕਰਤਾ ਦਾ ਇਸ਼ਾਰਾ ਸ਼ਾਇਦ ੧੬੯੯ ਦੀ ਵੈਸਾਖੀ ਵੱਲ ਹੈ, ਪਰੰਤੂ ਸੰਮਤ ੧੭੫੫ ਦਰੁਸਤ ਨਹੀਂ, ਬਲਕਿ ਸਹੀ ਸੰਮਤ ੧੭੫੬ ਬਣਦਾ ਹੈ। ਇਸ ਤੱਥ ਤੋਂ ਇਕ ਹੋਰ ਗੱਲ ਸਪੱਸ਼ਟ ਹੁੰਦੀ ਹੈ ਕਿ ਹੋ ਸਕਦਾ ਹੈ ਕਿ ਪ੍ਰੇਮ ਸੁਮਾਰਗ ਗ੍ਰੰਥ ਦੀ ਰਚਨਾ ਖਾਲਸਾ ਸਿਰਜਣਾ ਤੋਂ ਪਹਿਲਾਂ ਦੀ ਹੋਈ ਹੋਵੇ।
੨੩. *ਪ੍ਰੇਮ ਸੁਮਾਰਗ,* ਪੰਨਾ ੨. ■

# ਫੌਜੀ ਹਮਲਾ ਜੂਨ ੧੯੮੪ : ਰਿਸਦਾ ਨਾਸੂਰ

*-ਗਿਆਨੀ ਮੋਹਨ ਸਿੰਘ**

ਸਿੱਖ ਕੌਮ ਨੂੰ ਹੋਂਦ ਵਿਚ ਆਉਂਦਿਆਂ ਹੀ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੋ ਸਿੱਖਾਂ ਲਈ ਰੂਹਾਨੀ ਮੁਜੱਸਮਾ ਹੈ, ਜਿੱਥੋਂ ਦੇ ਪਵਿੱਤਰ ਅੰਮ੍ਰਿਤ-ਸਰੋਵਰ ਦੀ ਇਕ ਟੁੱਭੀ ਲਾਉਣ ਨਾਲ ਹਰ ਆਉਣ ਵਾਲੇ ਸ਼ਰਧਾਲੂ ਦੀ ਆਤਮਾ ਤ੍ਰਿਪਤ ਹੋ ਜਾਂਦੀ ਹੈ ਤੇ ਪਵਿੱਤਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਨਾਲ ਜੀਵ ਨੂੰ ਆਪਣੇ ਅੰਦਰ ਵੱਸ ਰਹੇ ਪਰਮੇਸ਼ਰ ਦਾ ਗਿਆਨ ਹੋ ਜਾਂਦਾ ਹੈ ਤੇ ਉਹ ਸਮਝ ਲੈਂਦਾ ਹੈ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਜਿੱਥੇ ਇਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ-ਸਰੋਵਰ ਆਮ ਜੀਵਾਂ ਲਈ ਆਤਮਿਕ ਤ੍ਰਿਪਤੀ ਦਾ ਕੇਂਦਰ-ਬਿੰਦੂ ਹੈ, ਉੱਥੇ ਵਿਦੇਸ਼ੀ ਹਮਲਾਵਰਾਂ ਲਈ ਇਸ ਸੋਮੇ ਨੂੰ ਖ਼ਤਮ ਕਰਨ ਦਾ ਸਦਾ ਜਤਨ ਹੁੰਦਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਜੋ ਵੀ ਹਮਲਾਵਰ ਸਿੱਖੀ ਅਤੇ ਸਿੱਖਾਂ ਦੇ ਇਸ ਪਵਿੱਤਰ ਅਸਥਾਨ ਦੇ ਦੁਸ਼ਮਣ ਬਣ ਕੇ ਆਏ, ਇਸ ਦੀ ਬੇਅਦਬੀ ਕਰਨ ਅਤੇ ਢਾਹੁਣ ਦੇ ਜਤਨ ਕਰਦੇ, ਉਹ ਸਿੱਖਾਂ ਹੱਥੋਂ ਮਾਰੇ ਗਏ। ਸੁਲਹੀ ਖਾਨ, ਸੁਲਬੀ ਖਾਨ, ਜ਼ਕਰੀਆ ਖਾਨ, ਨਾਦਰ ਸ਼ਾਹ, ਮੀਰ ਮਨੂੰ, ਅਹਿਮਦ ਸ਼ਾਹ, ਮੱਸਾ ਰੰਗੜ ਵਰਗੇ ਅਨੇਕਾਂ ਸ਼ਾਸਕਾਂ ਅਤੇ ਅਹਿਲਕਾਰਾਂ ਨੇ ਸਿੱਖੀ ਦਾ ਖੁਰਾ-ਖੋਜ ਮਿਟਾਉਣ ਦੀ ਅਣਥੱਕ ਕੋਸ਼ਿਸ਼ ਕੀਤੀ ਪਰ ਉਹ ਜਾਂ ਤਾਂ ਮਾਰੇ ਗਏ ਜਾਂ ਮੂੰਹ ਦੀ ਖਾ ਕੇ ਵਾਪਸ ਚਲੇ ਗਏ।

ਜਿਸ ਤਰ੍ਹਾਂ ਉਨ੍ਹਾਂ ਜਰਵਾਣਿਆਂ ਨੂੰ ਸਿੱਖਾਂ ਦਾ ਨਿਰਲੇਪ ਭਾਵ ਵਿਚ ਰਹਿਣਾ, ਕਿਸੇ ਨਾਲ ਬੁਰਾ ਨਾ ਕਰਨਾ, ਝੂਠ ਨਾ ਬੋਲਣਾ, ਸਭ ਦਾ ਭਲਾ ਕਰਨਾ ਆਦਿ ਗੁਣ ਪਸੰਦ ਨਹੀਂ ਸਨ, ਉਸੇ ਤਰ੍ਹਾਂ ਅਜ਼ਾਦ ਹਿੰਦੁਸਤਾਨ ਦੀ ਸਰਕਾਰ ਨੂੰ ਵੀ ਸਿੱਖਾਂ ਦਾ, ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਦੀ ਆਰਥਿਕ ਹਾਲਤ ਨੂੰ ਵਧੀਆ ਬਣਾਉਣ, ਮਾੜੇ ਤੇ ਗ਼ਰੀਬ ਲੋਕਾਂ ਨੂੰ ਉਤਾਂਹ ਚੁੱਕਣ ਲਈ ਲਾਇਆ 'ਧਰਮ-ਯੁੱਧ ਮੋਰਚਾ' ਜੋ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਪੰਜਾਬ ਦੇ ਲੋਕਾਂ ਵੱਲੋਂ ਲਾਇਆ ਗਿਆ ਸੀ, ਹਜ਼ਮ ਨਾ ਹੋਇਆ ਤੇ ਉਨ੍ਹਾਂ ਨੇ ਸਿੱਖਾਂ ਨੂੰ ਡਰਾਉਣ, ਧਮਕਾਉਣ ਤੇ ਵੱਖਵਾਦੀ ਪ੍ਰਚਾਰ ਕੇ ਆਮ ਲੋਕਾਂ ਦੇ ਮਨਾਂ ਵਿਚ ਸਿੱਖਾਂ ਪ੍ਰਤੀ ਨਫ਼ਰਤ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਤੇ ਅੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਅਜ਼ਾਦ ਭਾਰਤ ਦੀ ਹੁਕਮਰਾਨ

**ਸਾਬਕਾ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।*

ਸਰਕਾਰ ਨੇ ਜੂਨ ੧੯੮੪ ਵਿਚ ਬਹੁਤ ਭਾਰੀ ਤੋਪਖਾਨਾ ਜਿਸ ਵਿਚ ੨੫ ਪਾਊਡਰ ਤੋਪਾਂ, ਹੋਵਿਟਜ਼ ਗੰਨਾਂ, ਮਾਰਟਰ ਗੰਨਾਂ, ੩੭ ਹਾਵਲ ਗੰਨਾਂ, ਬਖ਼ਤਰਬੰਦ ਗੱਡੀਆਂ ਦੇ ਨਾਲ ਪੋਲੈਂਡ ਦੀਆਂ ਬਣੀਆਂ ਅੱਠ ਪਹੀਆ ਓ.ਟੀ. ੬੪ ਬਖ਼ਤਰਬੰਦ ਗੱਡੀਆਂ, ਹੈਲੀਕਾਪਟਰ, ੧੦੫ ਐਮ.ਐਮ. ਦੀਆਂ ਭਾਰੀ ਤੋਪਾਂ ਨਾਲ ਬੀੜੇ ਹੋਏ ੩੮ ਟਨ ਦੇ ਵਿਜੰਤਾ ਨਾਮੀ ਟੈਂਕਾਂ ਨਾਲ ਹੱਲਾ ਕਰ ਕੇ ਸਿੱਖਾਂ 'ਤੇ ਹੁੰਦੇ ਆ ਰਹੇ ਜ਼ੁਲਮਾਂ ਦੀ ਕਿਤਾਬ ਦਾ ਇਕ ਹੋਰ ਕਾਲਾ ਪੰਨਾ ਲਿਖ ਦਿੱਤਾ ਜਿਸ ਦਾ ਨਾਂ 'ਅਪ੍ਰੇਸ਼ਨ ਨੀਲਾ ਤਾਰਾ' ਰੱਖਿਆ। ਉਹ ਸਿੱਖ ਜੋ ਕਦੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸ਼ਹੀਦੀਆਂ ਪਾਉਂਦੇ ਰਹੇ, ਦੇਸ਼ ਖ਼ਾਤਰ ਸਾਰਾਗੜ੍ਹੀ ਦੀ ਚੌਕੀ ਵਿਖੇ ੧੨ ਸਤੰਬਰ, ੧੮੯੭ ਨੂੰ ੩੬ ਸਿੱਖ ਰੈਜਮੈਂਟ (ਅੱਜਕਲ੍ਹ ੪ ਸਿੱਖ ਰੈਜਮੈਂਟ) ਦੇ ੨੨ ਜਵਾਨ ਸ਼ਹਾਦਤ ਦੇ ਜਾਮ ਪੀ ਗਏ, ਉਹੀ ਸਿੱਖ ਆਪਣੇ ਹੀ ਦੇਸ਼ ਵਿਚ ਬੇਗਾਨੇ ਹੋ ਗਏ। ਦੁਨੀਆ ਦੇ ਇਤਿਹਾਸ ਵਿਚ ਅਜਿਹੀ ਘਟਨਾ ਨਾ ਕਿਸੇ ਨੇ ਵੇਖੀ ਹੋਵੇਗੀ ਅਤੇ ਨਾ ਹੀ ਸੁਣੀ ਹੋਵੇਗੀ ਕਿ ਆਪਣੇ ਹੀ ਦੇਸ਼ ਦੀ ਫੌਜ ਆਪਣੇ ਹੀ ਲੋਕਾਂ 'ਤੇ ਚੜ੍ਹਾਈ ਕਰ ਕੇ ਬੇਗੁਨਾਹ ਲੋਕਾਂ ਨੂੰ ਮਾਰ ਦੇਵੇ।

ਦਾਸ (ਲੇਖਕ) ਵੀ ੧੯੮੪ ਦੇ ਫੌਜੀ ਹਮਲੇ ਦਾ ਚਸ਼ਮਦੀਦ ਗਵਾਹ ਹੈ ਜਿਸ ਨੇ ਇਹ ਭਾਣਾ ਵਰਤਦਿਆਂ ਅੱਖੀਂ ਡਿੱਠਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਬਤੌਰ ਗ੍ਰੰਥੀ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸੇਵਾ ਨਿਭਾ ਰਿਹਾ ਹੋਣ ਕਰਕੇ ਦਾਸ ਨੂੰ ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਕਮਰਾ ਨੰ: ੮੭ ਵਿਚ ਰਿਹਾਇਸ਼ ਮਿਲੀ ਹੋਈ ਸੀ ਜੋ ਕਿ ਸ੍ਰੀ ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਦੂਸਰੀ ਮੰਜ਼ਲ 'ਤੇ ਹੈ। ੧ ਜੂਨ ਨੂੰ ਸਵੇਰ ਦੀ ਸੇਵਾ ਨਿਭਾਉਣ ਉਪਰੰਤ ਮੈਂ ਆਪਣੇ ਕਮਰੇ ਵਿਚ ਆਰਾਮ ਕਰ ਰਿਹਾ ਸੀ ਕਿ ਅਚਾਨਕ ਸਾਢੇ ਬਾਰ੍ਹਾਂ ਵਜੇ ਦੇ ਕਰੀਬ ਗੋਲੀ ਚੱਲਣ ਦੀ ਆਵਾਜ਼ ਨੇ ਮੈਨੂੰ ਜਗਾ ਦਿੱਤਾ, ਕਮਰੇ ਦੇ ਬਾਹਰ ਜਾ ਕੇ ਵੇਖਣ 'ਤੇ ਪਤਾ ਲੱਗਾ ਕਿ ਨੀਮ ਫੌਜੀ ਦਲਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ, ਚਾਰੇ ਪਾਸੇ ਅਫਰਾ-ਤਫਰੀ ਵਾਲਾ ਮਾਹੌਲ ਬਣਿਆ ਹੋਇਆ ਸੀ। ਰੁਕ-ਰੁਕ ਕੇ ਗੋਲੀਬਾਰੀ ਹੁੰਦੀ ਰਹੀ ਜੋ ਤਕਰੀਬਨ ਸੱਤ ਘੰਟੇ ਚਾਲੂ ਰਹੀ ਜਿਸ ਵਿਚ ਤਕਰੀਬਨ ਗਿਆਰ੍ਹਾਂ ਸਿੱਖਾਂ ਦੇ ਮਰਨ ਅਤੇ ਅਨੇਕਾਂ ਦੇ ਫੱਟੜ ਹੋਣ ਦੀ ਖ਼ਬਰ ਸੀ। ਇਸ ਕਾਰਵਾਈ ਵਿਚ ਐਮ.ਐਮ.ਜੀ. ਅਤੇ ਐਲ.ਐਮ.ਜੀ. ਰਾਈਫਲਾਂ ਦੀ ਵਰਤੋਂ ਕੀਤੀ ਗਈ, ਜਿਨ੍ਹਾਂ ਵਿੱਚੋਂ ਨਿਕਲੀਆਂ ਗੋਲੀਆਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦੂਜੀ ਛੱਤ ਦੇ ਉੱਤਰੀ ਤੇ ਦੱਖਣੀ ਦੋਵਾਂ ਪਾਸਿਆਂ ਦੀਆਂ ਬਾਰੀਆਂ ਵਿਚ ਲੱਗੀਆਂ। ਉਪਰੰਤ ੩੨ ਘੰਟੇ ਦਾ ਕਰਫਿਊ ਲਾਗੂ ਕਰ ਦਿੱਤਾ ਗਿਆ। ੩ ਜੂਨ, ੧੯੮੪ ਨੂੰ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੀ, ਇਸ ਦਿਹਾੜੇ 'ਤੇ ਥਾਂ-ਥਾਂ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਜਾਂਦੀਆਂ ਹਨ ਤੇ ਲੰਗਰਾਂ ਦਾ ਵੀ ਪ੍ਰਬੰਧ

ਹੁੰਦਾ ਹੈ। ਲੱਗੇ ਕਰਫਿਊ ਵਿਚ ਸਵੇਰੇ ੬ ਵਜੇ ਤੋਂ ਢਿੱਲ ਦੇਣ ਕਾਰਨ ਸੰਗਤਾਂ ਦੂਰੋਂ-ਨੇੜਿਓਂ ਇਸ ਦਿਹਾੜੇ 'ਤੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੋਣ ਅਤੇ ੧ ਜੂਨ ਨੂੰ ਸੀ.ਆਰ.ਪੀ.ਐਫ. ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੀ ਫਾਈਰਿੰਗ ਦੇ ਲੱਗੇ ਨਿਸ਼ਾਨ ਵੇਖਣ ਖ਼ਾਤਰ ਸ੍ਰੀ ਹਰਿਮੰਦਰ ਸਾਹਿਬ ਆਈਆਂ ਹੋਈਆਂ ਸਨ ਕਿ ਅਚਾਨਕ ਫਿਰ ਕਰਫਿਊ ਦਾ ਐਲਾਨ ਹੋ ਗਿਆ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚੁਫੇਰੇ ਫੌਜ ਦਾ ਸਖ਼ਤ ਪਹਿਰਾ ਸੀ ਤੇ ਬਾਹਰ ਨਿਕਲਣ ਵਾਲੇ ਨੂੰ ਗੋਲੀ ਮਾਰਨ ਦਾ ਹੁਕਮ ਸੀ ਜਿਸ ਕਾਰਨ ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੀ ਰਹਿ ਗਈਆਂ। ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਬਿਜਲੀ, ਪਾਣੀ ਤੇ ਟੈਲੀਫ਼ੋਨ ਦੀ ਸਪਲਾਈ ਕੱਟ ਦਿੱਤੀ ਗਈ। ਰਾਤ ਨੌਂ ਵਜੇ ਟੀ.ਵੀ. ਅਤੇ ਰੇਡੀਓ 'ਤੇ ਇਹ ਖ਼ਬਰ ਸੁਣਾਈ ਗਈ ਕਿ ਨੌਂ ਵਜੇ ਤੋਂ ਸਾਰੇ ਪੰਜਾਬ ਵਿਚ ਫੌਜੀ ਰਾਜ ਹੋ ਗਿਆ ਹੈ ਤੇ ੩੬ ਘੰਟੇ ਦਾ ਕਰਫਿਊ ਲਾਇਆ ਗਿਆ ਹੈ। ਇਸ ਦੌਰਾਨ ਰੇਲ ਗੱਡੀ ਤੋਂ ਲੈ ਕੇ ਬੈਲ ਗੱਡੀ ਤੇ ਸਾਈਕਲ ਚਲਾਉਣ 'ਤੇ ਵੀ ਪਾਬੰਦੀ ਹੋ ਗਈ। ਅਖ਼ਬਾਰਾਂ 'ਤੇ ਸੈਂਸਰ ਲਗਾ ਦਿੱਤੀ ਗਈ ਤਾਂ ਜੋ ਕਿਸੇ ਤਰ੍ਹਾਂ ਦੀ ਖ਼ਬਰ ਬਾਹਰ ਨਾ ਨਿਕਲ ਸਕੇ। ਸਭ ਨੂੰ ਇਹੀ ਅੰਦੇਸ਼ਾ ਸੀ ਕਿ ਸ਼ਾਇਦ ਬੇਹੋਸ਼ ਕਰਨ ਵਾਲੀ ਗੈਸ ਛੱਡ ਕੇ ਖਾੜਕੂਆਂ ਨੂੰ ਗ੍ਰਿਫ਼ਤਰ ਕਰ ਲਿਆ ਜਾਵੇਗਾ। ਕਿਸੇ ਨੂੰ ਇਹ ਪਤਾ ਹੀ ਨਹੀਂ ਸੀ ਕਿ ਖਾੜਕੂਆਂ ਨੂੰ ਮਾਰਨ ਜਾਂ ਫੜਨ ਦੇ ਨਾਲ-ਨਾਲ ਸਰਕਾਰ ਦਾ ਮੰਤਵ ਸਿੱਖਾਂ ਦੇ ਇਸ ਪਵਿੱਤਰ ਅਸਥਾਨ, ਸਰੋਵਰ ਦੀ ਬੇਅਦਬੀ ਕਰਨਾ ਤੇ ਢਾਹੁਣਾ ਵੀ ਹੈ।

ਕਰਫਿਊ ਲੱਗਣ ਕਾਰਨ ਮੇਰਾ ਸਾਂਢੂ ਭਾਈ ਦਰਸ਼ਨ ਸਿੰਘ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਸੀ, ਮੇਰੇ ਕੋਲ ਹੀ ਸਰਾਂ ਵਿਚ ਠਹਿਰ ਗਿਆ। ਗਰਮੀ ਬਹੁਤ ਜ਼ਿਆਦਾ ਹੋਣ ਕਾਰਨ ਅਸੀਂ ਸਰਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਬਰਾਂਡੇ ਵਿਚ ਸੁੱਤੇ ਹੋਏ ਸਾਂ। ਭਾਈ ਦਰਸ਼ਨ ਸਿੰਘ ਅੰਮ੍ਰਿਤ ਵੇਲੇ ਤਿਆਰ ਹੋ ਕੇ ਆਪਣੀ ਡਿਊਟੀ 'ਤੇ ਚਲੇ ਗਏ ਤੇ ਦਾਸ ਆਪਣੀ ਡਿਊਟੀ 'ਤੇ ਮੰਜੀ ਸਾਹਿਬ ਦੀਵਾਨ ਹਾਲ ਜਾਣ ਲਈ ਤਿਆਰ ਹੋਣ ਲੱਗਾ ਕਿ ਵੇਖਿਆ ਕਿ ਸਵੇਰੇ ੪:੪੦ 'ਤੇ ਭਾਰੀ ਤੋਪ ਦਾ ਗੋਲਾ ਚੱਲਿਆ ਜੋ ਸਿੱਧਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਵੱਜਾ। ਉਸ ਤੋਂ ਬਾਅਦ ਮੇਰੇ ਵੇਖਦਿਆਂ-ਵੇਖਦਿਆਂ ਗੋਲਿਆਂ ਦੀ ਬੁਛਾੜ ਹੀ ਸ਼ੁਰੂ ਹੋ ਗਈ ਤੇ ਅਸੀਂ ਆਪਣੇ ਕਮਰੇ ਦੇ ਅੰਦਰ ਚਲੇ ਗਏ। ਉਸ ਵਕਤ ਮੇਰੇ ਪਿਤਾ ਭਾਈ ਇੰਦਰ ਸਿੰਘ ਜੀ ਜੋ ਲੰਗਰ ਵਿਚ ਮੌਜੂਦ ਸਨ, ਉੱਥੇ ਹੀ ਸ਼ਹੀਦ ਹੋ ਗਏ। ਸਾਰਾ ਦਿਨ ਫਾਇਰਿੰਗ ਹੁੰਦੀ ਰਹੀ। ਰੋਟੀ-ਪਾਣੀ ਦਾ ਕੋਈ ਪ੍ਰਬੰਧ ਨਾ ਵੇਖ ਬਾਗ ਵਾਲੀ ਗਲੀ ਦੇ ਕੁਝ ਕੁ ਨੌਜਵਾਨਾਂ ਨੇ ਹੌਸਲਾ ਕਰ ਕੇ ਆਪਣੇ ਘਰਾਂ ਤੋਂ ਰੋਟੀ ਪਕਾ ਕੇ ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਪਿਛਲੇ ਪਾਸਿਓਂ ਅੰਦਰ ਲਿਆਂਦੀ ਅਤੇ ਜਿੰਨੀ ਵੀ ਕਿਸੇ ਦੇ ਹਿੱਸੇ ਆਈ ਖਾਣ ਲਈ

ਦਿੱਤੀ। ਸਾਰੀ ਰਾਤ ਲਗਾਤਾਰ ਗੋਲੀ ਚਲਦੀ ਰਹੀ। ਸਰਾਂ ਦੇ ਬਾਹਰ ਵਾਲੇ ਕਮਰਿਆਂ ਵਿੱਚੋਂ ਮੁਲਾਜ਼ਮ ਤੇ ਯਾਤਰੂ ਸਿੱਧੀਆਂ ਗੋਲੀਆਂ ਵੱਜਣ ਕਾਰਨ ਕਮਰਿਆਂ ਵਿੱਚੋਂ ਨਿਕਲ ਕੇ ਅੰਦਰਲੇ ਪਾਸੇ ਵਾਲੇ ਕਮਰਿਆਂ ਦੇ ਬਰਾਮਦੇ ਵਿਚ ਆ ਗਏ।

੫ ਜੂਨ ਨੂੰ ਦੁਪਹਿਰੋਂ ਬਾਅਦ ਕੁਝ ਜਾਂਬਾਜ਼ ਸਿੰਘ ਹਿੰਮਤ ਕਰ ਕੇ ਫੌਜ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਸਿੰਘਾਂ ਅਤੇ ਯਾਤਰੂਆਂ ਦੇ ਸਰੀਰਾਂ ਨੂੰ ਇਕੱਠਾ ਕਰ ਕੇ ਸ੍ਰੀ ਗੁਰੂ ਰਾਮਦਾਸ ਨਿਵਾਸ ਦੀਆਂ ਟੂਟੀਆਂ ਕੋਲ ਦਾਹ-ਸਸਕਾਰ ਲਈ ਲੈ ਕੇ ਆਏ। ਅਜੇ ਸਸਕਾਰ ਹੋਣਾ ਸ਼ੁਰੂ ਹੀ ਹੋਇਆ ਸੀ ਕਿ ਫੌਜ ਵੱਲੋਂ ਚਲਾਏ ਗੋਲਿਆਂ ਨਾਲ ਸ੍ਰੀ ਗੁਰੂ ਰਾਮਦਾਸ ਨਿਵਾਸ ਵਿਚ ਸਥਿਤ ਪਾਣੀ ਦੀ ਟੈਂਕੀ ਵਿਚ ਵੱਡੇ-ਵੱਡੇ ਮਘੋਰੇ ਹੋ ਗਏ ਤੇ ਪਾਣੀ ਵਗਣਾ ਸ਼ੁਰੂ ਹੋ ਗਿਆ ਜਿਸ ਨਾਲ ਸਸਕਾਰ ਹੋ ਰਹੀਆਂ ਲਾਸ਼ਾਂ ਅਤੇ ਪਾਣੀ ਦੀ ਟੈਂਕੀ 'ਤੇ ਬੈਠੇ ਰਖਵਾਲੇ ਸਿੰਘਾਂ ਦੇ ਸਰੀਰਾਂ ਦੇ ਟੁਕੜਿਆਂ ਵਿੱਚੋਂ ਭਿਆਨਕ ਬਦਬੂ ਆਉਣੀ ਸ਼ੁਰੂ ਹੋ ਗਈ। ਸਰਾਂ ਵਿਚ ਲੋਕਾਂ ਦਾ ਖਲੋਣਾ ਵੀ ਔਖਾ ਹੋ ਗਿਆ। ਗੋਲਾਬਾਰੀ ਜਾਰੀ ਰਹੀ। ਉਸ ਵਕਤ ਭਾਈ ਮਨਜੀਤ ਸਿੰਘ ਜੋ ਮੀਤ ਮੈਨੇਜਰ ਸ੍ਰੀ ਦਰਬਾਰ ਸਾਹਿਬ ਦੀ ਡਿਊਟੀ ਨਿਭਾ ਰਹੇ ਸਨ, ਦੇ ਨਾਲ ਭਾਈ ਹਰਮਿੰਦਰ ਸਿੰਘ (ਸੰਧੂ) ਅਤੇ ਭਾਈ ਰਾਜਿੰਦਰ ਸਿੰਘ (ਮਹਿਤਾ) ਨੇ ਉੱਥੇ ਸਾਰਿਆਂ ਨੂੰ ਮੁਖਾਤਿਬ ਹੋ ਕੇ ਕਿਹਾ ਕਿ ਕਿਸੇ ਵੇਲੇ ਵੀ ਫੌਜ ਸਰਾਂ ਅੰਦਰ ਦਾਖ਼ਲ ਹੋ ਸਕਦੀ ਹੈ। ਇਸ ਕਰਕੇ ਜੇ ਕੋਈ ਆਪਣਾ ਬਚਾਅ ਕਰ ਸਕਦਾ ਹੈ, ਕਰ ਲਵੇ। ਉਨ੍ਹਾਂ ਦੇ ਕਹਿਣ 'ਤੇ ਕੁਝ ਕੁ ਯਾਤਰੂ ਅਤੇ ਮੁਲਾਜ਼ਮ ਜੋ ਕਿਸੇ ਵੀ ਪਾਸੇ ਲੁਕ-ਛਿਪ ਕੇ ਜਾ ਸਕਦੇ ਸਨ, ਨਿਕਲ ਗਏ। ਉਨ੍ਹਾਂ ਵਿੱਚੋਂ ਪਤਾ ਨਹੀਂ ਕੋਈ ਮਰਿਆ ਜਾਂ ਬਚਿਆ।

ਮੈਂ ਵੀ ਆਪਣੇ ਪਰਵਾਰ ਨੂੰ ਨਾਲ ਲੈ ਕੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਅੱਗੋਂ ਦੀ ਵਰ੍ਹਦੀ ਗੋਲੀ ਵਿਚ ਆਪਣਾ ਸਾਰਾ ਸਾਮਾਨ ਸਰਾਂ ਦੇ ਕਮਰੇ ਵਿਚ ਛੱਡ ਕੇ ਗੁਰਦੁਆਰਾ ਬਾਬਾ ਅਟੱਲ ਰਾਇ ਜੀ ਦੇ ਪਿਛਲੇ ਪਾਸੇ ਬਣੇ ਮੁਲਾਜ਼ਮਾਂ ਦੇ ਕੁਆਰਟਰਾਂ ਵਿਚ ਚਲਾ ਗਿਆ। ਉੱਥੇ ਜਾ ਕੇ ਵੇਖਿਆ ਕਿ ਸਾਰੇ ਕੁਆਰਟਰ ਖਾਲੀ ਸਨ ਤੇ ਜਿੱਧਰ ਵੀ ਕੋਈ ਜਾ ਸਕਦਾ ਸੀ, ਚਲਿਆ ਗਿਆ। ਗਿਆਨੀ ਦਲੀਪ ਸਿੰਘ ਜੀ ਕਥਾ-ਵਾਚਕ ਗੁਰਦੁਆਰਾ ਮੰਜੀ ਸਾਹਿਬ ਦੇ ਘਰ ਦਾ ਦਰਵਾਜ਼ਾ ਖੁੱਲ੍ਹਾ ਵੇਖ ਕੇ ਮੈਂ ਉੱਥੇ ਚਲਾ ਗਿਆ। ਉਨਾਂ ਦੇ ਪਰਵਾਰ ਵਿੱਚੋਂ ਕੋਈ ਵੀ ਉੱਥੇ ਨਹੀਂ ਸੀ। ਪਰ ਦੋ ਬੀਬੀਆਂ ਜਿਨ੍ਹਾਂ ਵਿੱਚੋਂ ਇਕ ਭਾਈ ਹਰਮਿੰਦਰ ਸਿੰਘ ਦੀ ਪਤਨੀ ਬੀਬੀ ਪਰਮਜੀਤ ਕੌਰ ਅਤੇ ਦੂਜੀ ਲੜਕੀ ਬੀਬੀ ਉਪਕਾਰ ਕੌਰ ਉੱਥੇ ਸਨ। ਮੈਂ ਵੀ ਸਮੇਤ ਪਰਵਾਰ ਉਨ੍ਹਾਂ ਕੋਲ ਹੀ ਠਹਿਰ ਗਿਆ। ੫-੬ ਜੂਨ ਦੀ ਦਰਮਿਆਨੀ ਰਾਤ ਅਸੀਂ ਉੱਥੇ ਕੱਟੀ ਜੋ ਬੜੀ ਦਿਲ-ਕੰਬਾਊ ਅਤੇ ਭਿਆਨਕ ਸੀ। ਸਾਰੀ ਰਾਤ ਗੋਲੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ 'ਤੇ ਵੱਜਦੇ ਰਹੇ। ਪਤਾ ਲੱਗਾ ਕਿ ਸਾਡੇ ਸਰਾਂ ਵਿੱਚੋਂ ਨਿਕਲ ਆਉਣ ਤੋਂ ਬਾਅਦ ਫੌਜ ਸ੍ਰੀ ਗੁਰੂ ਰਾਮਦਾਸ

ਨਿਵਾਸ ਦਾ ਪਿਛਲਾ ਦਰਵਾਜ਼ਾ ਤੋੜ ਕੇ ਸਰਾਂ ਅੰਦਰ ਦਾਖ਼ਲ ਹੋਈ ਅਤੇ ਅੰਦਰ ਜਿੰਨੇ ਵੀ ਯਾਤਰੂ ਸਨ, ਉਨ੍ਹਾਂ ਨੂੰ ਗੋਲੀਆਂ ਨਾਲ ਮਾਰ-ਮੁਕਾਇਆ।

੬ ਜੂਨ ਨੂੰ ਦਿਨ ਚੜ੍ਹੇ ਗਿਆਨੀ ਭਗਵਾਨ ਸਿੰਘ ਜੀ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆ ਕੇ ਦੱਸਿਆ ਕਿ ਰਾਤ ੧੦ ਵਜੇ ਦੇ ਕਰੀਬ ਡੋਗਰਾ ਕਮਾਊ, ਗਰਨੇਡੀਅਰ, ਰਾਜਪੂਤ, ਬਿਹਾਰੀ ਤੇ ਮਦਰਾਸੀ ਰੈਜਮੈਂਟ ਨੇ ਟੈਂਕਾਂ ਨਾਲ ਲੈਸ ਹੋ ਕੇ ਸਰਾਵਾਂ ਵਾਲੇ ਪਾਸਿਓਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਦਾਖਲ ਹੋ ਕੇ ਸਾਂਝੇ ਤੌਰ 'ਤੇ ਹਮਲਾ ਕੀਤਾ ਅਤੇ ਦੁੱਖ ਭੰਜਨੀ ਬੇਰੀ ਵਾਲੇ ਪਾਸਿਓਂ ਪਰਕਰਮਾ ਵਿਚ ਬ੍ਰਹਮ ਬੂਟਾ ਅਖਾੜਾ ਅਤੇ ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਜੀ ਅੱਗੇ ਟੈਂਕ ਖੜ੍ਹੇ ਕੀਤੇ ਗਏ। ਇਨ੍ਹਾਂ ਟੈਂਕਾਂ ਨਾਲ ਸਿੱਖਾਂ ਦੀ ਮੁਕੱਦਸ ਇਮਾਰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੋਲਿਆਂ ਦਾ ਮੀਂਹ ਵਰਸਾਇਆ ਗਿਆ, ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਕਾਫੀ ਜ਼ਿਆਦਾ ਢੱਠ ਕੇ ਤੇ ਬਾਕੀ ਗੋਲਿਆਂ ਦੇ ਵਿੱਚੋਂ ਨਿਕਲੀ ਅੱਗ ਨਾਲ ਝੁਲਸ ਗਈ ਹੈ। ਉਨ੍ਹਾਂ ਦੱਸਿਆ ਕਿ ਫੌਜ ਨੇ ਸਰਾਵਾਂ, ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰ ਲਿਆ ਹੈ। ਫਿਰ ਪਤਾ ਲੱਗਾ ਕਿ ਬਹੁਤ ਸਾਰੇ ਸਿੰਘ ਤੇ ਸ਼ਰਧਾਲੂ ਇਸਤਰੀਆਂ ਤੇ ਬੱਚੇ ਮਾਰੇ ਗਏ ਹਨ; ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਭਾਈ ਹਰਮਿੰਦਰ ਸਿੰਘ, ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ ਤੇ ਹੋਰ ਅਨੇਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਤੋਂ ਬਾਅਦ ਉਨ੍ਹਾਂ ਨੂੰ ਪਹਿਲਾਂ ਫੌਜੀ ਕੈਂਪ ਵਿਚ ਰੱਖਿਆ ਗਿਆ ਤੇ ਫਿਰ ਨਾਭਾ ਤੇ ਹੋਰ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ਉਸ ਤੋਂ ਬਾਅਦ ਜੋਧਪੁਰ ਦੀ ਜੇਲ੍ਹ ਵਿਚ ਘੱਲ ਦਿੱਤਾ ਗਿਆ, ਜਿੱਥੇ ਸਾਰੇ ਕੈਦੀਆਂ ਨੂੰ ਬਹੁਤ ਜ਼ਿਆਦਾ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਗਏ।

ਇਹ ਵੀ ਪਤਾ ਲੱਗਾ ਕਿ ਇਸ ਧਰਮ ਯੁੱਧ ਵਿਚ ਅਨੇਕਾਂ ਸਿੰਘ-ਸਿੰਘਣੀਆਂ ਤੇ ਮਰਜੀਵੜੇ ਧਰਮ ਦੀ ਰਾਖੀ ਲਈ ਸ਼ਹਾਦਤ ਦੇ ਜਾਮ ਪੀ ਗਏ ਹਨ। ੬ ਜੂਨ ਸ਼ਾਮ ਨੂੰ ਕਰਫਿਊ ਵਿਚ ਇਕ ਘੰਟੇ ਦੀ ਢਿੱਲ ਦਿੱਤੀ ਗਈ ਤੇ ਮੈਂ ਆਪਣੇ ਪਰਵਾਰ ਸਮੇਤ ਸੰਗਲ ਵਾਲੀ ਗਲੀ ਰਾਹੀਂ ਚੌਂਕ ਬਾਬਾ ਸਾਹਿਬ ਵਿੱਚੋਂ ਨਿਕਲ ਕੇ, ਭਾਈ ਕਰਨੈਲ ਸਿੰਘ ਜੀ ਜੋ ਕਿ ਪੰਜੂ ਹਲਵਾਈ ਵਾਲੀ ਗਲੀ ਵਿਚ ਰਹਿੰਦੇ ਸਨ ਤੇ ਭਾਰਤ ਸਰਕਾਰ ਦੇ ਟੈਲੀਫੋਨ ਵਿਭਾਗ ਵਿਚ ਨੌਕਰੀ ਕਰਦੇ ਸਨ ਅਤੇ ਗੁਰੂ-ਘਰ ਦੇ ਸ਼ਰਧਾਲੂ ਸਨ, ਦੇ ਘਰ ਆ ਗਿਆ, ਜਿਨ੍ਹਾਂ ਨੇ ਫੌਜੀ ਹਮਲੇ ਦੇ ਰੋਸ ਵਜੋਂ ਬਾਅਦ ਵਿਚ ਇਸ ਮਹਿਕਮੇ ਤੋਂ ਅਸਤੀਫਾ ਦੇ ਦਿੱਤਾ ਸੀ, ਨੇ ਹਰ ਤਰ੍ਹਾਂ ਨਾਲ ਸਾਡੀ ਸਹਾਇਤਾ ਕੀਤੀ।

ਬਾਅਦ ਵਿਚ ਪਤਾ ਲੱਗਾ ਕਿ ਸਾਡੇ, ਗਿਆਨੀ ਦਲੀਪ ਸਿੰਘ ਜੀ ਹੁਰਾਂ ਦੇ ਘਰ ਵਿੱਚੋਂ ਚਲੇ ਜਾਣ ਤੋਂ ਮਗਰੋਂ ਉਨ੍ਹਾਂ ਦੋ ਬੀਬੀਆਂ ਨੂੰ ਵੀ ਫੌਜ ਨੇ ਇਹ ਕਹਿ ਕੇ ਗੋਲੀਆਂ ਮਾਰ ਕੇ ਮਾਰ ਦਿੱਤਾ ਕਿ ਇਹ ਅੱਤਵਾਦੀਆਂ ਦੀਆਂ ਸਾਥਣਾਂ ਸਨ ਤੇ ਇਨ੍ਹਾਂ ਕੋਲ

ਅਸਲਾ ਸੀ।

੧੦ ਜੂਨ ਨੂੰ ਕਰਫਿਊ ਵਿਚ ਢਿੱਲ ਮਿਲਣ 'ਤੇ ਮੈਂ ਆਪਣੇ ਸਹੁਰੇ-ਘਰ, ਸ਼ਿਵ ਨਗਰ ਕਾਲੋਨੀ ਨਜ਼ਦੀਕ ਮੁਹੱਲਾ ਇਸਲਾਮਾਬਾਦ ਚਲਿਆ ਗਿਆ। ਅਸੀਂ ਸਾਰੇ ਭਾਈ ਦਰਸ਼ਨ ਸਿੰਘ ਸੇਵਾਦਾਰ ਜੋ ਹਰਿਮੰਦਰ ਸਾਹਿਬ ੪ ਜੂਨ ਦੀ ਸਵੇਰ ਨੂੰ ਸਾਡੇ ਕੋਲੋਂ ਹੀ ਸ੍ਰੀ ਗੁਰੂ ਰਾਮਦਾਸ ਨਿਵਾਸ ਵਿੱਚੋਂ ਅੰਦਰ ਡਿਊਟੀ 'ਤੇ ਗਏ ਸਨ, ਦੇ ਜਿਊਂਦੇ ਰਹਿਣ ਦੀ ਆਸ ਲਾਹ ਬੈਠੇ ਸਾਂ ਪਰ ਸ਼ਾਇਦ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਨ੍ਹਾਂ ਤੋਂ ਅਜੇ ਹੋਰ ਸੇਵਾ ਲੈਣੀ ਸੀ, ਇਸ ਲਈ ਉਹ ਘਰ ਵਾਪਸ ਆ ਗਏ। ਉਨ੍ਹਾਂ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਸੀ। ਕੁਝ ਕੁ ਸੁਧਾਰ ਹੋਣ 'ਤੇ ਉਨ੍ਹਾਂ ਨੇ ਦੱਸਿਆ ਕਿ ਫੌਜ ਨੇ ਅੰਦਰ ਦਾਖਲ ਹੋ ਕੇ ਸਾਨੂੰ ਗ੍ਰਿਫ਼ਤਾਰ ਕਰ ਲਿਆ ਤੇ ਬਾਹਾਂ ਬੰਨ੍ਹ ਕੇ ਪਰਕਰਮਾ ਵਿਚ ਬਿਠਾ ਦਿੱਤਾ। ਜੇ ਕੋਈ ਪੇਸ਼ਾਬ ਕਰਨ ਦੀ ਵੀ ਬੇਨਤੀ ਕਰਦਾ ਤਾਂ ਫੌਜੀ ਬੱਟ ਮਾਰ ਕੇ ਕਹਿੰਦੇ ਕਿ ਵਿੱਚੇ ਹੀ ਕਰ ਲਵੋ। ਉਨ੍ਹਾਂ ਨੇ ਦੱਸਿਆ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਸੜ ਕੇ ਸੁਆਹ ਹੋ ਚੁਕੀ ਹੈ। ਤੋਸ਼ਾਖਾਨੇ ਅੰਦਰ ਪਈਆਂ ਬਹੁਮੁੱਲੀਆਂ ਚਾਨਣੀਆਂ ਤੇ ਹੋਰ ਕੀਮਤੀ ਸਾਮਾਨ ਵੀ ਨਸ਼ਟ ਹੋ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ, ਚੰਦੋਏ ਆਦਿਕ ਵੀ ਅੱਗ ਨਾਲ ਸੜ ਕੇ ਰਾਖ਼ ਹੋ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਾਏ ਹੋਏ ਇਤਿਹਾਸਿਕ ਸ਼ਸਤਰਾਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਜਿਸ ਦਾ ਉਸ ਵਕਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਹੋਇਆ ਸੀ, ਉਸ ਦੇ ਵਿਚ ਵੀ ਗੋਲੀ ਵੱਜੀ, ਜਿਸ ਦਾ ਹੁਣ ਪ੍ਰਕਾਸ਼ ਨਹੀਂ ਕੀਤਾ ਜਾਂਦਾ ਤੇ ਤੋਸ਼ੇਖਾਨੇ ਵਿਚ ਸੁਸ਼ੋਭਿਤ ਹੈ। ਦਾਸ ਨੇ ਉਸ ਪਾਵਨ ਸਰੂਪ ਦੇ ਵਿਚ ਲੱਗੀ ਗੋਲੀ ਦੇ ਨਿਸ਼ਾਨ ਵੇਖੇ ਹਨ।

ਮੁੜ ਫੌਜ ਨੇ ਸਿੰਘ ਸਾਹਿਬਾਨ ਨੂੰ ਕਹਿ ਕੇ ਅੰਦਰ ਦੀ ਮਰਯਾਦਾ ਬਹਾਲ ਕਰਵਾਈ ਅਤੇ ਅੰਦਰਲੀ ਮਰਯਾਦਾ ਦੀ ਬਹਾਲੀ ਦੇ ਕੁਝ ਦਿਨ ਮਗਰੋਂ ਪਰਕਰਮਾ ਦੇ ਨਾਲ ਲੱਗਦੇ ਗੁਰੂ-ਘਰਾਂ ਵਿਚ ਵੀ ਮਰਯਾਦਾ ਬਹਾਲ ਹੋ ਗਈ।

ਟਰੱਕਾਂ ਦੇ ਟਰੱਕ ਭਰ ਕੇ ਲਾਸ਼ਾਂ ਪਰਕਰਮਾ ਵਿਚਲੇ ਕਮਰਿਆਂ ਤੇ ਸਰਾਵਾਂ ਵਿੱਚੋਂ ਲਿਜਾ ਕੇ ਸਾੜ ਦਿੱਤੀਆਂ ਗਈਆਂ। ਸ੍ਰੀ ਦਰਬਾਰ ਸਾਹਿਬ ਸਮੂਹ ਤੇ ਨਾਲ ਲੱਗਦੇ ਬਜ਼ਾਰਾਂ ਤੇ ਘਰਾਂ ਨੂੰ ਲੁੱਟਿਆ ਗਿਆ। ਜੂਨ ੧੯੮੪ ਦਾ ਫੌਜੀ ਹਮਲਾ ਸਿੱਖ ਕੌਮ ਦੇ ਹਿਰਦਿਆਂ 'ਤੇ ਲੱਗਾ ਐਸਾ ਨਾਸੂਰ ਹੈ ਜੋ ਸਦੀਆਂ ਬੀਤਣ ਨਾਲ ਵੀ ਰਾਜ਼ੀ ਨਹੀਂ ਹੋਵੇਗਾ ਤੇ ਸਦਾ ਰਿਸਦਾ ਰਹਿ ਕੇ ਇਸ ਭਿਆਨਕ ਵਹਿਸ਼ੀਆਨਾ ਤੇ ਦਰਿੰਦਗੀ ਭਰੇ ਕਾਲੇ ਪੰਨੇ ਦੀ ਯਾਦ ਤਾਜ਼ਾ ਰੱਖੇਗਾ। ■

*ਅਪ੍ਰੈਲ-ਮਈ ੨੦੨੦ ਦਾ ਬਾਕੀ :*

# ਸਾਕਾ ਜਲਿਆਂਵਾਲਾ ਬਾਗ਼ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ

*-ਸ. ਹਰਭਜਨ ਸਿੰਘ**

## ਸਾਕੇ ਸਮੇਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਭੂਮਿਕਾ

ਜਲਿਆਂਵਾਲਾ ਬਾਗ ਦੇ ਇਸ ਸਾਕੇ ਸਮੇਂ ਖ਼ਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਦੀ ਵਾਗਡੋਰ ਸ. ਸੁੰਦਰ ਸਿੰਘ ਮਜੀਠੀਆ ਅਤੇ ਉਸ ਦੇ ਸਹਿਯੋਗੀਆਂ ਦੇ ਹੱਥਾਂ ਵਿਚ ਸੀ। ਇਸ ਕਾਲਜ ਦੇ ਸੰਨ ੧੯੦੨ ਸਮੇਂ ਉੱਠ ਰਹੇ ਮਾਲੀ ਸੰਕਟ ਤੇ ਪ੍ਰਸ਼ਾਸਨਿਕ ਪ੍ਰਬੰਧਾਂ ਦੇ ਸੁਧਾਰ ਲਈ ਬਤੌਰ ਆਨਰੇਰੀ ਸੈਕ੍ਰੇਟਰੀ ਮਜੀਠੀਆ ਸਰਦਾਰ ਚੁਣੇ ਗਏ ਸਨ, ਜਿਨ੍ਹਾਂ ਨੇ ਮਾਲੀ ਸੰਕਟ ਦੂਰ ਕਰਦੇ ਹੋਏ ਕਾਲਜ ਦੀ ਵਿੱਦਿਅਕ ਨਿਪੁੰਨਤਾ ਨੂੰ ਸਿਖਰਾਂ ਤਕ ਪਹੁੰਚਾ ਦਿੱਤਾ ਸੀ।

ਇਸ ਸਾਕੇ ਸਮੇਂ ੧੯੧੯ ਨੂੰ ਪ੍ਰਿੰਸੀਪਲ ਗੇਰਾਰਡ ਏ. ਵੈਥਨ (Gerard A. Wathen) ਅਧਿਆਪਕ ਵਰਗ ਤੇ ਵਿਦਿਆਰਥੀਆਂ ਉੱਪਰ ਸਰਦਾਰ ਮਜੀਠੀਆ ਦੇ ਵਿਚਾਰਾਂ ਤੇ ਕਾਰਜ-ਸ਼ੈਲੀ ਦਾ ਬਹੁਤ ਪ੍ਰਭਾਵ ਸੀ, ਜੋ ਖ਼ਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਨਾਲ ਜੁੜੇ ਹੋਏ ਸਨ। ਇਸ ਦੇ ਨਾਲ ਹੀ ਮਜੀਠੀਆ ਸਰਦਾਰ ਉਸ ਸਮੇਂ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸੈਕ੍ਰੇਟਰੀ ਵੀ ਸਨ ਜੋ ਸਿੱਖਾਂ ਦੀ ਸਿਰਮੌਰ ਸੰਸਥਾ ਸੀ। ਪ੍ਰਿੰਸੀਪਲ ਦੀ ਆਪਣੇ ਹਮਵਤਨ ਅੰਗਰੇਜ਼ ਅਧਿਕਾਰੀਆਂ ਨਾਲ ਵੀ ਨੇੜਤਾ ਸੀ ਤੇ ਉਹ ਲੈਫਟੀਨੈਂਟ ਗਵਰਨਰ (Lt. Governor) ਪੰਜਾਬ ਦੇ ਨਾਲ ਵੀ ਤਾਲ-ਮੇਲ ਵਿਚ ਸਨ। ਉਸ ਦਾ ਆਪਣੇ ਪਤਨੀ ਮੈਲੀਸੈਂਟ (Melicent) ਤੇ ਤਿੰਨ ਬੱਚਿਆਂ ਸਮੇਤ ਕਾਲਜ ਵਿਖੇ ਵਿਸ਼ਾਲ ਕੋਠੀ ਵਿਚ ਹੀ ਨਿਵਾਸ ਸੀ। ਉਸ ਦੀ ਪਤਨੀ ਆਲੇ-ਦੁਆਲੇ ਵਾਪਰ ਰਹੀਆਂ ਅਹਿਮ ਘਟਨਾਵਾਂ ਆਪਣੀ ਨਿੱਜੀ ਡਾਇਰੀ ਵਿਚ ਲਿਖਦੀ ਰਹਿੰਦੀ ਸੀ, ਜਿਨ੍ਹਾਂ ਘਟਨਾਵਾਂ ਦਾ ਜ਼ਿਕਰ ਸਭ ਤੋਂ ਪਹਿਲਾਂ ਕਿਮ ਏ. ਵੈਗਨਰ (Kim A. Wagner) ਨੇ ਹੀ ਆਪਣੀ ਕਿਤਾਬ 'Jallianwala Bagh' ਵਿਚ ਕੀਤਾ ਹੈ ਜੋ ਹੁਣੇ ਜਿਹੇ ਹੀ ਰੀਲੀਜ਼ ਹੋਈ ਹੈ। ਉਸ ਸਮੇਂ ਇਸ ਕਾਲਜ ਵਿਚ ੭੦੦ ਵਿਦਿਆਰਥੀ ਪੜ੍ਹਦੇ ਸਨ।[੯] ਇੱਥੇ ਪ੍ਰਿੰਸੀਪਲ ਗੇਰਾਰਡ (Gerard) ੧੯੧੫ ਤੋਂ ਇਸ ਅਹੁਦੇ ਉੱਪਰ ਤਾਇਨਾਤ ਸੀ। (੧੮੫੭ ਦੇ ਗ਼ਦਰ ਦੀਆਂ ਘਟਨਾਵਾਂ ਉੱਪਰ ਈ. ਐਮ. ਫੋਰਸਟਰ E.M. Forster ਦਾ ਪ੍ਰਸਿੱਧ ਨਾਵਲ 'A Passage to India' ਦੇ ਹੀਰੋ ਸਿਰਿਲ ਫੀਲਡਿੰਗ Cyril Fielding ਦੀ ਜੀਵਨੀ ਇਸੇ ਪ੍ਰਿੰਸੀਪਲ ਗੇਰਾਰਡ (Gerard) ਦੇ ਵਿਅਕਤੀਤਵ ਉੱਪਰ ਆਧਾਰਿਤ ਹੈ।) ਮੈਲੀਸੈਂਟ ਮੁਤਾਬਿਕ

**#ਜੀ-੪੩੦, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ- ੧੪੧੦੦੬; ਮੋ: ੯੮੭੨੮-੧੦੮੨੦*

ਰੌਲਟ ਐਕਟ ਦੇ ਖ਼ਬਰਾਂ ਵਿਚ ਆਉਣ ਨਾਲ ਹੀ ਸ਼ਹਿਰੀਆਂ ਤੇ ਵਿਦਿਆਰਥੀਆਂ ਦੇ ਜੀਵਨ ਵਿਚ ਹਲਚਲ ਸ਼ੁਰੂ ਹੋ ਚੁੱਕੀ ਸੀ।[੧੦] ਇਸ ਰੌਲਟ ਐਕਟ ਕਾਰਨ ਹੀ ਗਾਂਧੀ ਦਾ ਸਤਿਆਗ੍ਰਹਿ ਸ਼ੁਰੂ ਹੋਇਆ ਜਿਸ ਨਾਲ ਲੋਕਾਂ 'ਚ ਹੁਕਮਰਾਨਾਂ ਪ੍ਰਤੀ ਨਫ਼ਰਤ, ਆਰਥਿਕ ਤੇ ਰਾਜਨੀਤਕ ਨਾ-ਬਰਾਬਰੀ ਦੀਆਂ ਭਾਵਨਾਵਾਂ ਦੀ ਵਿਆਖਿਆ ਸ਼ੁਰੂ ਹੋ ਗਈ, ਜਿਸ 'ਤੇ Melicent ਨੇ ਲਿਖਿਆ ਕਿ ਡਾ.ਕਿਚਲਯੂ ਅਤੇ ਡਾ. ਸਤਿਆਪਾਲ ਲੋਕਾਂ ਨੂੰ ਭੜਕਾਅ ਰਹੇ ਸਨ, ਜੋ ਹਕੂਮਤ ਲਈ ਬੁਰੀਆਂ ਭਾਵਨਾਵਾਂ ਹਨ।[੧੧] ਉਹ ਲਿਖਦੀ ਹੈ ਕਿ ਜਦ ਉਹ ਆਪਣੇ ਪਤੀ ਨਾਲ ਤਰਨ ਤਾਰਨ ਗੁਰਦੁਆਰੇ ਹੋਲਾ ਮਹੱਲਾ ਤਿਉਹਾਰ ਵੇਖ ਕੇ ਅੰਮ੍ਰਿਤਸਰ ਬਜ਼ਾਰ ਗਈ ਤਾਂ ਉਹ ਦੁਕਾਨਦਾਰ ਜੋ ਉਸ ਨੂੰ ਹਮੇਸ਼ਾ ਉੱਠ ਕੇ ਸਲਾਮ ਕਰਦਾ ਹੁੰਦਾ ਸੀ, ਹੁਣ ਬਦਲ ਚੁੱਕਾ ਸੀ ਅਤੇ ਉਸ ਦੇ ਵੱਲੋਂ ਅਦਬ ਨਾਲ ਕੀਤੇ ਗਏ ਸਲਾਮ ਦਾ ਜਵਾਬ ਨਾ ਦਿੱਤਾ ਤੇ ਪਿੱਠ ਮੋੜ ਕੇ ਕਹਿ ਦਿੱਤਾ ਕਿ ਕੋਈ ਚੀਜ਼ ਨਹੀਂ ਵੇਚੀ ਜਾ ਰਹੀ। ਇਸੇ ਤਰ੍ਹਾਂ ਬਾਕੀ ਬਜ਼ਾਰ 'ਚ ਵੀ ੩੦ ਮਾਰਚ, ੧੯੧੯ ਦੀ ਹੜਤਾਲ ਤੋਂ ਬਾਅਦ ਲੋਕਾਂ ਦਾ ਉਸ ਪ੍ਰਤੀ ਨਜ਼ਰੀਆ ਬਦਲ ਚੁੱਕਾ ਸੀ।[੧੨] ੧੦ ਅਪ੍ਰੈਲ ਦੀ ਰਾਤ ਨੂੰ ਸਲਾਮਤੀ ਲਈ ਜਦ ਕੋਈ ੪੦੦ ਦੇ ਲੱਗਭਗ ਯੂਰਪੀਅਨ ਪਰਵਾਰਾਂ ਦੇ ਮੈਂਬਰਾਂ ਨੂੰ ਪ੍ਰਸ਼ਾਸਨ ਦੇ ਹੁਕਮਾਂ ਅਨੁਸਾਰ ਗੋਬਿੰਦਗੜ੍ਹ ਕਿਲ੍ਹੇ 'ਚ ਤਬਦੀਲ ਕਰ ਦਿੱਤਾ ਗਿਆ ਤਾਂ ਉਹ ਆਪਣੇ ਪਤੀ ਨਾਲ ਉੱਥੇ ਹਾਲ-ਚਾਲ ਜਾਣਨ ਲਈ ਗਈ। ਉਹ ਲਿਖਦੀ ਹੈ ਕਿ ਕਿਵੇਂ ਇਸਤਰੀਆਂ ਤੇ ਬੱਚੇ ਕਿਲ੍ਹੇ ਦੀਆਂ ਧੂੜ ਭਰੀਆਂ ਬੈਰਕਾਂ ਵਿਚ ਮਾੜੀ ਹਾਲਤ ਵਿਚ ਪਏ ਹੋਏ ਸਨ, ਨਾ ਕੋਈ ਖਾਣ-ਪੀਣ ਜਾਂ ਸੌਣ ਦਾ ਪ੍ਰਬੰਧ ਸੀ ਅਤੇ ਬਹੁਤ ਸਾਰੇ ਆਦਮੀ, ਇਸਤਰੀਆਂ ਤੇ ਬੱਚੇ ਬੀਮਾਰ ਸਨ, ਜਿਨ੍ਹਾਂ ਲਈ ਕੋਈ ਸਹੂਲਤ ਨਹੀਂ ਸੀ। ਉਸ ਨੂੰ ਕਾਲਜ ਵਿਖੇ ਰੁਕੇ ਰਹਿਣ ਉੱਤੇ ਗਰਵ ਦੀ ਜਗ੍ਹਾ ਦੁੱਖ ਹੋ ਰਿਹਾ ਸੀ ਜਿੱਥੇ ਉਨ੍ਹਾਂ ਨੂੰ ਸਭ ਸਹੂਲਤਾਂ ਮਿਲ ਰਹੀਆਂ ਸਨ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਲਈ ਕਾਲਜ ਦੇ ਵਿਦਿਆਰਥੀ ਪਹਿਰੇ ਉੱਪਰ ਸਨ। ਉਹ ਲਿਖਦੀ ਹੈ ਕਿ ਇਹ ਸਭ ਕੁਝ ਡਿਪਟੀ ਕਮਿਸ਼ਨਰ ਮਾਈਲਸ ਇਰਵਿਨ Miles Irving ਦੀ ਨਾਸਮਝੀ ਦਾ ਨਤੀਜਾ ਸੀ। So much for the foresight of our D.C. and yet he must have known.[੧੩]

ਨਾਲ ਹੀ ਇਹ ਉਹ ਸਮਾਂ ਸੀ ਜਦ ਸਿੱਖਾਂ ਦੇ ਧਾਰਮਿਕ ਅਸਥਾਨ ਅੰਗਰੇਜ਼ ਸਰਕਾਰ ਨੇ ਉਦਾਸੀ ਮਹੰਤਾਂ ਦੇ ਕੰਟਰੋਲ 'ਚ ਕੀਤੇ ਹੋਏ ਸਨ। ਪੰਜਾਬ ਉੱਪਰ ਕਬਜ਼ਾ ਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਆਪਣੇ ਧਰਮ ਤੋਂ ਦੂਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਉਹ ਨਹੀਂ ਸੀ ਚਾਹੁੰਦੇ ਕਿ ਸਿੱਖ ਆਪਣੀ ਰਹਿਤ ਮਰਯਾਦਾ ਅਨੁਸਾਰ ਖ਼ਾਲਸਾ ਸਪਿਰਟ ਕਾਇਮ ਰੱਖਣ, ਕਿਉਂਕਿ ਐਂਗਲੋ-ਸਿੱਖ ਲੜਾਈਆਂ ਸਮੇਂ ਉਨ੍ਹਾਂ ਨੇ ਸਿੱਖਾਂ ਦੀ ਬਹਾਦਰੀ ਤੇ ਦੇਸ਼ ਭਗਤੀ ਵੇਖ ਲਈ ਸੀ। ਦੇਸ਼ ਅੰਦਰ ਸਿੱਖਾਂ ਦੀ ਅਬਾਦੀ ੧% ਤੇ ਪੰਜਾਬ 'ਚ ੧੦.੫% ਸੀ। ਅਸਲ 'ਚ ਅੰਗਰੇਜ਼ ਇਸ ਧਰਮ ਨੂੰ ਖ਼ਤਮ

ਕਰਨਾ ਚਾਹੁੰਦੇ ਸਨ ਅਤੇ ਇਸੇ ਲਈ ਡਾ. ਅਰਨੈਸਟ ਟਰੰਪ (Dr. Ernest Trumpp) ਨੇ ੧੮੭੭ 'ਚ ਭਵਿੱਖਬਾਣੀ ਕਰ ਦਿੱਤੀ ਸੀ ਕਿ ਸਿੱਖ ਧਰਮ ਹੁਣ ਖਤਮ ਹੋਣ ਕਿਨਾਰੇ ਹੈ। Sikhism is a waning religion that wil soon belong to history.[੧੪] Waqf Act ੧੮੬੧ ਦੇ ਕਾਨੂੰਨ ਹੇਠ ਜਿੱਥੇ ਹਿੰਦੂ ਤੇ ਮੁਸਲਮਾਨਾਂ ਨੂੰ ਆਪਣੀ ਮਰਜ਼ੀ ਨਾਲ ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਰਨ ਦੀ ਖੁੱਲ੍ਹ ਸੀ, ਉੱਤੇ ਇਸ ਕਾਨੂੰਨ ਮੁਤਾਬਿਕ ਸਿੱਖਾਂ ਨੂੰ ਆਪਣੇ ਗੁਰਦੁਆਰਿਆਂ ਦਾ ਕੰਟਰੋਲ ਉਨ੍ਹਾਂ ਦੇ ਹੱਥਾਂ ਵਿਚ ਰੱਖਣ ਦੀ ਇਜਾਜ਼ਤ ਜਾਣਬੁੱਝ ਕੇ ਨਹੀਂ ਸੀ ਦਿੱਤੀ ਗਈ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਸਾਹਿਬ ਸਮੇਤ ੭ ਪ੍ਰਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਖੁਦ ਸਰਕਾਰ ਨੇ ਆਪਣੇ ਪਾਸ ਰੱਖਿਆ ਹੋਇਆ ਸੀ ਜਿੱਥੇ ਸਰਬਰਾਹ (Manager) ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੰਮ ਕਰਦੇ ਸਨ। ਅਜਿਹੇ ਸਮੇਂ ਸਿੱਖ ਸਭਾਵਾਂ, ਸਿੱਖ ਸਕਾਲਰ, ਖ਼ਾਲਸਾ ਦੀਵਾਨ, ਖ਼ਾਲਸਾ ਕਾਲਜ ਆਦਿ ਸੰਸਥਾਵਾਂ ਹੋਂਦ ਵਿਚ ਆਈਆਂ ਤੇ ਬਾਅਦ 'ਚ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਨਾਲ ਸਰਦਾਰ ਸੁੰਦਰ ਸਿੰਘ ਮਜੀਠੀਆ ਸਮੇਤ ਉਹ ਸਾਰੇ ਪੰਥਕ ਲੀਡਰ ਆਪਣੀ ਕੌਮ ਨੂੰ ਨਿਘਾਰ ਤੋਂ ਬਚਾਉਣ ਲਈ ਅੱਗੇ ਆਏ ਤੇ ਅੰਤ ੧੫ ਨਵੰਬਰ, ੧੯੨੦ 'ਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਰਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ, ਜਿਸ ਦੇ ਪਹਿਲੇ ਪ੍ਰਧਾਨ ਵੀ ਸਰਦਾਰ ਸੁੰਦਰ ਸਿੰਘ ਮਜੀਠੀਆ ਜੀ ਸਨ।

ਗਾਂਧੀ ਵੱਲੋਂ ਰੌਲਟ ਐਕਟ ਦੇ ਵਿਰੁੱਧ ਅਰੰਭੇ ਗਏ ਸਤਿਆਗ੍ਰਹਿ ਦਾ ਬਹੁਤ ਸਾਰੇ ਲੀਡਰਾਂ ਨੇ ਵਿਰੋਧ ਵੀ ਕੀਤਾ, ਕਿਉਂਕਿ ਉਹ ਮੰਨਦੇ ਸਨ ਕਿ ਸ਼ਰਾਰਤੀ ਅਨਸਰਾਂ (Anarchical Crimes) ਨੂੰ ਕਾਬੂ ਵਿਚ ਰੱਖਣ ਤੇ ਅਮਨ-ਸ਼ਾਂਤੀ ਲਈ ਇਹ ਬਿਲ ਮਦਦਗਾਰ ਹੋਵੇਗਾ ਤੇ ਇਸ ਵਾਸਤੇ ਹੜਤਾਲਾਂ ਜਾਇਜ਼ ਨਹੀਂ ਹਨ। ਇਨ੍ਹਾਂ ਲੀਡਰਾਂ ਵਿਚ ਐਨੀ ਬੇਸੰਟ (Annie Besant), ਐਸ. ਐਨ. ਬੈਨਰਜੀ (S.N. Banerji), ਸੰਕਰਨ ਨਈਅਰ (Sankaran Nair) ਤੇ ਸੁੰਦਰ ਸਿੰਘ ਮਜੀਠੀਆ ਵੀ ਸਨ। Annie Besant condemned the satyagraha movement as something drastic and unnecessary which was interfering with the administration of law.[੧੫]

ਇਸੇ ਤਰ੍ਹਾਂ ਉਸ ਸਮੇਂ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਸਿੱਖ ਮੈਂਬਰਾਂ ਨੇ ਆਪਣੇ ਹਿੰਦੂ ਸਾਥੀਆਂ, ਐਸ.ਐਨ. ਬੈਨਰਜੀ, ਸ੍ਰੀਨਿਵਾਸਾ ਸ਼ਾਸਤਰੀ, ਡਾ. ਸਪਰੂ ਆਦਿ ਨਾਲ ਮਿਲ ਕੇ ਅਵਾਜ਼ ਉਠਾਈ ਸੀ ਕਿ ਗਾਂਧੀ ਵੱਲੋਂ ਅਰੰਭੇ ਗਏ 'ਸਤਿਆਗ੍ਰਹਿ' ਅੰਦੋਲਨ ਸਮੇਂ ਹੜਤਾਲਾਂ, ਕਾਰੋਬਾਰ ਬੰਦ ਰੱਖਣ ਤੇ ਭੜਕਾਊ ਤਕਰੀਰਾਂ ਤੇ ਭਾਸ਼ਣਾਂ ਨਾਲ ਪੰਜਾਬ ਦੀ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਹੈ ਤੇ ਉਹ ਇਸ ਦੇ ਹੱਕ ਵਿਚ ਨਹੀਂ

ਸਨ। ਜਦ ਇਹ ਦੁਖਦਾਈ ਭਾਣਾ ਵਰਤ ਗਿਆ ਤਾਂ ਖ਼ੁਦ ਮਹਾਤਮਾ ਗਾਂਧੀ ਨੇ ਇਹ ਮੰਨਿਆ ਕਿ ਜੇਕਰ ਉਸ ਨੂੰ ਪਤਾ ਹੁੰਦਾ ਕਿ ਇਹ ਸ਼ਾਂਤਮਈ ਵਿਦਰੋਹ ਇਸ ਭਿਆਨਕ ਦੁਖਾਂਤ ਵਿਚ ਬਦਲ ਜਾਵੇਗਾ ਤਾਂ ਉਹ ਇਸ ਸਤਿਆਗ੍ਰਹਿ ਬਾਰੇ ਕਦੇ ਨਾ ਕਹਿੰਦਾ ਅਤੇ ਨਾ ਹੀ ਉਸ ਨੂੰ ਅਜਿਹੀ ਆਸ ਸੀ। ਉਸ ਨੇ ਇਹ ਅੰਦੋਲਨ ਵਾਪਸ ਲੈ ਲਿਆ ਅਤੇ ਸਰਕਾਰ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ ਸੀ।[੧੬]

ਜਦ ੧੦ ਅਪ੍ਰੈਲ, ੧੯੧੯ ਈ. ਨੂੰ ਹੋਈਆਂ ਦਰਦਨਾਕ ਘਟਨਾਵਾਂ ਤੋਂ ਬਾਅਦ, ਜ਼ਿਲ੍ਹਾ ਪ੍ਰਸ਼ਾਸਨ ਨੇ ਪ੍ਰਬੰਧਕੀ ਬੰਦੋਬਸਤ ਫ਼ੌਜ ਹਵਾਲੇ ਕਰਨ ਲਈ ਫ਼ੈਸਲਾ ਕਰ ਦਿੱਤਾ ਤਾਂ ਸਰਦਾਰ ਸੁੰਦਰ ਸਿੰਘ ਮਜੀਠੀਆ ਜੀ ਦੀ ਸੋਚ ਹੇਠ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਵੈਥਨ (Wathen) ਨੇ ਆਪਣੇ ਹਮਵਤਨਾਂ ਸਾਹਮਣੇ 'ਹਾਅ' ਦਾ ਨਾਅਰਾ ਮਾਰਿਆ ਸੀ ਅਤੇ ਪ੍ਰਸ਼ਾਸਨ ਅਧਿਕਾਰੀਆਂ, ਸਿਵਲ ਜਾਂ ਸੈਨਾ ਦੋਵਾਂ ਨੂੰ ਵੱਖ-ਵੱਖ ਮੌਕਿਆਂ 'ਤੇ ਸਖਤ ਕਦਮ ਉਠਾਉਣ ਤੋਂ ਵਰਜਿਆ ਸੀ। ਜਦ ੧੦ ਅਪ੍ਰੈਲ ਦੀਆਂ ਕਤਲ-ਓ-ਗਾਰਤ ਦੀਆਂ ਘਟਨਾਵਾਂ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਉੱਥੋਂ ਕਮਿਸ਼ਨਰ ਲਾਹੌਰ ਡਵੀਜ਼ਨ ਮਿ. ਕਿਚਿਨ (Mr. Kitchin) ਕਾਰ ਰਾਹੀਂ ਅੰਮ੍ਰਿਤਸਰ ਲਈ ਨਿਕਲ ਪਿਆ ਅਤੇ ਖ਼ਾਲਸਾ ਕਾਲਜ ਪਹੁੰਚਦੇ ਹੋਏ ਉਸ ਨੇ ਪ੍ਰਿੰਸੀਪਲ ਨੂੰ ਆਪਣੇ ਨਾਲ ਲੈ ਲਿਆ। ਜਦ ਕਾਫੀ ਦੇਰ ਸ਼ਾਮ ਤਕ ਵੈਥਨ (Wathen) ਘਰ ਨਾ ਮੁੜਿਆ ਤਾਂ ਉਸ ਦੀ ਪਤਨੀ Melicent ਨੂੰ ਚਿੰਤਾ ਹੋਣ ਲੱਗੀ। ਆਖਰ ਜਦ ਉਹ ਮੁੜਿਆ ਤਾਂ ਬਹੁਤ ਦੁਖੀ ਲੱਗ ਰਿਹਾ ਸੀ ਕਿ ਕਿਵੇਂ ਯੂਰਪੀਅਨਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਤੇ ਸਰਕਾਰੀ ਦਫ਼ਤਰਾਂ, ਬੈਂਕਾਂ, ਸਟੇਸ਼ਨ, ਤਾਰ ਘਰ, ਡਾਕ ਘਰਾਂ ਤੇ ਗਿਰਜਾ ਘਰ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ ਸੀ। ਇਸੇ ਸਮੇਂ ਉਨ੍ਹਾਂ ਕਾਲਜ ਵੱਲੋਂ ਲੋਕਾਂ ਦੀਆਂ ਉੱਠ ਰਹੀਆਂ ਅਵਾਜ਼ਾਂ ਸੁਣੀਆਂ ਤਾਂ ਉਹ ਘਬਰਾ ਗਏ ਕਿ ਉਨ੍ਹਾਂ ਦਾ ਅੰਤ ਵੀ ਹੁਣ ਲਾਗੇ ਹੀ ਹੈ। ਪਰ ਇਹ ਸਾਰੇ ਲੋਕ ਕਾਲਜ 'ਚ ਰਹਿੰਦੇ ਪਰਵਾਰ, ਅਧਿਆਪਕ ਤੇ ਹੋਸਟਲ ਵਾਲੇ ਵਿਦਿਆਰਥੀ ਸਨ, ਜੋ ਉਨ੍ਹਾਂ ਨੂੰ ਬੇਨਤੀ ਕਰਨ ਆਏ ਸਨ ਕਿ ਉਹ ਕਾਲਜ ਛੱਡ ਕੇ ਕਿਲ੍ਹੇ 'ਚ ਨਾ ਜਾਣ ਅਤੇ ਪੂਰੀ ਤਰ੍ਹਾਂ ਹਿਫ਼ਾਜ਼ਤ ਦਾ ਭਰੋਸਾ ਜਿਤਾਇਆ।[੧੭] ੧੧ ਤਾਰੀਖ ਨੂੰ ਸਵੇਰੇ ਪ੍ਰਿੰਸੀਪਲ ਨੂੰ ਕਮਿਸ਼ਨਰ ਦਾ ਫਿਰ ਬੁਲਾਵਾ ਆ ਗਿਆ ਕਿ ਲੜਾਈ ਵਾਲਾ ਵਾਤਾਵਰਨ ਬਣ ਚੁੱਕਾ ਹੈ, ਇਸ ਲਈ ਜਲਦੀ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦਾ ਖਿਆਲ ਛੱਡ ਕੇ ਰੇਲਵੇ ਸਟੇਸ਼ਨ ਪਹੁੰਚੋ। ਸਟੇਸ਼ਨ ਵਿਖੇ ਹੀ ਆਰਜੀ ਹੈਡ-ਕੁਆਟਰ ਬਣਾਇਆ ਗਿਆ ਸੀ। ਗੱਲਬਾਤ ਦਾ ਵਿਸ਼ਾ ਸੀ ਕਿ ਪਿਛਲੇ ਦਿਨੀਂ ਮਰਨ ਵਾਲਿਆਂ ਦੇ ਸਸਕਾਰ ਸਮੇਂ ਲੋਕਾਂ ਦੇ ਭਾਰੀ ਇਕੱਠ ਨੂੰ ਕਿਵੇਂ ਰੋਕਿਆ ਜਾਵੇ। ਮੀਟਿੰਗ ਵਿਚ ਡੀ.ਸੀ. Erving, ਕਮਿਸ਼ਨਰ Kitchin, ਸਿਵਲ ਸਰਜਨ ਲੈਫਟੀਨੈਂਟ ਕਰਨਲ ਸਮਿਥ (Lt. Col. Smith), ਮੇਜਰ ਮੈਕਡੋਨਲਡ (MacDonald) ਤੇ ਉਸ (ਪ੍ਰਿੰਸੀਪਲ Gerard) ਤੋਂ ਇਲਾਵਾ

ਮਹਿਮੂਦ ਇਕਬਾਲ ਤੇ ਯਾਸੀਨ ਗੁਲਾਮ ਜਿਹੇ ਉੱਘੇ ਵਕੀਲ ਵੀ ਹਾਜ਼ਰ ਸਨ; ਜਿਨ੍ਹਾਂ ਨਾਲ ਕਮਿਸ਼ਨਰ ਗੁੱਸੇ ਨਾਲ ਲਾਲ-ਪੀਲਾ ਹੋ ਰਿਹਾ ਸੀ। ਡਾਕਟਰ ਸਮਿਥ (ਸਿਵਲ ਸਰਜਨ) ਅਧਿਕਾਰੀਆਂ ਨੂੰ ਭੀੜ ਖਿੰਡਾਉਣ ਵਾਸਤੇ ਜਹਾਜ਼ਾਂ ਰਾਹੀਂ ਬੰਬਾਰੀ ਕਰਨ ਦੀ ਸਲਾਹ ਦੇ ਰਿਹਾ ਸੀ।(ਇਹ ਦੱਸਣਾ ਵੀ ਜ਼ਰੂਰੀ ਹੈ ਕਿ) ੧੦ ਅਪ੍ਰੈਲ ਦੀਆਂ ਘਟਨਾਵਾਂ ਤੋਂ ਬਾਅਦ ਸਿਵਲ ਐਡਮਨਿਸਟ੍ਰੇਸ਼ਨ ਨੇ ਸਰਕਾਰੀ ਬੰਦੋਬਸਤ ਦੀ ਜ਼ਿੰਮੇਵਾਰੀ ਫ਼ੌਜ ਨੂੰ ਸੌਂਪ ਦਿੱਤੀ ਸੀ, ਜਿਸ ਦੀ ਉਸ ਸਮੇਂ ਮੇਜਰ ਮੈਕਡੋਨਲਡ ਕਮਾਂਡ ਕਰ ਰਿਹਾ ਸੀ ਅਤੇ ਜਨਰਲ ਡਾਇਰ ਅਜੇ ਤਕ ਨਹੀਂ ਸੀ ਪਹੁੰਚਿਆ। ਪਰ ਉਸੇ ਸ਼ਾਮ ਡਾਇਰ ਨੇ ਜਲੰਧਰ ਤੋਂ ਆ ਕੇ ਫ਼ੌਜ ਦੀ ਕਮਾਂਡ ਸੰਭਾਲ ਲਈ ਸੀ।

ਇਸ ਮੀਟਿੰਗ ਵਿਚ ਹਿੱਸਾ ਲੈ ਰਿਹਾ ਇਕ ਹੋਰ ਵਕੀਲ ਮੁਹੰਮਦ ਸਾਦਿਕ ਨੇ ਆਪਣੀ ਗਵਾਹੀ ਸਮੇਂ ਕਿਹਾ ਸੀ ਕਿ ਅੰਗਰੇਜ਼, ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣ ਲਈ ਬਜਿੱਦ ਸਨ, ਭਾਵੇਂ ਇਸ ਖਾਤਰ ਹਵਾਈ ਜਹਾਜ਼ ਵੀ ਵਰਤਣੇ ਪੈਣ... ਜਿਸ ਦੀ ਹਾਮੀ ਭਰਨ ਵਾਲਾ ਕਰਨਲ ਸਮਿਥ ਸਿਵਲ ਸਰਜਨ ਸਭ ਤੋਂ ਅੱਗੇ ਸੀ। ਉਸ ਨੇ ਆਪਣੇ ਸਾਥੀ ਵਕੀਲਾਂ ਸਮੇਤ ਪ੍ਰਸ਼ਾਸਨ ਨੂੰ ਅਜਿਹਾ ਕਰਨ ਤੋਂ ਰੋਕਿਆ.... ਤੇ ਉਨ੍ਹਾਂ ਦੀ ਮਦਦ 'ਤੇ ਪ੍ਰਿੰਸੀਪਲ Wathen ਖੁੱਲ੍ਹ ਕੇ ਬੋਲਿਆ ਤੇ ਅਜਿਹਾ ਸਖਤ ਐਕਸ਼ਨ ਲੈਣ ਤੋਂ ਪ੍ਰਸ਼ਾਸਨ ਨੂੰ ਰੋਕਿਆ ਸੀ।[੧੮] ਇਸ ਸਬੰਧ 'ਚ Melicent ਨੇ ਆਪਣੀ ਡਾਇਰੀ 'ਚ ਇਸ ਤਰ੍ਹਾਂ ਲਿਖਿਆ ਸੀ:

"Gerard (Wathen) eventually managed to convince Major MacDonald to allow the residents to form processions and conduct the funerals without interference. This was not to Kitchen's liking, but he had himself handed over the authority to the Army. Accordingly he could not complain when Officer Major MacDonald took a more lenient approach."[੧੯]

ਇਸ ਤੱਥ ਦੀ ਪੁਸ਼ਟੀ ਪੰਜਾਬ ਯੂਨੀਵਰਸਿਟੀ ਦੇ ਅਧਿਆਪਕ ਰਾਜਾ ਰਾਮ ਨੇ ਵੀ ਆਪਣੀ ਕਿਤਾਬ 'The Jallianwala Bagh Massarce' ਵਿਚ ਕੀਤੀ ਹੈ ਕਿ ਕਿਸ ਤਰ੍ਹਾਂ ਪ੍ਰਿੰਸੀਪਲ ਵਾਥਨ ਮਰਨ ਵਾਲਿਆਂ ਦੇ ਦਾਹ-ਸਸਕਾਰ ਸਮੇਂ ਨਾਲ ਚੱਲ ਰਹੀ ਭੀੜ ਉੱਪਰ ਹਵਾਈ ਜਹਾਜ਼ਾਂ ਨਾਲ ਬੰਬਾਰੀ ਰੋਕਣ ਵਿਚ ਸਫਲ ਹੋਇਆ ਸੀ:-

He was very fair and sane towards public demand to advise the officials that they should not take such a harsh view of the situation, and should behave more calmly and soberly (p. 79).

ਇਸ ਤਰ੍ਹਾਂ ਪ੍ਰਿੰਸੀਪਲ ਗੇਰਾਰਡ Gerard ਦੇ ਯਤਨਾਂ ਨਾਲ ਲੋਕਾਂ ਨੂੰ ਮਰਿਆਂ ਦਾ ਦਾਹ-ਸਸਕਾਰ ੧੧ ਅਪ੍ਰੈਲ ਨੂੰ ੨:੦੦ ਵਜੇ ਦੁਪਹਿਰ ਤਕ ਪੂਰਾ ਕਰਨ ਦੀ

ਆਗਿਆ ਮਿਲ ਗਈ ਅਤੇ ਨਾਲ ਇਹ ਹੁਕਮ ਵੀ ਹੋਇਆ ਕਿ ਜੇਕਰ ੧੫ ਮਿੰਟਾਂ 'ਚ ਲੋਕ ਘਰੋਂ-ਘਰੀਂ ਨਾ ਪਹੁੰਚੇ ਤਾਂ ਹਵਾਈ ਜਹਾਜ਼ਾਂ ਰਾਹੀਂ ਨਿਸ਼ਾਨਾ ਬਣਾਇਆ ਜਾਵੇਗਾ। Gerard ਨੇ ਆਪਣੇ ਤੌਰ ਉੱਪਰ ਕੁਝ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਤੇ ਇਕ ਮੌਲਵੀ ਨੂੰ ਸ਼ਹਿਰ ਭੇਜ ਦਿੱਤਾ ਸੀ ਕਿ ਉਹ ਲੋਕਾਂ ਨੂੰ ੨:੧੫ (ਸਵਾ ਦੋ) ਵਜੇ ਦੁਪਹਿਰ ਤਕ ਘਰੋਂ-ਘਰ ਪਹੁੰਚਣ ਲਈ ਬੇਨਤੀ ਕਰਨ। ਮੌਲਵੀ ਹਾਲ ਬਜ਼ਾਰ ਮਸਜਿਦ ਵਿਚ ਲੋਕਾਂ ਨੂੰ ਮੁਖ਼ਾਤਿਬ ਹੋਣ ਵਿਚ ਕਾਮਯਾਬ ਹੋ ਗਿਆ ਕਿ ਉਹ ਜਲਦੀ ਨਾਲ ਘਰ ਪਹੁੰਚ ਜਾਣ। ਪੂਰੇ ੨:੦੦ ਵਜੇ ਕਈ ਹਵਾਈ ਜਹਾਜ਼ ਸ਼ਹਿਰ ਉੱਪਰ ਉੱਡਣੇ ਸ਼ੁਰੂ ਹੋ ਗਏ ਸਨ, ਪਰ ਬੰਬਾਰੀ ਦੀ ਲੋੜ ਨਾ ਪਈ ਕਿਉਂਕਿ ੨:੧੫ ਵਜੇ ਤਕ ਸਭ ਆਪਣੇ-ਆਪਣੇ ਘਰ ਮੁੜ ਗਏ ਸਨ।[੨੦]

ਡਾਇਰ ਨੇ ੧੩ ਅਪ੍ਰੈਲ ਨੂੰ ਜਲਿਆਂਵਾਲਾ ਬਾਗ 'ਚ ਕੀਤੇ ਕਤਲ-ਏ-ਆਮ ਤੋਂ ਬਾਅਦ ਸ਼ਾਮ ਨੂੰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਸਮੇਤ ਸਾਰੇ ਯੂਰਪੀਅਨ ਅਧਿਕਾਰੀਆਂ ਨੂੰ ਆਪਣੇ ਹੈਡ-ਕੁਆਟਰ ਰਾਮ ਬਾਗ ਇਕੱਠੇ ਹੋਣ ਦਾ ਹੁਕਮ ਦਿੱਤਾ, ਕਿਉਂਕਿ ਉਸ ਨੂੰ ਬਗਾਵਤ ਦਾ ਡਰ ਸਤਾ ਰਿਹਾ ਸੀ ਕਿ ਵੱਖ-ਵੱਖ ਜਗ੍ਹਾ ਖਿੱਲਰੇ ਹੋਏ ਯੂਰਪੀਅਨ ਪਰਵਾਰਾਂ ਦਾ ਨੁਕਸਾਨ ਨਾ ਹੋਵੇ। ਬਾਕੀ ਪਰਵਾਰ ਪਹਿਲਾਂ ਹੀ ਕਿਲ੍ਹੇ ਅੰਦਰ ਪਹੁੰਚੇ ਹੋਏ ਸਨ। ਇਸ ਸਬੰਧ 'ਚ (Melicent) ਲਿਖਦੀ ਹੈ ਕਿ (Gerard) ਜੋ ਖ਼ੂਨ-ਖਰਾਬਾ ੧੦ ਤਾਰੀਖ ਤੋਂ ਬਾਅਦ ਬਚਾਉਣ ਦਾ ਯਤਨ ਕਰਦਾ ਆ ਰਿਹਾ ਸੀ, ਹੁਣ ਡਾਇਰ (Dyer) ਵਲੋਂ ਕੀਤਾ ਜਾ ਚੁੱਕਾ ਸੀ। ਮਰਨ ਵਾਲਿਆਂ ਵਿਚ ਉਸ ਦੇ ਕਾਲਜ ਦੇ ਵਿਦਿਆਰਥੀ ਵੀ ਸਨ। ਰਾਮ ਬਾਗ ਪਹੁੰਚ ਕੇ ਪ੍ਰਿੰਸੀਪਲ ਨੇ ਰੋਸ ਵਜੋਂ ਡਾਇਰ ਨੂੰ ਸਿੱਧਾ ਹੀ ਸੁਣਾ ਦਿੱਤਾ ਕਿ ਹਿੰਦੁਸਤਾਨ ਇਸ ਕਤਲ-ਏ-ਆਮ ਨੂੰ ਕਦੇ ਵੀ ਨਹੀਂ ਭੁੱਲੇਗਾ। ਇਸ ਵਾਰਤਾਲਾਪ ਬਾਰੇ ਪ੍ਰਿੰਸੀਪਲ ਦੀ ਪਤਨੀ (Melicent) ਨੇ ਆਪਣੀ ਡਾਇਰੀ ਵਿਚ ਇਸ ਤਰ੍ਹਾਂ ਲਿਖਿਆ ਸੀ:

To Gerard the shooting appeared to be completely unwarranted and he criticised General Dyer to his face, saying that 'India would never forget'. Dyer replied simply that 'he had to make up his mind in a few seconds or his men would have been overpowered... He also said he meant to strike hard as a lesson.'[੨੧]

੧੩ ਅਪ੍ਰੈਲ ਦੀ ਰਾਤ ਜਦ ਜਨਰਲ ਡਾਇਰ ਦੀ ਸਿਵਲ ਅਤੇ ਪੁਲਿਸ ਅਫਸਰਾਂ ਨਾਲ ਮੀਟਿੰਗ ਖਤਮ ਹੋਈ, ਤਾਂ ਡੀ.ਸੀ. ਨੇ ਇਕ ਆਮ ਜਿਹੀ ਛੋਟੀ ਤਾਰ ਲਾਹੌਰ ਭੇਜੀ ਕਿ ੭ ਲੋਕ ਗ੍ਰਿਫ਼ਤਾਰ ਕੀਤੇ ਗਏ ਹਨ ਤੇ ਲੋਕਾਂ ਦਾ ਇਕੱਠ ਰੋਕਣ ਖਾਤਰ ਵੱਡੀ ਗਿਣਤੀ ਵਿਚ ਮੌਤਾਂ ਹੋਈਆਂ ਹਨ। ਪ੍ਰਿੰਸੀਪਲ (Gerard) ਪ੍ਰਸ਼ਾਸਨ ਦੀ ਇਸ

ਕਾਰਵਾਈ 'ਤੇ ਖੁਸ਼ ਨਹੀਂ ਸੀ ਤੇ ਘਟਨਾ ਦੀ ਪੂਰੀ ਲਿਖਤੀ ਰਿਪੋਰਟ ਲਾਹੌਰ ਪਹੁੰਚਾਉਣ ਦੇ ਹੱਕ ਵਿਚ ਸੀ। ਇਸ ਕੰਮ ਲਈ ਪ੍ਰਿੰਸੀਪਲ (Gerard) ਨੇ ਖ਼ੁਦ ਰਾਤੋ ਰਾਤ ਇਹ ਰਿਪੋਰਟ ਲਾਹੌਰ ਲੈਫਟੀਨੈਂਟ ਗਵਰਨਰ ਤਕ ਪਹੁੰਚਾਉਣ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਹ ਆਪਣੇ ਇਕ ਸਾਥੀ ਮਿ. ਜੈਕਬ (Mr. Jacob) (ਜੋ ਫੈਕਟਰੀ ਮੈਨੇਜਰ ਸੀ) ਨਾਲ ਰਾਤੋ-ਰਾਤ ਲਾਹੌਰ ਪਹੁੰਚ ਗਿਆ ਤੇ ੩ ਵਜੇ ਲੈਫਟੀਨੈਂਟ ਗਵਰਨਰ (Lt. Governor) ਉਡਵਾਇਰ ਨੂੰ ਨੀਂਦ 'ਚ ਜਗਾ ਦਿੱਤਾ ਤੇ ਦੱਸਿਆ ਕਿ ਕਿਵੇਂ ਇੰਨੀ ਭਿਆਨਕ ਤਬਾਹੀ ਹੋਈ ਹੈ ਤੇ ਮੌਤਾਂ ਤੇ ਜ਼ਖਮੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ।[੨੨(a)] ਪ੍ਰਿੰਸੀਪਲ (Gerard) ਨੇ ਖੁੱਲ੍ਹ ਕੇ ਜਨਰਲ ਡਾਇਰ ਦੇ ਐਕਸ਼ਨ ਦੀ ਗਵਰਨਰ ਕੋਲ ਨਿੰਦਾ ਕੀਤੀ ਅਤੇ ਕਿਹਾ ਕਿ ਇਹ ਸਿਵਲ ਪ੍ਰਸ਼ਾਸਨ ਦੀ ਨਾਕਾਮੀ ਦਾ ਨਤੀਜਾ ਹੈ।

ਕਿਹਾ ਜਾ ਸਕਦਾ ਹੈ ਕਿ ਪ੍ਰਿੰਸੀਪਲ ਉੱਪਰ ਖ਼ਾਲਸਾ ਕਾਲਜ ਦੀ ਮੈਨੇਜਮੈਂਟ ਖ਼ਾਸ ਕਰਕੇ ਸਰਦਾਰ ਸੁੰਦਰ ਸਿੰਘ ਮਜੀਠੀਆ ਦੀ ਸੋਚ ਭਾਰੂ ਸੀ ਜੋ ਉਹ ਆਪਣੇ ਵਿਦਿਆਰਥੀਆਂ ਦੇ ਨਾਲ-ਨਾਲ ਲੋਕਾਂ ਦਾ ਦੁਖ-ਦਰਦ ਸਮਝਦੇ ਸਨ ਅਤੇ ਪ੍ਰਿੰਸੀਪਲ ਦੀ ਬੇਬਾਕ ਗੱਲਬਾਤ ਉਸੇ ਸੋਚ ਦਾ ਨਤੀਜਾ ਸੀ। ਕਿਹਾ ਜਾਂਦਾ ਹੈ ਕਿ ਗਵਰਨਰ ਨੇ Gerard ਦੀ ਅਜਿਹੀ ਪ੍ਰਸ਼ਾਸਨ ਅਧਿਕਾਰੀਆਂ ਦੇ ਉਲਟ ਜਾ ਕੇ ਕੀਤੀ ਬਿਆਨਬਾਜ਼ੀ ਦਾ ਬੁਰਾ ਮਨਾਇਆ ਤੇ ਉਸ ਨੂੰ ਵਾਪਸ ਅੰਮ੍ਰਿਤਸਰ ਜਾਣ ਲਈ ਕਿਹਾ, ਨਾਲ ਹੀ ਲੈਫ਼ਟੀਨੈਂਟ ਗਵਰਨਰ ਨੇ ਪ੍ਰਿੰਸੀਪਲ ਨੂੰ ਅਜਿਹੇ ਸਰਕਾਰ ਦੇ ਉਲਟ ਦਿੱਤੇ ਬਿਆਨਾਂ ਤੋਂ ਵਰਜਿਆ ਅਤੇ ਉਸ ਨੂੰ ਆਪਣੇ ਕਾਲਜ ਦੇ ਕੰਮਾਂਕਾਰਾਂ ਤਕ ਹੀ ਸੀਮਤ/ਪਾਬੰਦ ਰਹਿਣ ਲਈ ਕਿਹਾ ਕਿ ਉਹ ਉਸ ਨਾਲ ਆਦਰ-ਸਤਿਕਾਰ ਵਿਚ ਰਹਿ ਕੇ ਗੱਲਬਾਤ ਨਹੀਂ ਕਰ ਰਿਹਾ।[੨੨(b)] ਗਵਰਨਰ ਨੇ ਕਮਿਸ਼ਨਰ (Kitchin) ਨੂੰ ਜੋ (Gerard) ਨਾਲ ਸਵੇਰੇ ੩ ਵਜੇ ਹੋਈ ਗੱਲਬਾਤ ਸਮੇਂ ਹਾਜ਼ਰ ਸੀ, ੬:੦੦ ਵਜੇ ਸਵੇਰੇ ਅੰਮ੍ਰਿਤਸਰ ਲਈ ਰਵਾਨਾ ਕਰ ਦਿੱਤਾ ਜੋ ਉਹ ਡਾਇਰ ਤੋਂ ਸਾਰੀ ਜਾਣਕਾਰੀ ਪ੍ਰਾਪਤ ਕਰ ਸਕੇ। ਗੇਰਾਰਡ (Gerard) ਦੀ ਗੱਲਬਾਤ ਜੋ ਗਵਰਨਰ ਨਾਲ ਹੋਈ, ਬਾਰੇ ਮੈਲੀਸੈਂਟ (Melicent) ਨੇ ਆਪਣੀ ਡਾਇਰੀ ਵਿਚ ਇਸ ਤਰ੍ਹਾਂ ਲਿਖਿਆ ਸੀ:-

"Then Gerard as was his way spoke his mind. He told Sir Michael that unless he wanted trouble in the future with the leaders and to stir up bitter political feeling both immediately and for years to come, he should immediately go to Amritsar himself.... have Dyer replaced.... and admit a mistake had been made.... not in the actual firing.... but in the amount that was done."[੨੩]

ਗੇਰਾਰਡ (Gerard) ਨੇ ਵਾਪਸ ਇੰਗਲੈਂਡ ਪਹੁੰਚ ਕੇ ੧੯੨੪ ਈ. ਨੂੰ ਫਿਰ ਦੁਹਰਾਇਆ ਸੀ ਕਿ ੧੦ ਅਪ੍ਰੈਲ, ੧੯੧੯ ਨੂੰ ਇਵੇਂ ਲੱਗ ਰਿਹਾ ਸੀ ਕਿ ਸਰਕਾਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ ਅਤੇ ਜਨਰਲ ਡਾਇਰ ਵੱਲੋਂ ਕੀਤੀ ਗਈ ਫਾਇਰਿੰਗ ਸਰਕਾਰੀ ਹੁਕਮਾਂ ਦੇ ਵਿਰੁੱਧ ਸੀ। ਪਰ ਸਵਾਲ ਤਾਂ ਇਹ ਸੀ ਕਿ ਫਾਇਰਿੰਗ ਲੋਕਾਂ ਨੂੰ ਖਿੰਡਾਉਣ ਲਈ ਕਿਸ ਹੱਦ ਤਕ ਸਹੀ ਸੀ ਨਾ ਕਿ ਲੋਕਾਂ ਨੂੰ ਖਤਮ ਕਰਨ ਤਕ। ਉਸ ਨੇ ਆਪਣੀ ਇਕ ਚਿੱਠੀ ਵਿਚ ਮਰਨ ਵਾਲਿਆਂ ਦੀ ਗਿਣਤੀ ੧੦੪੨ ਲਿਖੀ ਸੀ ਤੇ ਲੋਕਾਂ ਦਾ ਇਕੱਠ ੨੦,੦੦੦ ਦੇ ਲੱਗਭਗ ਲਿਖਿਆ ਸੀ।[੨੪]

ਇਸ ਤਰ੍ਹਾਂ ਖ਼ਾਲਸਾ ਕਾਲਜ ਦਾ ਪ੍ਰਿੰਸੀਪਲ ਇਸ ਸਾਕੇ ਦਾ ਮੁੱਖ ਗਵਾਹ ਸੀ, ਉਸ ਦੀ ਨਾ ਹੀ ਫ਼ੌਜ (GeneralDyer) ਅਤੇ ਨਾ ਹੀ ਲੈਫਟੀਨੈਂਟ ਗਵਰਨਰ ਪੰਜਾਬ (O'Dwyer) ਨਾਲ ਕੋਈ ਹਮਦਰਦੀ ਸੀ। ਸ਼ਾਇਦ ਇਸ ਲਈ ਹੀ ਉਸ ਨੂੰ ਗਵਾਹੀ ਲਈ 'ਹੰਟਰ ਕਮੇਟੀ' ਸਾਹਮਣੇ ਨਹੀਂ ਸੀ ਬੁਲਾਇਆ ਗਿਆ। ਜਦ ਸ਼ਹੀਦ ਊਧਮ ਸਿੰਘ ਨੇ ੧੯੪੦ ਨੂੰ ਲੰਡਨ ਵਿਖੇ ਜਨਰਲ ਡਾਇਰ ਦੇ ਹਮਾਇਤੀ, ਪੰਜਾਬ ਦੇ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਉਡਵਾਇਰ ਨੂੰ ਮਾਰ ਕੇ ਇਸ ਸਾਕੇ ਦਾ ਬਦਲਾ ਲਿਆ ਤਾਂ Gerard ਨੇ ਆਪਣੀ ਇਕ ਚਿੱਠੀ ਵਿਚ ਇਸ ਤਰ੍ਹਾਂ ਲਿਖਿਆ ਸੀ ਜੋ ਲੰਡਨ ਦੀ ਅਖ਼ਬਾਰ 'The Times' ਮਿਤੀ ੨੫ ਮਾਰਚ, ੧੯੪੦ ਈ. ਵਿਚ ਛਪੀ ਸੀ ਕਿ ਕਿਸ ਤਰ੍ਹਾਂ ਉਸ ਨੇ ਇਸ ਸਾਕੇ ਦੀ ਰਾਤ ਲਾਹੌਰ ਪਹੁੰਚ ਕੇ ਉਡਵਾਇਰ ਨੂੰ ਇਸ ਬਰਬਰਤਾ ਬਾਰੇ ਖ਼ਬਰਦਾਰ ਕੀਤਾ ਸੀ:-

"It fell to me to be the first to tell Sir Michael O'Dwyer of the shooting in the Jallianwala Bagh. I reached Government House Lahore from Amritsar at 3 AM that night and urged Sir Michael to go at once to Amritsar and replace in the hands of the civil authorities the power being vested then under Martial Law in the hands of General Dyer. I told him that I feared intense bitterness among Sikhs and probably arising. He took a different view; said that shooting, however horrible, would mean an end of rioting, and besides, he added, I always trust the man upon the spot."[੨੫]

ਪ੍ਰਿੰਸੀਪਲ ਗੇਰਾਰਡ ਵੱਲੋਂ ਨਿਭਾਏ ਗਏ ਕਿਰਦਾਰ ਨੂੰ ਯਾਦ ਕਰਦੇ ਹੋਏ ਡਾ. ਗੋਪਾਲ ਸਿੰਘ ਜੀ ਲਿਖਦੇ ਹਨ ਕਿ ਜਦੋਂ ਜਲਿਆਂਵਾਲਾ ਬਾਗ ਦੇ ਦੁਖਾਂਤ ਤੋਂ ਬਾਅਦ ਸਰਕਾਰੀ ਹਸਪਤਾਲ ਦਾ ਅੰਗਰੇਜ਼ ਸਿਵਲ ਸਰਜਨ ਕਰਨਲ ਸਮਿਥ ਤੇ ਪਾਦਰੀ ਮੈਕੰਜੀ ਭੜਕੀ ਭੀੜ ਵੱਲੋਂ ਮਾਰੇ ਗਏ ਅੰਗਰੇਜ਼ਾਂ ਦਾ ਬਦਲਾ ਲੈਣ ਲਈ, ਉਨ੍ਹਾਂ ਨੂੰ

ਸਬਕ ਸਿਖਾਉਣ ਲਈ ਹਵਾਈ ਜਹਾਜ਼ਾਂ ਰਾਹੀਂ ਬੰਬਾਰੀ ਕਰਨ ਲਈ ਜਨਰਲ ਡਾਇਰ ਨੂੰ ਉਤਸ਼ਾਹਿਤ ਕਰ ਰਹੇ ਸਨ ਤਾਂ ਉਸ ਸਮੇਂ ਡਾਇਰ ਨੂੰ ਅਜਿਹੀ ਕਾਰਵਾਈ ਤੋਂ ਵਰਜਨ ਵਾਲਾ ਪ੍ਰਿੰਸੀਪਲ ਗੇਰਾਰਡ ਏ ਵਾਥਨ ਹੀ ਸੀ। ਡਾ. ਗੋਪਾਲ ਸਿੰਘ ਅਨੁਸਾਰ:-

It was G.A. Wathen who protested that if any harm came to Golden Temple, the Sikh soldiers would rebel. It is this warning that made Gen. Dyer desist from worse crime and his name is still cheristhed by his old student.[੨੬]

**ਹਵਾਲੇ**


੯. Wagner Kim A. *Jallianwala Bagh,* p. 39

੧੦. Do, p. 41

੧੧. Do, p. 60

੧੨. Do, p. 61

੧੩. Do, p. 118

੧੪. Rekhi Gurnam Singh, *Sir Sunder Singh Majithia and His Relevance in Sikh Politics,* p. 26, Har-Anand Publications, New Delhi, 1999

੧੫. Dutta, V.N., *Jallianwala Bagh,* p. 43

੧੬. Rekhi, Gurnam Singh, *Sir Sunder Singh Majithia,* p. 48

੧੭. Wagner, Kim A., *Jallianwala Bagh,* p. 114

੧੮. Do, p. 123-24

੧੯. Do, p. 124

੨੦ Do, p. 126 and Collett, Nigel, *The Butcher of Amritsar,* General Reiginald Dyer Hambledon and London, New York, 2005

੨੧. Do, p. 174 and Collett, Nigel, p. 264

੨੨(a). Do, p. 174-75

੨੨(b). Nigel Collett, *The Butcher of Amritsar,* p. 265

੨੩. Wagner Kin A, *Jallianwala Bagh,* p. 175

੨੪. Do, p. 183

੨੫. Do, p. 248-49

੨੬. Dr. Gopal Singh, *A History of The Sikh People,* p. 648, World Sikh University Press

ਕਵਿਤਾ

# ਪਾਂਡੀ ਪਾਤਸ਼ਾਹ

*-ਵਿਧਾਤਾ ਸਿੰਘ ਤੀਰ**

ਕੋਈ ਰੋਕੇ ਭਲਾ ਕਿਵੇਂ, ਸਾਹਿਬ ਦੇ ਭਾਣੇ ਨੂੰ।
ਇੱਕ ਵੇਲਾ ਐਸਾ ਵੀ, ਆਇਆ ਇਸ ਧਰਤੀ 'ਤੇ,
ਦਾਤਾ ਵੀ ਸਹਿਕ ਗਿਆ, ਜਦ ਇੱਕ ਇੱਕ ਦਾਣੇ ਨੂੰ।

ਭੁੱਖੇ ਬਘਿਆੜ ਜਿਉਂ, ਆ ਕਹਿਰੀ ਕਾਲ ਪਿਆ।
ਧਰਤੀ ਇਹ ਭਾਗ-ਭਰੀ, ਪੰਜਾਂ ਦਰਿਆਵਾਂ ਦੀ,
ਮੂੰਹ ਆਈ ਆਫ਼ਤ ਦੇ, ਕੋਈ ਉਲਟਾ ਫ਼ਾਲ ਪਿਆ।

ਮੁਟਿਆਰਾਂ ਕੁੜੀਆਂ ਵੀ, ਪੂਣੀ ਜਿਉਂ ਹੋ ਗਈਆਂ।
ਪਿਤ ਪੈ ਗਏ ਭੋਖੋਂ ਦੇ, ਸਭ ਛੈਲ ਜਵਾਨਾਂ ਨੂੰ,
ਰੱਤਾ ਵਿਚ ਨਾੜਾਂ ਦੇ, ਸੁੱਕੀਆਂ ਤੇ ਖਲੋ ਗਈਆਂ।

ਬੁੱਢਿਆਂ ਦਾ ਹਾਲ ਬੁਰਾ, ਗਭਰੂ ਵੀ ਝੁਕ ਗਏ ਸਨ।
ਨਾ ਪੇਟ ਪਿਆ ਝੁਲਕਾ, ਨਾ ਭੁੱਖ ਦੀ ਅੱਗ ਬੁੱਝੀ,
ਮਾਵਾਂ ਦੀ ਛਾਤੀ 'ਚੋਂ, ਦੁੱਧ ਸੜ ਸੜ ਸੁੱਕ ਗਏ ਸਨ।

ਕਈ ਹੀਰੇ ਮਾਵਾਂ ਦੇ, ਲੱਖ ਤਰਲੇ ਕਰਨ ਲੱਗੇ।
ਚੁੰਘ ਚੁੰਘ ਕੇ ਥਣ ਸੁੱਕੇ, ਲੈ ਲੈ ਵਿਲਕਣੀਆਂ,
ਜਦ ਜੀਵਨ ਜੋਗੇ ਵੀ, ਲੁਛ ਲੁਛ ਕੇ ਮਰਨ ਲੱਗੇ।

ਪੰਜਾਬੀ ਰਾਜ ਤੋਂ, 'ਰਣਜੀਤ' ਪਿਆਰੇ ਤੋਂ।
ਇਹ ਝਾਕੀ ਦਰਦਾਂ ਦੀ, ਤਦ ਗਈ ਸਹਾਰੀ ਨਾ।
ਦੁਖੀਆਂ ਦੇ ਦਰਦੀ ਤੋਂ, ਲਿਸਿਆਂ ਦੇ ਸਹਾਰੇ ਤੋਂ।

ਢੰਡੋਰਾ ਦੇ ਦਿੱਤਾ, ਹੋਕਾ ਫਿਰਵਾ ਦਿੱਤਾ।
ਪਤਣਾਂ ਚੌਰਾਹਿਆਂ 'ਤੇ, ਸ਼ਾਹੀ ਦਰਵਾਜ਼ੇ 'ਤੇ।
ਇਹ ਮੋਟੇ ਅੱਖਰਾਂ ਵਿਚ, ਲਿਖ ਕੇ ਲਗਵਾ ਦਿੱਤਾ।

"ਰਾਜਾ ਤਾਂ 'ਰਾਖਾ ਹੈ', 'ਭੰਡਾਰਾ ਪਰਜਾ ਦਾ'।"
ਤੜਕੇ ਤੋਂ ਸ਼ਾਮਾਂ ਤੱਕ, ਦਰਵਾਜ਼ੇ ਖੁੱਲ੍ਹੇ ਹਨ।
ਅੰਨ ਹਰ ਕੋਈ ਲੈ ਜਾਵੇ, ਹੈ ਸਾਰਾ ਪਰਜਾ ਦਾ।

ਇੱਕ ਵਾਰੀ ਜਿਤਨੇ ਵੀ, ਕੋਈ ਚਾ ਕੇ ਲੈ ਜਾਵੇ।
ਹਿੰਦੂ ਸਿੱਖ ਮੁਸਲਮ ਦਾ, ਕੋਈ ਮੂਲ ਮੁਲਾਹਜ਼ਾ ਨਹੀਂ।
ਹੈ ਜਿਸ ਨੂੰ ਲੋੜ ਬਣੀ, ਉਹ ਆ ਕੇ ਲੈ ਜਾਵੇ।"

ਸੁੰਞੇ ਜਿਹੇ ਕੂਚੇ ਵਿਚ, ਲਾਹੌਰ ਦੀ ਵਾਸੀ ਵਿਚ।
ਇੱਕ ਮੋਚੀ-ਬੱਚੜੇ ਦੀ, ਕੰਨੀਂ ਇਹ ਭਿਣਕ ਪਈ।
ਇੱਕ 'ਆਸਾ' ਚਮਕ ਪਈ, ਝਟ ਆਣ 'ਉਦਾਸੀ' ਵਿਚ।
ਝਟ ਬੂਹਿਓਂ ਅੰਦਰ ਹੋ, ਦਾਦੇ ਦੁਖਿਆਰੇ ਨੂੰ।
ਇਉਂ ਪੋਤਾ ਕਹਿਣ ਲੱਗਾ, ਢਿੱਡ ਉੱਤੇ ਹੱਥ ਧਰ ਕੇ।
ਭੁੱਖਾਂ ਦੇ ਰੁਲਾਏ ਨੂੰ, ਵਖਤਾਂ ਦੇ ਮਾਰੇ ਨੂੰ।
"ਬਾਬਾ ਦੀ 'ਲਾਦੇ' ਦਾ, ਤਹਿ ਦਿਆ 'ਪਛਾਹੀ' ਹੈ।
ਲਾਦੇ ਦੇ ਮਹਿਲਾਂ ਤੋਂ, ਛਬ ਦਾਣੇ ਲੈ ਆਵੋ।
ਉੱਥੇ ਤੋਈ ਧਾਟਾ ਨਹੀਂ, ਅਦ-ਬੇ-ਪਲਵਾਹੀ ਹੈ।
ਜੇ ਮੇਲੇ ਨਾਲ ਤਲੋ, ਦਾਣੇ ਲੈ ਆਵਾਂ ਦੇ।
ਦੰਦੋਲੀ ਉਲ੍ਹੇ ਕਲੋ, ਮੈ ਫਲ ਤੇ ਤੁਲਦਾ ਹਾਂ।
ਜੇ ਤਲ 'ਤੇ ਲੈ ਆਈਏ, ਲਦ ਲਦ 'ਤੇ ਥਾਵਾਂ ਦੇ।"
ਸੁਣ ਬੁੱਢੜੇ ਮੋਚੀ ਨੂੰ, ਲੱਗ ਸੀਨੇ ਤੀਰ ਗਿਆ।
ਪੋਤੇ ਦੀਆਂ ਲਾਡਲੀਆਂ, ਥਥੀਆਂ ਤੇ ਤੋਤਲੀਆਂ,
ਘਾ ਦਿਲ 'ਤੇ ਕਰ ਗਈਆਂ, ਨੈਣਾਂ 'ਚੋਂ ਨੀਰ ਗਿਆ।
ਤੱਕ ਹਿੰਮਤ ਆਪਣੀ ਨੂੰ, ਪਹਿਲੇ ਤਾਂ ਝੁਰਿਆਂ ਉਹ।
ਪਰ ਆਜਜ਼ ਪੋਤੇ ਦੀ, ਭੁੱਖ ਜਿੰਦ ਨੂੰ ਖਾਂਦੀ ਸੀ।
ਹੱਥਾਂ 'ਚ ਡੰਗੋਰੀ ਲੈ, ਲੱਕ ਬੰਨ੍ਹ ਕੇ ਟੁਰਿਆਂ ਉਹ।
ਹਿਚਕੋਲੇ ਖਾਂਦਾ ਉਹ, ਇਉਂ ਜੀਉਂਦਾ ਮਰਦਾ ਉਹ।
ਪੋਤੇ ਨੂੰ ਨਾਲ ਲਈ, ਡੰਗੋਰੀ ਫੜੀ ਹੋਈ।
ਪੁੱਜ ਗਿਆ ਭੰਡਾਰੇ 'ਤੇ, ਲੱਖ ਤਰਲੇ ਕਰਦਾ ਉਹ।
ਘਿਗਿਆਈ ਬੋਲੀ ਵਿਚ, ਉਸ ਅਰਜ਼ ਸੁਣਾ ਦਿੱਤੀ।
ਜਾ ਕੋਲ ਭੰਡਾਰੀ ਦੇ, ਮਾਰੇ ਲਾਚਾਰੀ ਦੇ।
ਮੈਲੀ ਜਿਹੀ ਚਾਦਾਰ ਹੀ, ਚੁੱਪ ਚਾਪ ਵਿਛਾ ਦਿੱਤੀ।
ਦਰਦੀ ਭੰਡਾਰੀ ਨੇ, ਝੱਟ ਚਾਦਰ ਭਰ ਦਿੱਤੀ।
ਉਸ ਦਰਦ-ਰੰਞਾਣੇ ਦੀ, ਉਸ ਭੁੱਖਣ-ਭਾਣੇ ਦੀ,
ਆਸਾ ਜੋ ਦਿਲ ਦੀ ਸੀ, ਝੱਟ ਪੂਰੀ ਕਰ ਦਿੱਤੀ।
ਪਰ ਪੰਡ ਜੋ ਬੰਨ੍ਹ ਧਰੀ, ਸੀ ਦੋ ਮਣ ਭਾਰੀ ਉਹ।
ਇੱਕ ਬਾਲ ਅੰਞਾਣਾ ਸੀ, ਇੱਕ ਬਾਬਾ ਬੁੱਢੜਾ ਸੀ।
ਪੰਡ ਚੁੱਕਦਾ ਕੌਣ ਭਲਾ, ਟੁਰਨੋਂ ਸੀ ਆਰੀ ਉਹ।
ਆਖ਼ਰ ਇਉਂ ਕੁਦਰਤ ਨੇ, ਇੱਕ ਢੋ ਢੁਕਾਇਆ ਹੈ।

ਇੱਕ ਸਿੱਖ ਚਿਟ-ਕਾਪੜਿਆ, ਦਾੜ੍ਹੀ ਸੂ ਦੁੱਧ ਜਿਹੀ,
ਉਸ ਬੁੱਢੜੇ ਬਾਬੇ ਵੱਲ, ਔਹ ਭਜਿਆ ਆਇਆ ਹੈ।
ਕੀਤੀ ਹਮਦਰਦੀ ਆ, "ਐਵੇਂ ਨਾ ਝੁਰ ਬਾਬਾ।
ਮੈਂ ਤੇਰਾ ਪੁੱਤਰ ਹਾਂ", ਕਹਿ ਪੰਡ ਉਠਾ ਲੀਤੀ।
ਫਿਰ ਬੋਲਿਆ ਬਾਬੇ ਨੂੰ, "ਚਲ ਘਰ ਨੂੰ ਟੁਰ ਬਾਬਾ।"
ਤੱਕ ਬੁੱਢੜੇ ਮੋਚੀ ਨੇ, ਲੱਖ ਸ਼ੁਕਰ ਮਨਾਇਆ ਹੈ।
ਦਿਲ ਦੇ ਵਿਚ ਕਹਿੰਦਾ ਹੈ : "ਇਹ ਬੰਦਾ ਬੰਦਾ ਨਹੀਂ,
ਇਸ ਆਜ਼ਜ਼ ਬੰਦੇ ਲਈ, ਇਹ ਅੱਲਾ ਆਇਆ ਹੈ।"
ਔਹ! ਪਾਂਡੀ ਜਾਂਦਾ ਹੈ, ਕਿਹਾ ਸੋਹਣਾ ਲੱਗਦਾ ਹੈ।
ਭਾਰੀ ਹੈ ਪੰਡ ਬੜੀ, ਪੈਂਡਾ ਵੀ ਚੋਖਾ ਹੈ।
ਪਾਂਡੀ ਦੇ ਪਿੰਡੇ 'ਚੋਂ, ਪਿਆ ਮੁੜ੍ਹਕਾ ਵੱਗਦਾ ਹੈ।
ਪੁੱਜ ਗਿਆ ਟਿਕਾਣੇ 'ਤੇ, ਮੋਚੀ ਦੇ ਘਰ ਆਇਆ।
ਪੰਡ ਸੁੱਟ ਕੇ ਮੁੜਿਆ ਜਾਂ, ਜਾਂ ਓਥੋਂ ਤੁਰਨ ਲੱਗਾ।
ਉਸ ਬੁੱਢੜੇ ਮੋਚੀ ਦਾ, ਦਿਲ ਡਾਢਾ ਭਰ ਆਇਆ।
ਉਸ ਪਿਆਰੇ ਪਾਂਡੀ ਦੀ, ਉਸ ਸੋਹਣੇ ਪਾਂਡੀ ਦੀ।
ਉਸ ਕੰਨੀ ਪਕੜ ਲਈ, ਮਨਮੋਹਣੇ ਪਾਂਡੀ ਦੀ।
ਦਿਲਦਾਰੀ ਇਉਂ ਕੀਤੀ, ਦਿਲ ਖੋਹਣੇ ਪਾਂਡੀ ਦੀ :
"ਸਰਦਾਰਾ! ਜੀਉਂਦਾ ਰਹੁ, ਕੀ ਨਾਂ ਹੈ ਦੱਸ ਤੇਰਾ।
ਤੂੰ ਮੁੱਲ ਲੈ ਲੀਤਾ ਏ, ਇਸ ਬੁੱਢੜੇ ਮੋਚੀ ਨੂੰ।
ਕਬਰਾਂ ਵਿਚ ਪੈ ਕੇ ਵੀ, ਗਾਵੇਗਾ ਯੱਸ ਤੇਰਾ।"
ਉਸ ਹੀਰੇ ਪਾਂਡੀ ਨੇ, ਝੱਟ ਚਾਦਰ ਲਾਹ ਦਿੱਤੀ।
ਬਰਦੀ ਵੀ ਸ਼ਾਹੀ ਸੀ, ਸਿਰ 'ਤੇ ਵੀ ਕਲਗੀ ਸੀ।
ਇਹ ਕਹਿ ਕੇ ਬੁੱਢੜੇ ਨੂੰ, ਇੱਕ ਹਲਚਲ ਪਾ ਦਿੱਤੀ।
"ਬਾਬਾ ਮੈਂ ਰਾਜਾ ਹਾਂ, ਨਾਂ ਹੈ 'ਰਣਜੀਤ' ਮੇਰਾ।
'ਨੇਕੀ' ਹੈ ਕਾਰ ਮੇਰੀ, ਸਾਂਝਾ ਹੈ ਧਰਮ ਮੇਰਾ।
ਪਰਜਾ ਲਈ ਜਾਨ ਦਿਆਂ, ਪੇਸ਼ਾ ਹੈ 'ਪ੍ਰੀਤ' ਮੇਰਾ।
ਕਾਬਲ ਦੀਆਂ ਕੰਧਾਂ ਤੱਕ, ਮੈਂ ਪਾਉਂਦਾ ਘੂਕਰ ਹਾਂ।
ਪਰ ਪਿਆਰੇ ਬਾਬਾ ਜੀ, ਪਰਜਾ ਦਾ ਕੂਕਰ ਹਾਂ।" ■

ਕਵਿਤਾ

# ਤੇਰੇ ਚਰਨਾਂ ਵਿਚ ਕਰਾਂ ਅਰਦਾਸ ਦਾਤਾ

*-ਕਵੀਸ਼ਰ ਮਲਕੀਤ ਸਿੰਘ ਵਰਪਾਲ**

ਹੱਥ ਜੋੜ ਕੇ ਗਲ਼ ਵਿਚ ਪਾ ਪੱਲਾ, ਤੇਰੇ ਚਰਨਾਂ ਵਿਚ ਕਰਾਂ ਅਰਦਾਸ ਦਾਤਾ,
ਫ਼ੈਲ ਚੁੱਕੀ ਜੋ ਦੁਨੀਆ 'ਤੇ ਮਹਾਂਮਾਰੀ, ਕਰੋਨਾ ਵਾਇਰਸ ਨੂੰ ਕਰ ਦਿਓ ਨਾਸ਼ ਦਾਤਾ।
ਦੁਖਾਂ ਵਿਚ ਹੈ ਘਿਰੀ ਮਨੁੱਖਤਾ ਜੋ, ਲਾ ਕੇ ਨਾਮ ਵਾਲਾ ਚੱਪੂ ਕਰ ਪਾਰ ਦਾਤਾ,
ਸੁਖੀ ਵੱਸਣ ਸੰਸਾਰ ਦੇ ਲੋਕ ਸਾਰੇ, ਹੋ ਜਾਏ ਕਰੋਨਾ ਦੀ ਹਾਰ ਦਾਤਾ।
ਮਿਹਰ ਹੋਵੇ ਤਾਂ ਚੜੇ ਪਹਾੜ ਪਿੰਗਲਾ, ਗੂੰਗਾ ਵਾਂਗਰਾਂ ਤੋਤੇ ਦੇ ਬੋਲਦਾ ਏ,
ਜਿਸ ਨੂੰ ਆਪਣੇ-ਆਪ ਦੀ ਸਮਝ ਕੋਈ ਨਾ, ਗੁੱਝੇ ਭੇਦ ਸੰਸਾਰ ਦੇ ਖੋਲ੍ਹਦਾ ਏ।
ਤੈਨੂੰ ਭੁੱਲ ਗਏ ਬਹੁਤ ਹੀ ਦੁਖ ਪਾਏ, ਬਖ਼ਸ਼ਣ ਹਾਰਿਆ ਬਖਸ਼ ਇੱਕ ਵਾਰ ਦਾਤਾ।
ਸੁਖੀ ਵੱਸਣ ਸੰਸਾਰ ਦੇ ਲੋਕ ਸਾਰੇ, ਹੋ ਜਾਏ ਕਰੋਨਾ ਦੀ ਹਾਰ ਦਾਤਾ।
ਸਾਇੰਸਦਾਨਾਂ ਦੀ ਸਾਇੰਸ ਅੱਜ ਫੇਲ ਹੋ ਗਈ, ਸਭੇ ਗਏ ਵਿਗਿਆਨੀ ਵੀ ਹੰਭ ਦਾਤਾ,
ਲੁਕ ਗਏ ਛਲ, ਕਪਟ, ਧੋਖ਼ੇਬਾਜ਼ ਸਾਰੇ, ਆਇਆ ਤੇਰਾ ਦਰਬਾਰ ਅੱਜ ਕੰਮ ਦਾਤਾ।
ਤੰਦਰੁਸਤੀ ਦੀ ਚਾਬੀ ਹੈ ਕੋਲ ਤੇਰੇ, ਲਾ ਕੇ ਖੋਲ੍ਹ ਦਿਉ ਬੰਦ ਕਵਾੜ ਦਾਤਾ,
ਸੁਖੀ ਵੱਸਣ ਸੰਸਾਰ ਦੇ ਲੋਕ ਸਾਰੇ, ਹੋ ਜਾਏ ਕਰੋਨਾ ਦੀ ਹਾਰ ਦਾਤਾ।
ਲੋਭ ਈਰਖਾ ਦੇ ਨਸ਼ੇ ਵਿਚ ਖੰਘਦੇ ਜੋ, ਖੰਘ ਆਉਣ 'ਤੇ ਵੀ ਹੁਣ ਨਹੀਂ ਖੰਘਦੇ ਉਹ,
ਦਾਅਵੇ ਕਰਦੇ ਸੀ ਜੋ ਰੱਬ ਮਿਲਾਉਣ ਵਾਲੇ, ਤੰਦਰੁਸਤੀ ਅੱਜ ਤੇਰੇ ਤੋਂ ਮੰਗਦੇ ਉਹ।
ਚੀਨ, ਕਨੇਡਾ, ਅਮਰੀਕਾ ਜੋ ਦੇਸ਼ ਵੱਡੇ, ਤੇਰੀ ਸਿੱਖੀ ਨੂੰ ਕਰਨ ਨਮਸਕਾਰ ਦਾਤਾ,
ਸੁਖੀ ਵੱਸਣ ਸੰਸਾਰ ਦੇ ਲੋਕ ਸਾਰੇ, ਹੋ ਜਾਏ ਕਰੋਨਾ ਦੀ ਹਾਰ ਦਾਤਾ।
ਸੂਰਜ ਚੰਦ ਤਾਰੇ ਸਭੇ ਪੌਣ ਪਾਣੀ, ਤੇਰੇ ਇੱਕ ਇਸ਼ਾਰੇ ਨਾਲ ਚੱਲਦੇ ਨੇ,
ਤੇਰੇ ਸਾਹਮਣੇ ਕਰੋਨਾ ਦੀ ਅਹਿਮੀਅਤ ਕੀ, ਸ਼ਾਂਤ ਹੋਣ ਸਮੁੰਦਰ ਜੋ ਛਲਦੇ ਨੇ।
ਤੇਰੇ ਦਰ ਤੋਂ ਕਾਂ ਨੇ ਹੰਸ ਬਣਦੇ, ਲਈ ਕੋਹੜਿਆਂ ਜਿੰਦ ਸਵਾਰ ਦਾਤਾ,
ਸੁਖੀ ਵੱਸਣ ਸੰਸਾਰ ਦੇ ਲੋਕ ਸਾਰੇ, ਹੋ ਜਾਏ ਕਰੋਨਾ ਦੀ ਹਾਰ ਦਾਤਾ।
ਤੇਰੀ ਗੋਲਕ ਤੇ ਲੰਗਰਾਂ ਤਾਈਂ ਦਾਤਾ, ਰਹੇ ਭੰਡਦੇ ਨਾਸਤਿਕ ਲੱਭਦੇ ਨਹੀਂ,
ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਦਿਨੇਂ ਰਾਤੀ, ਦਰਦ ਵੰਡਾਂਵਦੇ ਦਾਤਿਆ ਥੱਕਦੇ ਨਹੀਂ।
ਘਰੋਂ-ਘਰੀਂ ਪੁਚਾਇਆ ਫਸੇ ਯਾਤਰੀ ਜੋ, ਖੋਲ੍ਹੇ ਚੌਵ੍ਹੀ ਘੰਟੇ ਲੰਗਰ ਭੰਡਾਰ ਦਾਤਾ,
ਸੁਖੀ ਵੱਸਣ ਸੰਸਾਰ ਦੇ ਲੋਕ ਸਾਰੇ, ਹੋ ਜਾਏ ਕਰੋਨਾ ਦੀ ਹਾਰ ਦਾਤਾ।
ਕੁੱਲ ਆਲਮ ਪਿਆ ਤੈਨੂੰ ਡੰਡਉਤ ਕਰਦਾ, ਆਜਾ ਦਰਦੀਆ ਦਰਦ ਵੰਡਾ ਆ ਕੇ,
ਮਲਕੀਤ ਸਿੰਘ ਦੀ ਬਿਨੇ ਕਬੂਲ ਕਰ ਲੈ, ਮੀਂਹ ਰਹਿਮਤਾਂ ਵਾਲਾ ਬਰਸਾ ਆ ਕੇ।
ਗੁਰਿੰਦਰ ਅਤੇ ਜਗਬੀਰ ਸਿੰਘ ਸਭ ਸੁਖੀ ਵੱਸਣ, ਖਿੜ ਜਾਏ ਅੱਜ ਨਵੀਂ ਬਹਾਰ ਦਾਤਾ।
ਸੁਖੀ ਵੱਸਣ ਸੰਸਾਰ ਦੇ ਲੋਕ ਸਾਰੇ, ਹੋ ਜਾਏ ਕਰੋਨਾ ਦੀ ਹਾਰ ਦਾਤਾ। ■

**ਇੰਚਾਰਜ, ਕੜਾਹ ਪ੍ਰਸ਼ਾਦ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੪੭੮੫੦੫੮੦੦*

ਖ਼ਬਰਨਾਮਾ

## ਬਰਤਾਨੀਆ ਸੰਸਦ ਵੱਲੋਂ ਜਨਗਣਨਾ-੨੦੨੧ ਲਈ ਪਾਸ ਖਰੜੇ 'ਚ ਸਿੱਖਾਂ ਲਈ ਵੱਖਰਾ ਖਾਨਾ ਨਾ ਰੱਖਣਾ ਮੰਦਭਾਗਾ -ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਅੰਮ੍ਰਿਤਸਰ, ੮ ਮਈ : ਬਰਤਾਨੀਆ ਦੀ ਸੰਸਦ ਵੱਲੋਂ ਜਨਗਣਨਾ-੨੦੨੧ ਲਈ ਤਿਆਰ ਕੀਤੇ ਖਰੜੇ ਵਿਚ ਸਿੱਖ ਕੌਮ ਲਈ ਵੱਖਰਾ ਖਾਨਾ ਨਾ ਰੱਖਣ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਮੰਦਭਾਗਾ ਕਿਹਾ ਹੈ। ਜ਼ਿਕਰਯੋਗ ਹੈ ਕਿ ਬੀਤੇ ਦੋ ਦਹਾਕਿਆਂ ਤੋਂ ਸਿੱਖਾਂ ਦੀ ਵੱਖਰੀ ਗਿਣਤੀ ਨੂੰ ਲੈ ਕੇ ਸੰਘਰਸ਼ ਕਰ ਰਹੇ ਸਿੱਖਾਂ ਦੀ ਮੰਗ ਨੂੰ ਸੰਸਦ ਵੱਲੋਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਜਨਗਣਨਾ-੨੦੨੧ ਲਈ ਪ੍ਰਵਾਨ ਕੀਤੇ ਗਏ ਖਰੜੇ ਵਿਚ ਸਿੱਖਾਂ ਨੂੰ ਮੁੜ ਵੱਖਰੀ ਕੌਮ ਦੇ ਤੌਰ 'ਤੇ ਨਹੀਂ ਮੰਨਿਆ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਸਿੱਖਾਂ ਲਈ ਵੱਖਰਾ ਖਾਨਾ ਨਹੀਂ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸਿੱਖਾਂ ਨਾਲ ਧੱਕਾ ਕਰਾਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਪੂਰੀ ਦੁਨੀਆ ਅੰਦਰ ਸਿੱਖਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਬਰਤਾਨੀਆ ਅੰਦਰ ਵੀ ਸਿੱਖ ਦਹਾਕਿਆਂ ਤੋਂ ਦੇਸ਼ ਦੇ ਵਿਕਾਸ ਲਈ ਯੋਗਦਾਨ ਪਾ ਰਹੇ ਹਨ। ਫ਼ੌਜ ਅਤੇ ਪੇਸ਼ੇਵਰ ਕਿੱਤਿਆਂ ਵਿਚ ਸਿੱਖਾਂ ਦੀ ਅਹਿਮ ਭੂਮਿਕਾ ਰਹੀ ਹੈ। ਵਿਸ਼ਵ ਜੰਗ ਵਿਚ ਵੀ ਸਿੱਖਾਂ ਦੀਆਂ ਅਨੇਕਾਂ ਕੁਰਬਾਨੀਆਂ ਹਨ। ਸਿੱਖ ਧਰਮ ਨੂੰ ਖਾਸ ਤੌਰ 'ਤੇ ਨਜ਼ਰਅੰਦਾਜ਼ ਕਰਨਾ ਮੰਦਭਾਗਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਇਹ ਸਿੱਖਾਂ ਦੇ ਯੋਗਦਾਨ ਨੂੰ ਨਕਾਰਨ ਵਾਲੀ ਗੱਲ ਹੈ, ਜਿਸ ਨਾਲ ਬਰਤਾਨੀਆ ਦੇ ਸਿੱਖ ਭਾਈਚਾਰੇ ਅੰਦਰ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਬਰਤਾਨੀਆ ਦੇ ਸਿੱਖ ਆਗੂਆਂ ਜਿਨ੍ਹਾਂ ਵਿਚ ਸ. ਤਨਮਨਜੀਤ ਸਿੰਘ (ਢੇਸੀ) ਤੇ ਬੀਬੀ ਪ੍ਰੀਤ ਕੌਰ (ਗਿੱਲ) ਵਿਸ਼ੇਸ਼ ਹਨ, ਨੇ ਇਸ ਮਾਮਲੇ ਨੂੰ ਸੰਸਦ ਵਿਚ ਉਭਾਰਿਆ, ਪਰੰਤੂ ਫਿਰ ਵੀ ਸਿੱਖਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਬਰਤਾਨੀਆ ਸਰਕਾਰ ਨੂੰ ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ, ਕਿਉਂਕਿ ਹਰ ਧਰਮ ਦੀ ਦੇਸ਼ ਵਿਚ ਸਥਿਤੀ ਬਾਰੇ ਸਪੱਸ਼ਟ ਹੋਣ ਲਈ ਜਨਗਣਨਾ ਵਿਚ ਵੱਖਰਾ ਖਾਨਾ ਜ਼ਰੂਰੀ ਹੈ।

## ਉੱਤਰ ਪ੍ਰਦੇਸ਼ ਦੇ ਮਗਹਰ 'ਚ ਤਾਲਾਬੰਦੀ ਕਾਰਨ ਫਸੇ ਟਰੱਕ ਡਰਾਈਵਰਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ ਲੰਗਰ ਦਾ ਪ੍ਰਬੰਧ

ਸ੍ਰੀ ਅੰਮ੍ਰਿਤਸਰ, ੯ ਮਈ : ਉੱਤਰ ਪ੍ਰਦੇਸ਼ ਅੰਦਰ ਕੋਰੋਨਾ ਮਹਾਂਮਾਰੀ ਦੌਰਾਨ ਕਰਫਿਊ ਕਾਰਨ ਰੁਕੇ ਟਰੱਕ ਡਰਾਈਵਰਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ

ਆਈ ਹੈ। ਯੂ. ਪੀ. ਵਿਚ ਭਗਤ ਕਬੀਰ ਜੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬ ਮਗਹਰ ਗੋਰਖਪੁਰ ਵਿਖੇ ਠਹਿਰੇ ਟਰੱਕ ਡਰਾਈਵਰਾਂ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਸ਼ੀਲ ਸਿੱਖ ਮਿਸ਼ਨ ਹਾਪੁੜ ਵੱਲੋਂ ਮਦਦ ਦੀ ਪਹਿਲਕਦਮੀਂ ਕੀਤੀ ਗਈ ਹੈ। ਇੱਥੇ ਡਰਾਈਵਰਾਂ ਅਤੇ ਸੰਗਤਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਸੇਵਾਵਾਂ ਜਾਰੀ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਨਿਰਦੇਸ਼ਾਂ ਅਨੁਸਾਰ ਯੂ.ਪੀ. ਅੰਦਰ ਸਿੱਖ ਮਿਸ਼ਨ ਵੱਲੋਂ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਜੋ ਲੰਗਰ ਲਈ ਕਾਰਜਸ਼ੀਲ ਹਨ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਬਾਠ ਨੇ ਦੱਸਿਆ ਕਿ ਮਗਹਰ ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਬੀਬੀ ਪਰਮਜੀਤ ਕੌਰ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਅਤੇ ਹੋਰ ਲੋੜੀਂਦੀਆਂ ਸੇਵਾਵਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਯੂ.ਪੀ. ਸਿੱਖ ਮਿਸ਼ਨ ਦੇ ਇੰਚਾਰਜ ਭਾਈ ਬ੍ਰਿਜਪਾਲ ਸਿੰਘ ਦੀ ਦੇਖ-ਰੇਖ 'ਚ ਸੇਵਾਦਾਰ ਡਿਊਟੀਆਂ ਨਿਭਾਅ ਰਹੇ ਹਨ। ਲੰਗਰ ਵਰਤਾਉਣ ਸਮੇਂ ਆਪਸੀ ਦੂਰੀ ਦਾ ਵੀ ਖ਼ਾਸ ਖਿਆਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਮਿਸ਼ਨ ਦੇ ਯੂ.ਪੀ. ਹਾਪੁੜ ਦੇ ਕਰਮਚਾਰੀਆਂ ਨੂੰ ਪ੍ਰਸ਼ਾਸਨ ਦੀਆਂ ਹਦਾਇਤਾਂ ਅਤੇ ਸਿਹਤ ਵਿਭਾਗ ਦੇ ਨਿਰਦੇਸ਼ਾਂ ਦਾ ਪਾਲਣ ਕਰਦਿਆਂ ਸੇਵਾਵਾਂ ਨਿਭਾਉਣ ਲਈ ਆਖਿਆ ਗਿਆ ਹੈ।

## ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਸੁਪਤਨੀ ਬੀਬੀ ਅਮਰਪਾਲ ਕੌਰ ਨਮਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਖੇ ਸ਼ਰਧਾਂਜਲੀ ਸਮਾਗਮ

ਸ੍ਰੀ ਅੰਮ੍ਰਿਤਸਰ, ੧੨ ਮਈ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਧਰਮ ਸੁਪਤਨੀ ਬੀਬੀ ਅਮਰਪਾਲ ਕੌਰ ਨਮਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਅਧਿਕਾਰੀਆਂ ਵੱਲੋਂ ਸ਼ੋਕ ਇਕੱਤਰਤਾ ਕਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕੋਰੋਨਾਵਾਇਰਸ ਦੇ ਚੱਲਦਿਆਂ ਬੀਬੀ ਅਮਰਪਾਲ ਕੌਰ ਦੇ ਭੋਗ ਤੇ ਅੰਤਿਮ ਅਰਦਾਸ 'ਚ ਸ਼ਾਮਲ ਨਾ ਹੋ ਸਕਣ ਕਾਰਨ ਮੈਂਬਰਾਂ ਅਤੇ ਅਧਿਕਾਰੀਆਂ ਵੱਲੋਂ ਸ਼ਰਧਾਂਜਲੀ ਸਮਾਰੋਹ ਦੌਰਾਨ 'ਮੂਲ ਮੰਤਰ' ਅਤੇ 'ਗੁਰ ਮੰਤਰ' ਦੇ ਜਾਪ ਮਗਰੋਂ ਅਰਦਾਸ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਮਨਜੀਤ ਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ, ਮੁੱਖ ਸਕੱਤਰ ਡਾ. ਰੂਪ ਸਿੰਘ ਤੇ ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਨੇ ਬੀਬੀ ਅਮਰਪਾਲ ਕੌਰ ਨੂੰ ਆਪਣੇ ਸ਼ਬਦਾਂ ਰਾਹੀਂ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ

ਰਾਮ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਸ. ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਭਿੱਟੇਵਡ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਬਾਵਾ ਸਿੰਘ ਗੁਮਾਨਪੁਰਾ, ਸਕੱਤਰ ਸ. ਮਨਜੀਤ ਸਿੰਘ ਬਾਠ, ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਪ੍ਰਤਾਪ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਤਿੰਦਰ ਸਿੰਘ, ਸ. ਸੁਲੱਖਣ ਸਿੰਘ ਭੰਗਾਲੀ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਗੁਰਬਚਨ ਸਿੰਘ ਲੇਹਲ, ਸ. ਸਕੱਤਰ ਸਿੰਘ , ਸ. ਗੁਰਮੀਤ ਸਿੰਘ ਬੁੱਟਰ, ਮੈਨੇਜਰ ਸ. ਮੁਖਤਾਰ ਸਿੰਘ ਆਦਿ ਮੌਜੂਦ ਸਨ।

ਇਸੇ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਦੇ ਭਰਾ ਸ. ਧਨਵੰਤ ਸਿੰਘ ਕੜੇਵਾਲੇ ਦੇ ਅਕਾਲ ਚਲਾਣੇ ’ਤੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਫ਼ਸੋਸ ਪ੍ਰਗਟ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਸ. ਧਨਵੰਤ ਸਿੰਘ ਦੇ ਚਲਾਣੇ ਨਾਲ ਪੰਥ ਦੀ ਉੱਘੀ ਸ਼ਖ਼ਸੀਅਤ ਬਾਬਾ ਕੁਲਵੰਤ ਸਿੰਘ ਦੇ ਪਰਵਾਰ ਨੂੰ ਵੱਡਾ ਘਾਟਾ ਪਿਆ ਹੈ। ਉਨ੍ਹਾਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਵੀ ਕੀਤੀ।

## ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਗਿਆਨੀ ਸਵਰਨ ਸਿੰਘ ਦਾ ਦੇਹਾਂਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੁੱਖ ਪ੍ਰਗਟ

ਸ੍ਰੀ ਅੰਮ੍ਰਿਤਸਰ, ੧੯ ਮਈ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਗਿਆਨੀ ਸਵਰਨ ਸਿੰਘ ਦੇ ਅਕਾਲ ਚਲਾਣੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਗਿਆਨੀ ਸਵਰਨ ਸਿੰਘ ਅਚਾਨਕ ਦਿਲ ਦੇ ਦੌਰਾ ਪੈ ਜਾਣ ਕਾਰਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਜੰਮੂ ਵਿਖੇ ਕੀਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ’ਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ ਦੇ ਮੀਤ ਮੈਨੇਜਰ ਸ. ਕੁਲਵਿੰਦਰ ਸਿੰਘ ਨੇ ਦੋਸ਼ਾਲਾ ਭੇਟ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਗਿਆਨੀ ਸਵਰਨ ਸਿੰਘ ਦੇ ਅਕਾਲ ਚਲਾਣੇ ਨੂੰ ਵੱਡਾ ਪੰਥਕ ਘਾਟਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੰਮੂ-ਕਸ਼ਮੀਰ ਅੰਦਰ ਸਿੱਖੀ ਲਹਿਰ ਨੂੰ ਪ੍ਰਚੰਡ ਕਰਨ ਵਿਚ ਗਿਆਨੀ ਸਵਰਨ ਸਿੰਘ ਦਾ ਅਹਿਮ ਯੋਗਦਾਨ ਸੀ। ਉਨ੍ਹਾਂ ਨੇ ਖਿੱਤੇ ਅੰਦਰ ਕਈ ਵੱਡੇ ਗੁਰਮਤਿ ਸਮਾਗਮਾਂ ਤੋਂ ਇਲਾਵਾ ਹਰੇਕ ਗੁਰਦੁਆਰਾ ਸਾਹਿਬਾਨ ਅੰਦਰ ਧਰਮ ਪ੍ਰਚਾਰ ਦੇ ਸਮਾਗਮ ਕੀਤੇ। ਉਨ੍ਹਾਂ ਦੀ ਘਾਟ ਸਿੱਖ ਪੰਥ ਨੂੰ ਹਮੇਸ਼ਾ ਰਹੇਗੀ। ਇਸੇ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਬਾਠ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਸ. ਮਹਿੰਦਰ ਸਿੰਘ ਆਹਲੀ ਤੇ ਹੋਰ ਅਧਿਕਾਰੀਆਂ ਨੇ ਵੀ ਗਿਆਨੀ ਸਵਰਨ ਸਿੰਘ ਦੇ ਚਲਾਣੇ ’ਤੇ ਅਫ਼ਸੋਸ ਪ੍ਰਗਟ ਕੀਤਾ ਹੈ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਜ਼ਿਲ੍ਹਾ ਫਿਰੋਜ਼ਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਬੀਰ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰ ਫਤਿਹ ਗੁਰਮਤਿ ਪ੍ਰਚਾਰ ਵੈਲਫੇਅਰ ਸੁਸਾਇਟੀ, ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ, ਪਿੰਡ ਪੀਰ ਮੁਹੰਮਦ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ੧੬ ਫਰਵਰੀ, ੨੦੨੦ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ, ਇਸ ਅੰਮ੍ਰਿਤ-ਸੰਚਾਰ ਵਿਚ ੧੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਪਿੰਡ ਮਾਣੂੰਕੇ ਗਿੱਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਜਗਸੀਰ ਸਿੰਘ ਰੌਂਤਾਂ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਗੁਰਦੁਆਰਾ ਕਿਆਰਾ ਸਾਹਿਬ, ਪਿੰਡ ਮਾਣੂੰਕੇ ਗਿੱਲ, ਜ਼ਿਲ੍ਹਾ ਮੋਗਾ ਵਿਖੇ ੯ ਫਰਵਰੀ, ੨੦੨੦ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ, ਜਿਸ ਦੌਰਾਨ ੩੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਮੌਕੇ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ।

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੦੯ ਫਰਵਰੀ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੬੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ■